ISSN: 2277-9930

69

ਜੁਲਾਈ-ਸਤੰਬਰ 2021

# ਪ੍ਰਤਿਮਾਨ

ਮੁੱਲ: 50/-





## ਕਲਮ ਦਾ ਮਾਰਗ

ਬਹੁਤ
ਸੌਖੀ ਹੈ ਕਵਿਤਾ ਲਿਖਣੀ
ਕਵਿਤਾ ਹੋਣਾ ਬਹੁਤ
ਔਖਾ ਹੈ
ਬਹੁਤ ਸੌਖੀ ਹੈ
ਕਵਿਤਾ ਲਿਖਣੀ
ਪਰ
ਕਵਿਤਾ ਲਿਖਣਾ
ਕਵਿਤਾ ਹੰਢਾਉਣਾ
ਕਵਿਤਾ ਹੀ ਹੋ ਜਾਣਾ
ਬਹੁਤ ਬਹੁਤ ਹੀ
ਔਖਾ ਹੈ
ਗੱਲਾਂ ਕਰਨੀਆਂ
ਗੱਲਾਂ ਸੁਣਨੀਆਂ
ਖਿਆਲਾਂ ਨੂੰ ਚਿਤਵਣਾ
ਬਹੁਤ ਸੌਖਾ ਹੈ
ਪਰ
ਕੰਡਿਆਂ ਤੇ ਤੁਰਨਾ
ਜ਼ਖ਼ਮਾਂ ਦੀ ਤਾਬ ਝੱਲਣਾ
ਮਾਰੂ-ਥਲਾਂ ਵਿੱਚ ਸੜ ਕੇ ਮਰਨਾ
ਗਰੀਬੀ ਦੀਆਂ ਧੁੱਪਾਂ ਵਿੱਚ ਸੜਨਾ
ਹਰ ਰੋਜ਼
ਕਵਿਤਾ ਬਣ ਮਰਨਾ
ਸੌਖਾ ਨਹੀਂ
ਕਿਉਂਕਿ ਹੁਣ
ਕਲਮਾਂ ਵਿਕਦੀਆਂ ਵੀ ਨੇ
ਡਰ ਨਾਲ ਚੁੱਪ ਵੀ ਹੋ
ਜਾਂਦੀਆਂ ਨੇ
ਪਰ ਜੋ ਕਲਮਾਂ
ਠਹਿਰਦੀਆਂ ਨੇ ਤੂਫ਼ਾਨਾਂ ਅੱਗੇ
ਹਵਾ ਦੇ ਰੁੱਖ ਮੋੜਦੀਆਂ ਨੇ
ਜੋ ਸਿਰ ਚੁੱਕਦੀਆਂ ਨੇ ਤੇ
ਕਲਮ ਹੋ ਜਾਂਦੀਆਂ ਨੇ
ਉਹ ਕਲਮਾਂ
ਬਣਨਾ ਸੌਖਾ ਨਹੀਂ
ਪਰ ਕਵਿਤਾ ਲਿਖਣਾ ਬਹੁਤ ਸੌਖਾ ਹੈ
ਕਵਿਤਾ ਹੋਣਾ ਬਹੁਤ
ਔਖਾ ਹੈ ਪਰ
ਕਰਤਾਰ ਸਿੰਘ ਸਰਾਭੇ ਵਾਂਗਰ
ਕਵਿਤਾ ਲਿਖਣਾ
ਕਵਿਤਾ ਹੰਢਾਉਣਾ
ਕਵਿਤਾ ਗਾਉਣਾ
ਕਵਿਤਾ ਬਣਨਾ ਤੇ
ਇੱਕ ਸਦੀਵੀ ਕਵਿਤਾ ਹੀ ਹੋ ਜਾਣਾ
ਬਹੁਤ ਔਖਾ ਹੈ।

## ਵਾਰਿਸ

ਉਹ ਪੰਜਾਬ ਦੇ
ਵਾਰਿਸ ਕਹਾਉਂਦੇ ਨੇ
ਪਰ ਇਸਦੇ ਰਖਵਾਲੇ ਨਹੀਂ
ਬਣਨਾ ਚਾਹੁੰਦੇ
ਕਿਉਂਕਿ ਉਹਨਾਂ ਨੇ ਤਾਂ
ਚੋਰਾਂ ਨਾਲ ਗੰਢ ਤੁੱਪ
ਕੀਤੀ ਹੋਈ ਹੈ
ਵਾਰਿਸ ਬਣ ਸਭ ਕੁੱਝ
ਵੇਚਣ ਤੇ ਵੱਢਣ ਤੇ ਤੁਲੇ
ਹੋਏ ਨੇ
ਪਰ ਉਹ ਇਹ ਕਿਵੇਂ ਭੁੱਲ
ਸਕਦੇ ਨੇ
ਘਰ ਤਾਂ ਆਖਿਰ ਘਰ ਹੀ ਹੁੰਦਾ ਹੈ
ਜਿੱਥੇ ਉਹਨਾਂ ਨੂੰ ਵੀ ਵਾਪਿਸ
ਪਰਤਣਾ ਪਵੇਗਾ
ਇੱਕ ਦਿਨ
ਸ਼ਾਇਦ ਉਦੋਂ ਤੱਕ
ਬਹੁਤ ਦੇਰ ਹੋ ਚੁੱਕੀ ਹੋਵੇਗੀ
ਜਦੋਂ ਉਹ ਇਹ
ਕਹਾਵਤ ਸਮਝਣਗੇ
ਕਿ-'ਧੋਬੀ ਦਾ ਕੁੱਤਾ ਨਾ
ਘਰ ਦਾ ਨਾ ਘਾਟ ਦਾ'।

## ਖ਼ਾਮੋਸ਼ੀ

ਉਹ ਅੱਖਾਂ
ਕੁੱਝ ਕਹਿੰਦੀਆਂ ਜਾਪੀਆਂ
ਕੁੱਝ ਛੁਪਾਉਂਦੀਆਂ ਜਾਪੀਆਂ
ਉਹ ਜਿਉਣਾਂ ਚਾਹੁੰਦੀਆਂ ਸਨ
ਮਿਟ ਜਾਣਾ ਚਾਹੁੰਦੀਆਂ ਸਨ
ਇੱਕ ਅਹਿਸਾਸ ਸੀ
ਸਦੀਵੀ ਮਿਲਣ ਦਾ
ਉਸਨੂੰ ਦਰਸਾਉਣਾ ਚਾਹੁੰਦੀਆਂ ਸਨ
ਪਰ ਵਿਛੜਨ ਤੋਂ ਡਰਦੀਆਂ
ਆਤਮਾ ਦੀ
ਇਕੱਲਤਾ ਦਾ ਅਹਿਸਾਸ
ਛੁਪਾਉਣਾ ਚਾਹੁੰਦੀਆਂ ਸਨ
ਵਿੱਚੋਂ ਵਿੱਚ
ਖਾਈ ਜਾ ਰਿਹਾ ਸੀ
ਉਹਨਾਂ ਨੂੰ
ਟੁੱਟ ਜਾਣ ਦਾ ਡਰ
ਧਰਤੀ ਵਿੱਚ
ਆਪਣੇ ਆਪ ਨੂੰ ਲੁਕਾਉਣਾ
ਚਾਹੁੰਦੀਆਂ ਸਨ
ਹੰਝੂਆਂ ਦੇ
ਸਮੁੰਦਰ ਨੂੰ ਤਰ ਕੇ ਜੋ
ਲੰਘ ਆਈਆਂ ਸਨ
ਨੈਣਾਂ ਵਿੱਚ ਨੀਰ
ਛੁਪਾਉਣਾ ਚਾਹੁੰਦੀਆਂ ਸਨ
ਉਹ ਅੱਖਾਂ ਕਹਾਣੀ
ਆਪਣੀ ਕਹਿਣਾ
ਚਾਹੁੰਦੀਆਂ ਸਨ
ਪਰ ਕਹਿਣ ਤੋਂ ਡਰਦੀਆਂ
ਸਭ ਕੁੱਝ ਛੁਪਾਉਣਾ
ਚਾਹੁੰਦੀਆਂ ਸਨ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜੁਲਾਈ-ਸਤੰਬਰ 2021 ਅੰਕ 69

**ISSN: 2277-9930**

**RNI No. PUNPUN/2006/16230**



**ਸੰਪਾਦਕ (ਆਨਰੇਰੀ)**

**ਡਾ. ਅਮਰਜੀਤ ਕੌਂਕੇ**

**ਪ੍ਰਬੰਧ ਸੰਪਾਦਕ**

**ਗਗਨਦੀਪ ਸਿੰਘ**



**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in



**ਸਲਾਹਕਾਰ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ ਡਾ. ਆਤਮ ਰੰਧਾਵਾ, ਸੁਰਿੰਦਰ ਗੀਤ (ਕੈਨੇਡਾ)

**TITLE PAINTING BY**

**KUNWAR RAVINDRA**

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com



**ਸਹਿਯੋਗ ਰਾਸ਼ੀ**

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ



PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in



Hon. Editor : Dr. Amarjeet Kaunke


## ਤਰਤੀਬ

### ਸੰਪਾਦਕੀ


ਸੰਕਟਾਂ ਵਿੱਚ ਘਿਰਿਆ ਪੰਜਾਬ / 2


### ਵਿਸ਼ੇਸ਼ ਲੇਖ


ਕਿਸਾਨੀ ਸੰਘਰਸ਼ ਦੀ ਵਿਲੱਖਣਤਾ ਤੇ ਵਿਸ਼ਾਲਤਾ / ਡਾ. ਮੇਹਰ ਮਾਣਕ / 3


### ਸਿਰਜਣ ਪ੍ਰਕਿਰਿਆ


ਮੇਰੀਆਂ ਕਹਾਣੀਆਂ ਕਿਹੜੇ ਬਾਗ ਦੀ ਮੂਲੀ ਹਨ / ਲਾਲ ਸਿੰਘ / 15


### ਕਹਾਣੀਆਂ


ਸੋਲਡ / ਐੱਸ ਸਾਕੀ / 9, ਸਕੂਲ ਟਰਿੱਪ / ਕੁਲਬੀਰ ਬਡੇਸਰੋਂ / 18, ਪੱਤੇ ਝੜਨ ਦਾ ਮੌਸਮ / ਵੰਦਨਾ ਗੁਪਤਾ / 22, ਸਬਕ / ਕਿਰਨ ਗਰਗ, ਮਰਦ ਅੰਜੂ ਖਰਬੰਦਾ / 39


### ਕਵਿਤਾ / ਗ਼ਜ਼ਲ / ਗੀਤ


ਗੁਰਚਰਨ ਸੱਗੂ / 6, ਮਲਕੀਤ ਜੌੜਾ, ਡਾ. ਦੇਵਿੰਦਰ ਬਿਮਰਾ / 7, ਸੁਰਿੰਦਰ ਗੀਤ, ਕੁਲਦੀਪ ਕੌਰ, ਜਸਪਾਲ ਕੌਰ / 8, ਸੁਰੇਸ਼ ਬਰਨਵਾਲ, ਕਿਰਨ ਯਾਦਵ / 12, ਰਾਜੇਸ਼ ਜੋਸ਼ੀ, ਨਿਰੰਜਨ ਸ਼੍ਰੋਤ੍ਰਿਯ, ਵਸੰਤ ਸਕਰਗਾਏ / 13, ਧਰੁਵ ਗੁਪਤ, ਸੋਨਾਲੀ ਮਰਾਠਾ / 14, ਅਗਨੀਸ਼ੇਖਰ / 16, ਗੁਰਮੀਤ ਖੋਖਰ, ਵਿਜੇਤਾ ਭਾਰਦਵਾਜ / 17, ਡਾ. ਸ਼ਰਦ ਸਿੰਘ / 21, ਡਾ.ਵਿਕਰਮਜੀਤ / 27, ਹਰਪ੍ਰੀਤ ਕੌਰ ਸੰਧੂ, ਪੂਨਮ ਕੁਮਾਰੀ / 28, ਡਾ.ਪ੍ਰਭਾ ਕੁਮਾਰੀ / 34, ਅਕਸ਼ੈ ਕੁਮਾਰ / 36, ਜਯੋਤਸਨਾ ਪ੍ਰਦੀਪ / 47


### ਆਲੋਚਨਾ ਨਿਬੰਧ / ਰੀਵੀਊ


ਹਰਜੀਤ ਅਟਵਾਲ ਬ੍ਰਿਟਿਸ਼ ਬੌਰਨ ਦੇਸੀ / ਡਾ. ਸੁਖਵਿੰਦਰ ਕੌਰ / 24, ਇੱਕ ਸੈਕਸ ਵਰਕਰ ਦੀ ਸਵੈਜੀਵਨੀ : ਸਵੈਜੀਵਨੀਮੂਲਕ ਅਧਿਐਨ / ਰਾਜਵੀਰ ਕੌਰ / 29, ਸੁਖਪਾਲ ਕਾਵਿ:ਚੁੱਪ ਦਾ ਕਾਵਿ-ਪ੍ਰਵਚਨ / ਹਰਪ੍ਰੀਤ ਕੌਰ / 32, ਸ਼੍ਰੀ ਮਹਾਰਾਣੀ ਸ਼ਰਾਬ ਕੌਰ : ਭਾਸ਼ਾਈ ਵਿਲੱਖਣਤਾਵਾਂ / ਡਾ. ਕਿਰਨ / 35, ਭਾਰਤੀ ਸਮਾਜ ਵਿੱਚ ਨਾਰੀ ਦਾ ਸਰੂਪ / ਹਰਜਿੰਦਰ ਪਾਲ ਕੌਰ / 37, ਸਭਿਆਚਾਰ ਅਤੇ ਸਭਿਆਚਾਰ ਅਧਿਐਨ ਮਾਡਲ / ਡਾ. ਕਿਰਨਦੀਪ ਕੌਰ / 40, ਵਰਿਆਮ ਮਸਤ ਦੀਆਂ ਨਾਟ-ਜੁਗਤਾਂ / ਲਖਵਿੰਦਰ ਕੌਰ / 42, ਜੋਗਿੰਦਰ ਬਹਾਰਲਾ ਦੇ ਉਪੇਰੇ : ਵਿਸੈਗਤ ਅਧਿਐਨ / ਸੁਖਜਿੰਦਰ ਸਿੰਘ / 44, ਇੱਕ ਚੂੰਢੀ ਅਸਮਾਨ : ਗਗਨ ਮੀਤ ਦੀ ਕਵਿਤਾ / ਡਾ. ਮੋਹਨਜੀਤ / 46, ਨਿੱਕੇ ਨਿੱਕੇ ਈਸਾ : ਜਸਬੀਰ ਢੰਡ / ਡਾ. ਅਮਰ ਕੋਮਲ / 48



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।



## ਸੰਪਾਦਕੀ / ਸੰਕਟਾਂ ਵਿੱਚ ਘਿਰਿਆ ਪੰਜਾਬ

ਪਿਛਲੇ ਕਈ ਮਹੀਨਿਆਂ ਤੋਂ ਪੰਜਾਬ ਦੇ ਰਾਜਨੀਤਕ ਗਲਿਆਰਿਆਂ ਵਿਚ ਚੱਲ ਰਹੀ ਰਾਜਨੀਤਕ ਅਸਥਿਰਤਾ ਅਤੇ ਹਲਚਲ ਸੰਵੇਦਨਸ਼ੀਲ ਨਾਗਰਿਕ ਦੀ ਮਾਨਸਿਕਤਾ ਨੂੰ ਪ੍ਰੇਸ਼ਾਨ ਕਰਨ ਵਾਲੀ ਹੈ। ਇਸ ਅਸਥਿਰਤਾ ਤੇ ਹਲਚਲ ਨੇ ਪੰਜਾਬ ਦੇ ਲੋਕਾਂ ਨੂੰ ਪਹਿਲਾਂ ਤੋਂ ਦਰਪੇਸ਼ ਸਮੱਸਿਆਵਾਂ ਵਿਚ ਵਾਧਾ ਕੀਤਾ ਹੈ। ਚੋਣਾਂ ਦੇ ਨੇੜੇ ਜਾ ਕੇ ਜਿਹੜੇ ਮੁੱਦੇ ਹੱਲ ਹੋਣ ਜਾਂ ਥੋੜੇ ਬਹੁਤ ਵਿਕਾਸ ਦੀ ਜੋ ਆਸ ਬਣੀ ਸੀ, ਉਹ ਵੀ ਮੱਧਮ ਪੈਂਦੀ ਨਜ਼ਰ ਆ ਰਹੀ ਹੈ। ਕਰੋਨਾ ਲਹਿਰ ਦੇ ਉੱਤਰ-ਪ੍ਰਭਾਵਾਂ, ਕਿਸਾਨ ਅੰਦੋਲਨ ਦੇ ਡੈੱਡਲੌਕ ਨੇ ਪੰਜਾਬੀ ਲੋਕਾਂ ਵਿਚ ਬੇਰੁਜ਼ਗਾਰੀ, ਆਰਥਿਕ ਮੰਦਹਾਲੀ ਵਿਚ ਹੋਰ ਵਧੇਰੇ ਵਾਧਾ ਕੀਤਾ ਹੈ। ਸਮਾਜ ਦੇ ਹਰ ਵਰਗ ਵਿਚ ਬੇਚੈਨੀ ਨਿਤ ਦਿਹਾੜੇ ਧਰਨਿਆਂ, ਰੈਲੀਆਂ, ਮੁਜ਼ਾਹਰਿਆਂ ਦੇ ਰੂਪ ਵਿਚ ਸਾਹਮਣੇ ਆ ਰਹੀ ਹੈ। ਵਿਦਿਅਕ ਸੰਸਥਾਵਾਂ ਵਿਚ ਆਨਲਾਈਨ ਪੜ੍ਹਾਈ ਕਾਰਨ ਵਿਦਿਆਰਥੀਆਂ ਦਾ ਜੋ ਨੁਕਸਾਨ ਹੋ ਰਿਹਾ ਹੈ, ਉਸ ਦੇ ਪੰਜਾਬ ਵਾਸੀਆਂ ਨੂੰ ਦੂਰਰਸੀ ਨਤੀਜੇ ਭੁਗਤਣੇ ਪੈਣਗੇ। ਅਜਿਹੇ ਸਮਿਆਂ ਵਿੱਚ ਨਵੀਂ ਸਰਕਾਰ ਦੇ ਗਠਨ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਵਿਧਾਨ ਸਭਾ ਦੀਆਂ ਚੋਣਾਂ ਸਿਰ ਤੇ ਹਨ ਅਤੇ ਨਵੀਂ ਸਰਕਾਰ ਕੋਲ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਬਹੁਤ ਘੱਟ ਸਮਾਂ ਹੈ, ਪਰ ਫਿਰ ਵੀ ਪੰਜਾਬ ਦੇ ਲੋਕਾਂ ਨੂੰ ਹਾਂ ਪੱਖੀ ਬਦਲਾਉ ਦੀ ਕੁਝ ਉਮੀਦ ਨਜ਼ਰ ਆਈ ਹੈ। ਨਵੇਂ ਮੁੱਖ ਮੰਤਰੀ ਸਾਹਬ ਧਰਤੀ ਨਾਲ ਜੁੜੇ ਹੋਏ ਇਨਸਾਨ ਹਨ। ਉਹਨਾਂ ਦੇ ਹੁਣ ਤੱਕ ਦੇ ਐਲਾਨਾਂ ਤੋਂ ਉਹਨਾਂ ਦੀ ਭਾਵਨਾ ਦੀ ਸੁੱਚਤਾ ਜ਼ਾਹਿਰ ਹੁੰਦੀ ਹੈ, ਇਹ ਵੱਖਰੀ ਗੱਲ ਹੈ ਕਿ ਆਲੇ ਦੁਆਲੇ ਦੇ ਹਾਲਾਤ ਉਹਨਾਂ ਦੇ ਕਾਰਜ ਕਰਨ ਲਈ ਕਿੰਨੇ ਕੁ ਸੁਖਾਵੇਂ ਅਤੇ ਸਾਜ਼ਗਰ ਸਿੱਧ ਹੁੰਦੇ ਹਨ। ਉਮੀਦ ਹੈ ਨਵੀਂ ਸਰਕਾਰ ਜ਼ਰੂਰ ਅਜਿਹੇ ਉਸਾਰੂ ਤੇ ਸਿਹਤਮੰਦ ਫੈਸਲੇ ਲਵੇਗੀ, ਜਿਹੜੇ ਪੰਜਾਬ ਨੂੰ ਉਸਦੇ ਸੰਕਟਾਂ ਅਤੇ ਬੇਚੈਨੀ ਵਿਚੋਂ ਕੱਢਣ ਲਈ ਸਾਰਥਕ ਰੋਲ ਅਦਾ ਕਰਨਗੇ, ਇਸੇ ਦੁਆ ਨਾਲ ਅਸੀਂ ਹਥਲਾ ਅੰਕ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਕਰ ਰਹੇ ਹਾਂ।

# ਕਿਸਾਨੀ ਸੰਘਰਸ਼ ਦੀ ਵਿਲੱਖਣਤਾ ਤੇ ਵਿਸ਼ਾਲਤਾ / ਡਾ. ਮੇਹਰ ਮਾਣਕ



ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਹ ਜਿਣਸੀ ਪੈਦਾਵਾਰ ਦੇ ਨਾਲੋ ਨਾਲ ਨਵੀਆਂ ਜੁਗਤਾਂ ਅਤੇ ਜੁਰੱਅਤਾਂ ਨੂੰ ਵੀ ਜਨਮ ਦਿੰਦਾ ਰਿਹਾ ਹੈ, ਭਾਵੇਂ ਇਸ ਦੇ ਹੋਰ ਵੀ ਬਹੁਤ ਸਾਰੇ ਕਾਰਨ ਹਨ ਪਰ ਇਹ ਸੰਘਰਸ਼ਾਂ ਲਈ ਹਮੇਸ਼ਾ ਹੀ ਜਰਖੇਜ਼ ਜ਼ਮੀਨ ਰਹੀ ਹੈ। ਇਸ ਦਾ ਜ਼ਰੱਈ ਘੋਲਾਂ ਦਾ ਬੜਾ ਹੀ ਲੰਮਾ ਇਤਿਹਾਸ ਰਿਹਾ ਹੈ। ਇਸ ਦੇ ਵਿਸਥਾਰ ਵਿੱਚ ਨਾਂ ਜਾਂਦੇ ਹੋਏ, ਜੇਕਰ ਆਜ਼ਾਦੀ ਤੋਂ ਬਾਅਦ ਦੇ ਪੰਜਾਬ ਦੀ ਧਰਤੀ ਚੋਂ ਉਪਜੇ ਅੰਦੋਲਨਾਂ ਤੇ ਨਜ਼ਰ ਮਾਰੀਏ ਤਾਂ ਇਸ ਨੇ ਆਰਥਿਕ ਤੇ ਸਮਾਜਿਕ ਅਧਾਰਾਂ ਵਾਲੇ ਦੋ ਕਿਸਮ ਦੇ ਮੁੱਖ ਕਿਸਾਨੀ ਅੰਦੋਲਨਾਂ ਨੂੰ ਜਨਮ ਦਿੱਤਾ ਹੈ। ਜਿੰਨ੍ਹਾ ਵਿੱਚ ਇੱਕ ਉਹ ਅੰਦੋਲਨ ਹਨ ਜੋ ਜ਼ਮੀਨ, ਦਿਹਾੜੀ, ਵਗਾਰ, ਲੁੱਟ ਅਤੇ ਧੌਂਸ ਦੇ ਮੁੱਦਿਆਂ ਉੱਤੇ ਪੈਦਾ ਹੋਏ, ਛੋਟੀ ਗਰੀਬ ਕਿਸਾਨੀ ਦੇ ਅੰਦੋਲਨ ਹਨ ਜੋ ਪੇਂਡੂ ਖੇਤਰਾਂ ਵਿਚਲੀ ਉਪਰਲੀ ਕਿਸਾਨੀ ਅਤੇ ਗੈਰ ਕਿਸਾਨੀ ਵਰਗਾਂ ਦੀ ਲੁੱਟ ਦੇ ਖਿਲਾਫ਼ ਲੜੇ ਗਏ ਅਤੇ ਦੂਜੇ ਉਹ ਅੰਦੋਲਨ ਹਨ ਜਿਹੜੇ ਹਰੇ ਇਨਕਲਾਬ ਦੇ ਸਿੱਟਿਆਂ ਦੀ ਪੈਦਾਵਾਰ ਦੇ ਰੂਪ ਵਿੱਚ ਵੇਖੇ ਜਾ ਸਕਦੇ ਹਨ ਜਿਨ੍ਹਾਂ ਦਾ ਮੁੱਖ ਅਧਾਰ ਧਨੀ ਅਤੇ ਦਰਮਿਆਨੀ ਕਿਸਾਨੀ ਸੀ, ਜ਼ੋ ਮੰਡੀ ਦੀ ਲੁੱਟ ਦੇ ਖਿਲਾਫ਼ ਭਾਅ/ਰੇਟਾਂ ਦੇ ਮਸਲੇ ਤੇ ਮੁੱਖ ਤੌਰ ਤੇ ਲੜੇ ਗਏ। ਅਕਾਦਮਿਕ ਖੇਤਰ ਵਿੱਚ ਪਹਿਲੇ ਕਿਸਮ ਦੇ ਅੰਦੋਲਨਾਂ ਨੂੰ 'ਪੀਜੈਂਟ ਅੰਦੋਲਨ' ਮੰਨਿਆ ਗਿਆ ਹੈ ਜਦ ਕਿ ਦੂਸਰੇ ਕਿਸਮ ਦੇ ਅੰਦੋਲਨਾਂ ਨੂੰ 'ਫਾਰਮਰਜ਼ ਅੰਦੋਲਨ' ਮੰਨਿਆ ਗਿਆ ਹੈ ਕਿਉਂਕਿ ਦੋਹਾਂ ਦੇ ਅਧਾਰ,ਮੁੱਦੇ, ਨਿਸ਼ਾਨੇ ਤੇ ਨਜ਼ਰੀਏ  ਵਿੱਚ ਬੁਨਿਆਦੀ ਫਰਕ ਹੋਣ ਕਰਕੇ, ਇਨਾਂ ਨੂੰ ਦੋ ਵੱਖ ਵੱਖ ਕੈਟਾਗਰੀਆਂ ਵਿੱਚ ਰੱਖਿਆ ਗਿਆ ਹੈ। ਪਹਿਲੇ ਕਿਸਮ ਦੇ ਅੰਦੋਲਨਾਂ ਦੀ ਅਗਵਾਈ ਕਮਿਉਨਿਸਟ ਵਿਚਾਰਧਾਰਾ ਨਾਲ ਸਬੰਧਤ ਨੇਤਾ ਕਰਦੇ ਰਹੇ ਹਨ ਅਤੇ 'ਫਾਰਮਰਜ ਅੰਦੋਲਨ' ਦੀ ਅਗਵਾਈ ਕਿਸੇ ਇੱਕ ਵਿਚਾਰਧਾਰਾ ਤੋਂ ਪ੍ਰਭਾਵਿਤ ਨਾ ਹੋਕੇ ਮੁੱਖ ਰੂਪ ਵਿੱਚ ਗੈਰ ਮਾਰਕਸਵਾਦੀ ਵਿਚਾਰਧਾਰਾ ਵਾਲੇ ਆਗੂਆਂ ਹੱਥ ਰਹੀ ਹੈ ਜੋਂ ਕਿ ਕਿਸਾਨੀ ਨੂੰ ਨਿਰੋਲ ਇੱਕੋ ਹੀ ਆਰਥਿਕ ਜਮਾਤ ਮੰਨਦੇ ਹਨ।

'ਪੀਜੈਂਟ ਅੰਦੋਲਨ' ਦਾ ਇਤਹਾਸ ਬੜਾ ਹੀ ਲੰਮਾ ਅਤੇ ਸ਼ਾਨਾਮੱਤਾ ਰਿਹਾ ਹੈ ਪਰ 'ਫਾਰਮਰਜ ਅੰਦੋਲਨ' ਦਾ ਭਾਰਤੀ ਕਿਸਾਨ ਯੂਨੀਅਨ ਦੇ ਰੂਪ ਵਿੱਚ ਉਭਾਰ ਵੀ ਬਹੁਤ ਹੀ ਪ੍ਰਭਾਵਸ਼ਾਲੀ ਸੀ। 1984 ਦੇ ਪੰਜਾਬ ਦੇ ਗਵਰਨਰ ਦੇ ਮਿਸਾਲੀ ਘਿਰਾਓ ਤੋਂ ਕੁੱਝ ਸਮੇਂ ਬਾਅਦ, ਇਹ ਗੈਰਵਿਚਾਧਾਰਕ ਮਤਭੇਦਾਂ ਕਾਰਨ ਆਪਸੀ ਪਾਟੋਧਾੜ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਈ। ਭਾਰਤੀ ਕਿਸਾਨ ਯੂਨੀਅਨ ਜੋ ਕਿਸੇ ਸਮੇਂ ਧਨੀ ਕਿਸਾਨੀ ਦੀ ਨਿਰੋਲ ਅਤੇ ਨਿੱਗਰ ਗੈਰ ਰਾਜਸੀ ਜਥੇਬੰਦੀਆਂ ਮੰਨੀ ਜਾਂਦੀ ਸੀ, ਉਹ ਸ਼ਖ਼ਸੀ ਅਤੇ ਸਿਆਸੀ ਮਾਰ ਹੇਠ ਆਉਣ ਕਰਕੇ ਹੁਣ ਦਰਜਣ ਦੇ ਕਰੀਬ ਭਾਰਤੀ ਕਿਸਾਨ ਯੂਨੀਅਨਾਂ ਦੇ ਰੂਪ ਵਿੱਚ ਵੇਖੀ ਜਾ ਸਕਦੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਬਹੁਤੇ ਧੜੇ ਗੈਰ ਸਿਆਸੀ ਨਾ ਹੋ ਕੇ ਅਸਿਧੇ ਤੌਰ ਤੇ ਉਘੜਵੇਂ ਰੂਪ ਵਿੱਚ ਆਪਣੇ ਸਿਆਸੀ ਰੰਗ ਬਿਖੇਰਦੇ ਸਹਿਜੇ ਹੀ ਵੇਖੇ ਜਾ ਸਕਦੇ ਹਨ ਜਿਨ੍ਹਾਂ  ਦਾ ਅਧਾਰ ਵੀ ਵੱਖੋ ਵੱਖਰੇ ਇਲਾਕਿਆਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ।

ਛੋਟੀ ਕਿਸਾਨੀ  ਲਈ ਲੜਾਈ ਲੜਨ ਦਾ ਦਾਅਵਾ ਕਰਨ ਵਾਲੀਆਂ ਵੱਖ-ਵੱਖ ਨੁਮਾਇੰਦਾ ਜਥੇਬੰਦੀਆਂ ਦਾ ਬਿਖਰਾਅ ਵੀ ਹੁਣ ਕਿਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ ਦੀ ਹੋਣੀ ਤੋਂ ਵੱਖਰਾ ਨਹੀਂ। ਹੋਰ ਤਾਂ ਹੋਰ ਇਹ ਜਥੇਬੰਦੀਆਂ ਵੀ ਪਿਛਲੇ ਦੋ ਦਹਾਕਿਆਂ ਤੋਂ ਉਨ੍ਹਾਂ ਹੀ ਮੁੱਦਿਆਂ ਤੇ ਲੜਦੀਆਂ ਵੇਖੀਆਂ ਜਾ ਸਕਦੀਆਂ ਹਨ, ਜਿਨ੍ਹਾਂ ਤੇ ਭਾਰਤੀ ਕਿਸਾਨ ਯੂਨੀਅਨ ਲੜਦੀ ਆਈ ਹੈ ਜਿਵੇਂ ਖਾਦਾਂ, ਬੀਜਾਂ, ਮਸ਼ੀਨਰੀ ਅਤੇ ਜਿਣਸਾਂ ਆਦਿ ਦੇ ਰੇਟਾਂ ਦੇ ਮਸਲੇ। ਇਹ ਸਾਰਾ ਕੁੱਝ ਜਾਣ ਬੁੱਝ ਕੇ ਨਹੀਂ ਹੋਇਆ, ਸਗੋਂ ਜ਼ਮੀਨੀ ਹਾਲਤਾਂ ਸਦਕਾ ਵਾਪਰਿਆ ਕਿਉਂਕਿ ਪੈਦਾਵਾਰੀ ਦੇ ਸਬੰਧ ਬਦਲ ਗਏ ਅਤੇ ਮੰਡੀ ਦੇ ਵਿਉਪਾਰਕ ਰਿਸ਼ਤਿਆਂ ਨੇ ਪਿੰਡ ਪੱਧਰੀ ਜ਼ਮੀਨੀ ਵਿਰੋਧਤਾਈ ਨੂੰ ਦੂਸਰੇ ਦਰਜੇ ਉਤੇ ਧੱਕ ਦਿੱਤਾ ਅਤੇ ਉਸ ਨੇ ਸਮੁੱਚੀ ਕਿਸਾਨੀ ਨੂੰ ਆਪਣੇ ਖਿਲਾਫ਼ ਖੜ੍ਹਾ ਹੋਣ ਲਈ ਜ਼ਮੀਨ ਤਿਆਰ ਕਰ ਦਿੱਤੀ। ਸੋ ਹੁਣ ਦੇ ਦੌਰ ਵਿੱਚ ਸਾਰੀਆ ਕਿਸਾਨ ਯੂਨੀਅਨਾਂ, ਮੰਡੀ ਦੇ ਖਿਲਾਫ਼ ਖੜ੍ਹੀਆਂ ਹੋ ਗਈਆਂ ਹਨ।ਭਾਰਤੀ ਕਿਸਾਨ ਯੂਨੀਅਨ ਦੀ ਪੁਰਾਣੀ ਲੀਡਰਸ਼ਿਪ ਜੋ ਕਦੇ ਖੁੱਲੀ ਮੰਡੀ ਦੀ ਵਕਾਲਤ ਕਰਦਿਆਂ ਸਰਕਾਰੀ ਦਖਲਅੰਦਾਜ਼ੀ ਨੂੰ 'ਵਿਕਾਸ' ਦੇ ਰਾਹ ਦਾ ਰੋੜਾ ਮੰਨਦੀ ਸੀ, ਅੱਜ ਉਸੇ ਸੰਸਾਰ ਖੁੱਲੀ ਮੰਡੀ ਦੇ ਖਿਲਾਫ਼ ਖੜ੍ਹੀ ਵੇਖੀ ਜਾ ਸਕਦੀ ਹੈ। ਸੋ ਇਸ ਤਰ੍ਹਾਂ ਅਜੀਬ ਹਾਲਾਤਾਂ ਨੇ ਪੁਰਾਣੀਆਂ ਧਾਰਨਾਵਾਂ ਅਤੇ ਸੰਕਲਪਾਂ ਨੂੰ ਰੱਦ ਕਰਦਿਆਂ ਅਕਾਦਮਿਕ ਖੇਤਰ ਨੂੰ ਨਵੇਂ ਸਿਰਿਓ ਨਵੀਆਂ ਧਾਰਨਾਵਾਂ ਅਤੇ ਸੰਕਲਪਾਂ ਨੂੰ ਘੜਨ ਲਈ ਮਜਬੂਰ ਕਰ ਦਿੱਤਾ ਹੈ।

ਵਿਕਾਸ ਦੇ ਇਸ ਮਾਡਲ ਨੇ ਆਪਣੇ ਮਾਰੂ ਸਿੱਟਿਆਂ ਰਾਹੀਂ ਸਮੁੱਚੇ ਖੇਤੀ ਖੇਤਰ ਨੂੰ ਗਹਿਰੀ ਚਿੰਤਾ ਵਿੱਚ ਪਾ ਦਿੱਤਾ। ਨਵ ਉਦਾਰੀਕਰਨ ਨੇ ਅਜੀਬ ਜਿਹੀ ਬੇਵਸੀ ਵਾਲੀ ਹਾਲਤ ਪੈਦਾ ਕਰ ਦਿੱਤੀ। ਕੌਮਾਂਤਰੀ ਤਾਕਤਾਂ ਦੀ ਤਾਕਤ, ਲੁੱਟ ਅਤੇ ਦਾਬੇ ਸਾਹਮਣੇ ਛੋਟੀ ਕਿਸਾਨੀ ਤਾਂ ਕੀ ਵੱਡੀ ਕਿਸਾਨੀ ਵੀ ਪਿਸਣੀ ਸ਼ੁਰੂ ਹੋ ਗਈ। ਵੱਡੀ ਕਿਸਾਨੀ ਜੋ ਕਿਸੇ

ਸਮੇਂ ਹੋਰ ਧੰਦਿਆਂ ਵੱਲ ਵੱਧ ਕੇ ਆਪਣੀ ਵੱਖਰੀ ਸ਼ਾਨਦਾਰ ਪਛਾਣ ਬਣਾ ਕੇ ਰੱਖਣਾ ਚਾਹੁੰਦੀ ਸੀ, ਉਹ ਵੀ ਬੇਵੱਸੀ ਦੇ ਆਲਮ ਵਿੱਚ ਧਸਦੀ ਜਿਸ ਰਹੀ ਹੈ। ਹਾਕਮਾਂ ਦੀ ਕਾਰਪੋਰੇਟਰਾਂ ਨਾਲ ਸਾਂਝ ਅਤੇ ਉਨ੍ਹਾਂ ਦੇ ਹਿੱਤ ਪੂਰਨ ਲਈ ਬਣਾਈਆਂ ਨੀਤੀਆਂ ਕਾਰਨ, ਅਰਥਚਾਰਾ ਚੌਪਟ ਹੁੰਦਾ ਚਲਾ ਗਿਆ ਅਤੇ ਦੂਜੇ ਬੰਨੇ ਜਥੇਬੰਦੀਆਂ ਦੇ ਬਿਖਰਾਅ ਦੇ ਨਾਲੋ ਨਾਲ ਸਮਾਜਕ ਭਾਈਚਾਰਾ, ਪਰਿਵਾਰ ਅਤੇ ਜੀਵਨ ਵੀ ਨਿੱਖੜਦਾ ਤੇ ਬਿਖਰਦਾ ਚਲਾ ਗਿਆ। ਮੰਡੀ ਵਿੱਚ ਮੁਕਾਬਲੇ ਦੇ ਅਸੂਲਾਂ ਨੇ ਮਨੁੱਖ ਅੰਦਰ ਬੇਵਸੀ, ਇਕੱਲਤਾ ਅਤੇ ਅਜੀਬ ਜਿਹਾ ਖਲਾਅ ਪੈਦਾ ਕਰ ਦਿੱਤਾ। ਜਿਸ ਦਾ ਸਿੱਟਾ ਗੰਭੀਰ ਅਦਿੱਖ ਮਾਨਸਿਕ ਉਦਾਸੀ ਵਿੱਚ ਨਿੱਕਲਿਆ।ਇਸ ਮਾਨਸਿਕ ਬਿਮਾਰੀ ਦੀ ਲਪੇਟ ਵਿੱਚ ਆਏ ਹਜ਼ਾਰਾਂ ਕਿਸਾਨ ਅਤੇ ਖੇਤ ਮਜ਼ਦੂਰ ਆਤਮ-ਹੱਤਿਆ ਕਰ ਗਏ। ਇਸ ਗੱਲ ਦੀ ਤਾਇਦ ਬਹੁਤ ਸਾਰੇ ਅਧਿਐਨ ਕਰ ਚੁੱਕੇ ਹਨ। ਹੋਰ ਤਾਂ ਹੋਰ ਇਹ ਵਰਤਾਰਾ ਇਕੱਲਾ ਪੰਜਾਬ ਵਿੱਚ ਹੀ ਨਹੀਂ ਵਾਪਰਿਆ, ਸਗੋਂ ਹੋਰ ਪਰਦੇਸਾਂ ਅਤੇ ਦੇਸ਼ਾਂ ਵਿੱਚ ਵੀ ਵੇਖਣ ਨੂੰ ਮਿਲਿਆ। ਜਿਸ ਦਾ ਮੁੱਖ ਕਾਰਨ ਖੇਤੀ ਸੈਕਟਰ ਨਾਲ ਭੇਦ-ਭਾਵ ਅਤੇ ਇਸ ਦੀ ਬੇਵਸੀਆਂ ਦਾ ਆਲਮ ਬਣਿਆ। ਬਹੁਤ ਸਾਰੇ ਅਧਿਐਨ ਇਸ ਪੱਖ ਨੂੰ ਤੱਥਾਂ ਸਾਹਿਤ ਸਾਬਤ ਕਰ ਚੁੱਕੇ ਹਨ ਕਿ ਨਵ-ਉਦਾਰੀਕਰਨ ਦੇ ਨਿਜ਼ਾਮ ਨੇ ਪੇਂਡੂ ਖੇਤਰਾਂ ਦੀ ਬਹੁਤ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਮਾਨਸਿਕ ਤਬਾਹੀ ਕੀਤੀ ਹੈ। ਇਹ ਉਹ ਵਿਸ਼ੇਸ਼ ਵਿਚਾਰਧਾਰਕ ਮਾਡਲ ਹੈ ਜਿਸ ਦਾ ਮਕਸਦ ਖੁੱਲੀ ਸੰਸਾਰ ਮੰਡੀ ਰਾਹੀਂ, ਪਛੜੇ ਦੇਸ਼ਾਂ ਦੇ ਲੋਕਾਂ ਅਤੇ ਉਨ੍ਹਾਂ ਦੇ ਸਰੋਤਾਂ ਦੀ ਲੁੱਟ ਕਰਦਿਆਂ, ਆਪਣੀ ਸਰਦਾਰੀ ਸਥਾਪਤ ਕਰਨਾ ਹੈ। ਪਛੜੇ ਹੋਏ ਮੁਲਕਾਂ ਦੀਆਂ ਸਰਕਾਰਾਂ ਨੂੰ ਆਪਣੀਆਂ ਪਿਛਲੱਗੂ ਬਣਾ ਕੇ, ਵੱਡੇ ਹਿੱਤ ਪੂਰੇ ਜਾਂਦੇ ਹਨ। ਅਜਿਹੀ ਹਾਲਤ ਵਿੱਚ ਪਛੜੇ ਮੁਲਕਾਂ ਵਿੱਚਲੀਆਂ ਸਰਕਾਰਾਂ ਦੇ ਰਾਜਸੀ ਆਗੂ, ਵੱਡੀਆਂ ਕੰਪਨੀਆਂ ਦੇ ਜੀ ਹਜ਼ੂਰੀਏ ਬਣਦੇ ਹੋਏ, ਆਪਣੇ ਅਵਾਮ ਨੂੰ ਗੁੰਮਰਾਹ ਕਰਦਿਆਂ ਇਸ ਨੂੰ ਵਿਕਾਸ ਦਾ ਮਾਡਲ ਦੱਸਦੇ ਹਨ।ਸੋ ਮੌਜੂਦਾ ਕਿਸਾਨੀ ਅੰਦੋਲਨ ਲਗਾਤਾਰ ਹੁੰਦੀ ਲੁੱਟ-ਖਸੁੱਟ, ਵੱਧ ਰਿਹਾ ਦਾਬੇ ਦਾ ਇੱਕ ਉੱਭਰਵਾਂ ਪ੍ਰਗਟਾਓ ਹੈ।


ਇਹ ਗੱਲ ਹੁਣ ਕਿਸੇ ਤੋਂ ਛੁਪੀ ਨਹੀਂ ਕਿ ਮੌਜੂਦਾ ਭਾਰਤੀ ਸੱਤਾਧਾਰੀ ਪਾਰਟੀ ਕੋਲ ਨਾ ਹੀ ਕੋਈ ਸਾਰਥਕ ਆਰਥਿਕ ਸਿਆਸੀ ਅਜੰਡਾ ਹੈ ਅਤੇ ਨਾ ਹੀ ਕੋਈ ਜਿੰਮੇਵਾਰਾਨਾ ਸੂਝ ਹੈ। ਇਸ ਦੀ ਬੇਹੂਦਾ ਤੁੱਕਾ ਮਾਰ ਰਾਜਨੀਤੀ ਕਾਰਨ ਜਿੱਥੇ ਦੇਸ਼ ਦੇ ਹਾਲਾਤ ਤਾਂ ਪਹਿਲਾਂ ਹੀ ਨਾਜ਼ੁਕ ਬਣ ਰਹੇ ਸਨ ਉੱਥੇ ਕਰੋਨਾ ਦੀ ਆਮਦ ਨੇ ਮਾਰ ਖਾ ਰਹੀ ਮੌਜੂਦਾ ਸਰਕਾਰ ਲਈ ਰਾਹਤ ਦਾ ਮੌਕਾ ਪ੍ਰਦਾਨ ਕਰਦਿਆਂ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਰਸਤੇ ਖੋਹਲ ਦਿੱਤੇ ।ਐਨ ਆਰ ਸੀ ਅਤੇ ਸੀ ਏ ਏ ਵਿਰੋਧੀ ਅੰਦੋਲਨ ਜੋ ਉਸ ਸਮੇਂ ਆਪਣੇ ਜੋਬਨ ਉੱਤੇ ਸੀ, ਕਰੋਨਾ ਦੀ ਆੜ ਹੇਠ ਖਿੰਡਾਅ ਦਿੱਤਾ ਗਿਆ ਅਤੇ ਨਾਲ ਹੀ ਕੇਂਦਰ ਸਰਕਾਰ ਨੇ ਕਾਨੂੰਨੀ ਤੌਰ ਤੇ ਜਨਤਕ ਥਾਵਾਂ ਤੇ ਲੋਕਾਂ ਦੇ ਇਕੱਠੇ ਹੋਣ ਤੇ ਪਾਬੰਦੀ ਲਗਵਾ ਦਿੱਤੀ। ਚੁਫੇਰੇ ਪਸਰ ਚੁੱਕੇ ਬਿਮਾਰੀ ਦੇ ਭੈ ਕਾਰਨ, ਕੇਂਦਰ ਸਰਕਾਰ ਨੂੰ ਇਹ ਲੱਗਿਆ ਕਿ ਉਹ ਹੁਣ ਜਿਹੜਾ ਮਰਜ਼ੀ ਕਾਨੂੰਨ ਲਿਆਵੇ, ਲੋਕ ਸੰਗਠਤ ਰੂਪ ਵਿੱਚ ਉਸ ਦਾ ਵਿਰੋਧ ਨਹੀਂ ਕਰ ਸਕਣਗੇ। ਇਸ ਲਈ ਸਰਕਾਰ ਨੂੰ ਆਪਣੇ ਆਰਡੀਨੈਂਸ ਜਾਰੀ ਕਰਨ ਲਈ ਹਾਲਾਤ ਢੁਕਵੇਂ ਤੇ ਸਾਜ਼ਗਾਰ ਲੱਗੇ ਅਤੇ ਉਸ ਨੇ ਬਿਨਾਂ ਕਿਸੇ ਦੇਰੀ ਤੋਂ) ਖੇਤੀ ਉਪਜ ਵਪਾਰ ਅਤੇ ਵਣਜ (ਉਤਸ਼ਾਹ ਅਤੇ ਸਹਾਇਕ) ਆਰਡੀਨੈਂਸ-2020) ਕੀਮਤ ਗਰੰਟੀ ਅਤੇ ਖੇਤੀ ਸੇਵਾਵਾਂ ਸਬੰਧੀ (ਕਿਸਾਨ ਸ਼ਕਤੀਕਰਨ) ਅਤੇ ਸੁਰੱਖਿਆ ਆਰਡੀਨੈਂਸ-2020) ਅਤੇ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ-2020 ਤਿੰਨ ਆਰਡੀਨੈਂਸ 3 ਜੂਨ 2020 ਨੂੰ ਪਾਸ ਕਰਵਾ ਲਏ ਜਿਨ੍ਹਾਂ ਉਤੇ 5 ਜੂਨ ਨੂੰ ਰਾਸ਼ਟਰਪਤੀ ਤੋਂ ਮੁਹਰ ਵੀ ਲਗਵਾ ਲਈ ।

ਸਰਕਾਰ ਨੇ ਆਪਣੇ ਇਨ੍ਹਾਂ ਕਾਨੂੰਨਾਂ ਰਾਹੀਂ ਕਾਰਪੋਰੇਟਰਾਂ ਨੂੰ ਸਰਕਾਰੀ ਮੰਡੀਆਂ ਤੋਂ ਬਾਹਰ ਖਰੀਦ ਕਰਨ ਦੀ ਖੁੱਲ੍ਹ ਦੇ ਕੇ, ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਦਿਆਂ, ਟੈਕਸਾਂ ਤੋਂ ਰਹਿਤ ਖਰੀਦ ਕਰਕੇ ਮਨਮਰਜ਼ੀ ਸਟਾਕ ਜਮਾਂ ਕਰਨ ਦੀ ਖੁੱਲ੍ਹੀ ਛੋਟ ਦੇ ਦਿੱਤੀ ਗਈ। ਇਨਾਂ ਆਰਡੀਨੈਂਸਾਂ ਰਾਹੀਂ ਕੇਂਦਰ ਸਰਕਾਰ ਨੇ ਜਿੱਥੇ ਕਿਸਾਨੀ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਸੁਵਿਧਾ ਗਾਇਬ ਕਰ ਦਿੱਤੀ ਉਥੇ ਉਸ ਦੇ ਹੀ ਨਿਆਂਇਕ ਪ੍ਰਣਾਲੀ ਦੇ ਹੱਕ ਨੂੰ ਖੋਹਦਿਆਂ ਉਸ ਦੇ ਨਾਲ ਹੀ ਖੇਤੀ ਸੈਕਟਰ ਨੂੰ ਰਾਜਾਂ ਦੇ ਅਧਿਕਾਰ ਖੇਤਰ ਤੋਂ ਵੀ ਬਾਹਰ ਕਰ ਦਿੱਤਾ।ਇਸ ਦਾ ਭਾਰਤ ਦੀਆਂ ਕਿਸਾਨ ਜਥੇਬੰਦੀਆਂ ਨੇ ਆਮ ਕਰਕੇ ਅਤੇ ਪੰਜਾਬ ਦੀਆਂ ਸਾਰੀਆਂ ਕਿਸਾਨ ਜੱਥੇਬੰਦੀਆਂ ਨੇ ਖਾਸ ਕਰਕੇ ਗੰਭੀਰ ਨੋਟਿਸ ਲਿਆ। ਪੰਜਾਬ ਵਿੱਚ ਜੂਨ ਮਹੀਨੇ ਤੋਂ ਹੀ ਜਾਗਰੂਕਤਾ ਮੁਹਿੰਮ ਸ਼ੁਰੂ ਹੋ ਗਈ ਜੋ 24 ਸਤੰਬਰ ਤੋਂ ਜਨਤਕ ਰੈਲੀਆਂ ਦਾ ਰੂਪ ਧਾਰਨ ਕਰਦੀ ਹੋਈ ਇੰਨਾ ਜਬਰਦਸਤ ਜਥੇਬੰਦ ਹੋਈ ਜਿਸ ਦਾ ਕਿਸੇ ਨੂੰ ਕੋਈ ਅੰਦਾਜ਼ਾ ਵੀ ਨਹੀਂ ਸੀ। ਕਿਸਾਨੀ ਦਾ ਸਾਂਝਾ ਮਸਲਾ ਹੋਣ ਕਰਕੇ, ਸਾਰੀਆਂ ਜਥੇਬੰਦੀਆਂ ਵਿੱਚ ਕਮਾਲ ਦਾ ਤਾਲਮੇਲ ਵੇਖਣ ਲਈ ਸਾਹਮਣੇ ਆਇਆ। ਵੱਖ ਵੱਖ ਪੜਾਵਾਂ ਵਿੱਚੀਂ ਗੁਜਰਦੀ ਹੋਈ ਇਹ ਮੁਹਿੰਮ 'ਦਿੱਲੀ ਚਲੋ' ਦੇ ਨਾਅਰੇ ਉੱਤੇ ਪੁੱਜ ਗਈ। ਹਰਿਆਣਾ ਸਰਕਾਰਾਂ ਨੇ ਕੌਮੀ ਮਾਰਗ ਉੱਤੇ ਬਥੇਰੀਆਂ ਰੋਕਾਂ ਖੜ੍ਹੀਆਂ ਕੀਤੀਆਂ ਪਰ ਸਾਂਝੀਆਂ ਕੋਸ਼ਿਸ਼ਾਂ ਸਦਕਾ ਕਿਸਾਨਾਂ ਨੇ ਹਰਿਆਣਾ ਸਰਕਾਰ ਦੀਆਂ ਸਾਰੀਆਂ ਜ਼ਬਰਦਸਤ ਰੋਕਾਂ ਨੂੰ ਤੋੜਦਿਆਂ, 26 ਨਵੰਬਰ ਨੂੰ ਜਾ ਦਿੱਲੀ

ਘੇਰ ਲਈ। ਇਸ ਅੰਦੋਲਨ ਨੂੰ ਜਿਥੇ ਪੰਜਾਬ ਦੇ ਬਾਸ਼ਿੰਦਿਆਂ ਦੀਆਂ ਵੱਖ-ਵੱਖ ਪਰਤਾਂ ਨੇ ਸਾਥ ਦਿੱਤਾ ਉਥੇ ਹੀ ਹਰਿਆਣੇ ਦੇ ਕਿਸਾਨਾਂ ਨੇ ਕਮਾਲ ਦਾ ਸਹਿਯੋਗ ਦਿੱਤਾ ਜਿਸ ਸਦਕਾ ਪੰਜਾਬ ਦੇ ਕਿਸਾਨ ਆਪਣਾ ਬਣਾਇਆ ਪ੍ਰੋਗਰਾਮ ਨੇਪਰੇ ਚਾੜ੍ਹਨ 'ਚ ਕਾਮਯਾਬ ਹੋਏ । ਇਸ ਸਭ ਕੁੱਝ ਨੂੰ ਵੇਖਦਿਆਂ ਯੂ ਪੀ ਅਤੇ ਰਾਜਸਥਾਨ ਦੇ ਕਿਸਾਨਾਂ ਨੇ ਵੀ ਦਿੱਲੀ ਮਾਰਗਾਂ ਦੀ ਨਾਕੇਬੰਦੀ ਕਰਦਿਆਂ ਇਸ ਚੱਲ ਰਹੇ ਅੰਦੋਲਨ ਨੂੰ ਹੋਰ ਤਾਕਤ ਬਖ਼ਸ਼ ਦਿੱਤੀ। ਇਸ ਅੰਦੋਲਨ ਨੇ ਸਿਰਜੇ ਪ੍ਰਾਂਤਕ ਵਿਰੋਧਾਂ ਨੂੰ ਵੀ ਨੇਸਤੋਨਾਬੂਦ ਕਰ ਦਿੱਤਾ। ਵੱਖ ਵੱਖ ਬਾਡਰਾਂ ਉੱਤੇ ਧਰਨਾ ਬਿਨਾਂ ਕਿਸੇ ਵਿਘਨ ਤੋਂ ਜਾਰੀ ਹੈ ਜਿਸ ਦਾ ਆਮ ਨਾਗਰਿਕਾ ਵੱਲੋਂ ਵੀ ਸਹਿਯੋਗ ਵੇਖਣ ਨੂੰ ਮਿਲ ਰਿਹਾ ਹੈ। ਅੰਤਾਂ ਦੀ ਸਰਦੀ ਵਿੱਚ ਲੋਕ ਘਰ ਬਾਰ ਛੱਡ ਕੇ , ਠਰੀਆਂ ਰਾਤਾਂ ਵਿੱਚ ਖੁੱਲ੍ਹੇ ਅੰਬਰ ਥੱਲੇ ਬੈਠ ਆਪਣਾ ਰੋਸ ਪ੍ਰਗਟ ਕਰ ਰਹੇ ਹਨ। ਅੰਤਾਂ ਦੀ ਸਰਦੀ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਘੱਟਣ ਦੀ ਥਾਂ ਦਿਨ ਬ ਦਿਨ ਵੱਧਦੀ ਜਾ ਰਹੀ ਹੈ।ਹੁਣ ਤੱਕ ਡੇਢ ਸੌ ਤੋਂ ਜਿਆਦਾ ਲੋਕਾਂ ਦੀ ਮੌਤ ਹੋ ਚੁੱਕੀ ਹੈ ਪਰ ਸਰਕਾਰ ਨੂੰ ਇਸ ਦਾ ਕੋਈ ਕਦੇ ਵੀ ਦਰਦ ਮਹਿਸੂਸ ਨਹੀਂ ਹੋਇਆ।

ਜਿਥੇ ਇਹ ਧਰਨਾ ਸ਼ਾਂਤਮਈ ਹੈ ਉਥੇ ਇਸ ਦਾ ਵਿਲੱਖਣ ਪੱਖ ਇਹ ਵੀ ਹੈ ਕਿ ਵੱਖ ਵੱਖ ਦਿੱਲੀ ਦੇ ਬਾਡਰਾਂ ਤੇ ਚੱਲ ਰਹੇ ਧਰਨਿਆਂ ਵਿੱਚ ਵੱਖ-ਵੱਖ ਵਰਗਾਂ, ਧਰਮਾਂ, ਕਿੱਤਿਆਂ, ਜਾਤਾਂ, ਖੇਤਰਾਂ ਆਦਿ ਦੇ ਲੋਕ ਆਪਣੀ ਸ਼ਮੂਲੀਅਤ ਰਾਹੀਂ ਜਿੱਥੇ ਸੱਤਾ ਨੂੰ ਵੰਗਾਰ ਰਹੇ ਹਨ ਉਥੇ ਹੀ ਉਹ ਜਮਹੂਰੀਅਤ, ਅਤੇ ਨਿਰਪੱਖਤਾ ਨੂੰ ਨਵੇਂ ਅਰਥ ਦੇ ਰਹੇ ਹਨ। ਇਸ ਦਾ ਦੂਸਰਾ ਪੱਖ ਇਹ ਹੈ ਕਿ ਇਸ ਧਰਨੇ ਇੱਕ ਵਿਸ਼ੇਸ਼ ਪਹਿਲੂ ਇਹ ਵੀ ਹੈ ਕਿ ਇਹ ਗਿਣਤੀ ਪੱਖੋਂ ਵੀ ਸਭ ਤੋਂ ਵਿਸ਼ਾਲ ਹੈ ਜਿਸ ਵਿੱਚ ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਹਰ ਵਿਚਾਰਧਾਰਾ ਤੇ ਵਿਸ਼ਵਾਸਾਂ ਦੇ ਲੋਕਾਂ ਦੀ ਇਕ ਵਿਲੱਖਣ ਸ਼ਮੂਲੀਅਤ ਹੈ। ਇਸ ਤਰ੍ਹਾਂ ਦੇ ਵਿਲੱਖਣ ਅਣਕਿਆਸੇ ਇਤਿਹਾਸਕ ਵਿਸਾਲ ਇਕੱਠ ਨੂੰ ਵੇਖ ਕੇ ਦੁਨੀਆਂ ਹੈਰਾਨ ਰਹਿ ਗਈ । ਕਿਸਾਨ ਨੇਤਾ ਪੜ੍ਹੇ ਲਿਖੇ ਹੋਣ ਕਰਕੇ ਕੇਂਦਰ ਸਰਕਾਰ ਦੀਆਂ ਮੀਟਿੰਗਾਂ ਵਿੱਚ ਜਾ ਕੇ ਆਪਣੀਆਂ ਦਲੀਲਾਂ ਰਾਹੀਂ ਸਰਕਾਰ ਨੂੰ ਇਹ ਮਨਾਉਣ ਵਿੱਚ ਕਾਮਯਾਬ ਰਹੇ ਹਨ ਕਿ ਇਨ੍ਹਾਂ ਆਰਡੀਨੈਂਸਾਂ ਵਿੱਚ ਬੜਾ ਕੁੱਝ ਗਲਤ ਹੈ ਜਿਸ ਨੂੰ ਸਰਕਾਰ ਬਦਲਣ ਲਈ ਵੀ ਤਿਆਰ ਹੋ ਗਈ ਪਰ ਕਿਸਾਨ ਆਗੂ ਇਨ੍ਹਾਂ ਕਾਨੂੰਨਾਂ ਨੂੰ ਵਾਪਿਸ ਕਰਾਉਣ ਲਈ ਬਾਜਿੱਦ ਹਨ ਕਿਉਂਕਿ ਇਹ ਲੋਕ ਹਿੱਤ ਵਿੱਚ ਨਹੀਂ ਹਨ । ਉਨ੍ਹਾਂ ਦੀ ਇਹ ਦਲੀਲ ਹੈ ਜੇਕਰ ਸਰਕਾਰ ਇਸ ਵਿਚਲੀਆਂ ਖਾਮੀਆਂ ਨੂੰ ਮੰਨਦੀ ਹੈ ਤਾਂ ਫਿਰ ਇਨ੍ਹਾਂ ਕਾਨੂੰਨਾਂ ਨੂੰ ਵਾਪਿਸ ਲੈਣ ਵਿੱਚ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ। ਸਰਕਾਰ ਇਨਾਂ ਕਾਨੂੰਨਾਂ ਨੂੰ ਇਸ ਕਰਕੇ ਵਾਪਿਸ ਨਹੀਂ ਲੈਣਾ ਚਾਹੁੰਦੀ ਕਿਉਂਕਿ ਇਹ ਖੇਤੀ ਖੇਤਰ ਉੱਤੇ ਕੇਂਦਰ ਦੇ ਕਬਜ਼ੇ ਨੂੰ ਵਾਜਬ ਠਹਿਰਾਉਂਦੇ ਹਨ ਅਤੇ ਦੂਜਾ ਵੱਡਾ ਕਾਰਨ ਇਹ ਹੈ ਕਿ ਕੇਂਦਰ ਸਰਕਾਰ ਦਾ ਸਾਰਾ ਦਾਰੋਮਦਾਰ ਵੱਡੇ ਕੁੱਝ ਕਾਰਪੋਰੇਟਾਂ ਦੇ ਰਹਿਮੋ ਕਰਮ ਤੇ ਨਿਰਭਰ ਹੈ ਜੋ ਕਿ ਕੌਮਾਂਤਰੀ ਪੱਧਰ ਉੱਤੇ ਆਪਣੀ ਤਾਕਤ ਰੱਖਦੇ ਹਨ ।ਸੋ ਜਦੋਂ ਇਹ ਕਾਨੂੰਨ ਹੀ ਕਾਰਪੋਰੇਟਾਂ ਦੇ ਹਿੱਤਾਂ ਦੀ ਸੇਵਾ ਲਈ ਬਣਾਏ ਹਨ, ਫਿਰ ਵਾਪਸੀ ਕਿੱਦਾਂ ਹੋ ਸਕਦੀ ਹੈ ਉਹ ਵੀ ਉਦੋਂ ਜਦੋਂ ਕੇਂਦਰੀ ਸਰਕਾਰ ਹੀ ਉਨ੍ਹਾਂ ਦੀ ਮਦਦ ਨਾਲ ਤਾਕਤ ਵਿੱਚ ਇਹ ਹੋਵੇ ? ਸੋ ਸਰਕਾਰ ਲਈ 'ਗੱਲ ਸਹੇ ਦੀ ਨਹੀਂ ਪਹੇ' ਦੀ ਹੈ । ਇੱਥੇ ਹੀ ਇੱਕ ਨੋਟ ਕਰਨ ਵਾਲੀ ਹੈ ਤਾਕਤ ਦੇ ਨਸ਼ੇ ਵਿੱਚ ਗੜੁੱਚ ਹੋਈ ਸਤਾਧਾਰੀ ਪਾਰਟੀ ਦੇ ਸਾਹਮਣੇ ਇਹ ਅੰਦੋਲਨ ਹਿੱਕ ਤਾਣ ਕੇ ਖੜ੍ਹ ਗਿਆ ਹੈ । ਹੋਰ ਵੀ ਕਮਾਲ ਦੀ ਗੱਲ ਇਹ ਹੈ ਕਿ ਕਿ ਇਹ ਅੰਦੋਲਨ ਗੈਰ ਸਿਆਸੀ ਹੋ ਕੇ ਵੀ ਇਕ ਨਿੱਗਰ ਬਦਲਵੀਂ ਵਿਰੋਧੀ ਧਿਰ ਵਾਂਗ ਦਿਖਾਈ ਦਿੰਦਾ ਹੈ। ਅਗਲਾ ਅਹਿਮ ਕਾਰਨ ਇਹ ਵੀ ਹੈ ਕਿ ਭਾਵੇਂ ਹੁਣ ਤੱਕ ਗਿਆਰਾਂ ਰਾਊਂਡਾ ਦੀ ਗੱਲਬਾਤ ਵਿੱਚ ਸਰਕਾਰ ਮੇਜ਼ ਤੇ ਹਰ ਵਾਰ ਹਾਰਦੀ ਰਹੀ ਹੈ ਪਰ ਉਹ ਗਰਾਊਂਡ ਵਿੱਚ ਹਾਰ ਸਵੀਕਾਰ ਕਰਨ ਲਈ ਕਿਸੇ ਵੀ ਤਰ੍ਹਾਂ ਤਿਆਰ ਨਹੀਂ, ਉਹ ਵੀ ਉਦੋਂ ਜਦੋਂ ਉਹ ਦੂਸਰੀ ਵਾਰ ਚੋਣਾਂ ਵਿੱਚ ਉਹ ਪੂਰੀ ਬਹੁ ਗਿਣਤੀ ਨਾਲ ਆਈ ਹੋਵੇ ਅਗਲੀ ਚਣੌਤੀ ਇਹ ਵਿਸ਼ਾਲ ਦੇਸ਼ ਵਿਆਪੀ ਰੋਹ ਵੀ ਹੈ, ਜਿਸ ਨੂੰ ਅੱਖੋ ਪਰੋਖੇ ਕਰਕੇ ਵੀ ਲੰਘਿਆ ਜਾ ਸਕਦਾ।ਅਗਲੀ ਚਣੌਤੀ ਇਹ ਵੀ ਹੈ ਕਿ ਸਰਕਾਰੀ ਤੰਤਰ ਵੱਲੋ ਪ੍ਰਚਾਰੇ ਵੱਖਵਾਦੀ ਅੱਤਵਾਦੀ ਲੇਵਲ ਵੀ ਬਹੁਭਾਂਤੀ ਇਕੱਠ ਨੇ ਨਿਰਾਰਥਕ ਸਿੱਧ ਕਰ ਦਿੱਤੇ ਹਨ। ਇਸ ਅੰਦੋਲਨ ਵਿਚ ਸੈਂਕੜੇ ਜਥੇਬੰਦੀਆਂ ਸਾਮਲ ਹਨ, ਹਰ ਇੱਕ ਜਥੇਬੰਦੀ ਦਾ ਆਪਣਾ ਹੀ ਵੱਖਰਾ ਝੰਡਾ ਹੈ, ਜਿਸ ਤੇ ਕੋਈ ਵੱਖਰਾ ਹੋਣ ਤੇ ਇਤਰਾਜ਼ ਨਹੀਂ ਕਰਦਾ ਅਤੇ ਇਸ ਅੰਦੋਲਨ ਦੀ ਇਕ ਹੋਰ ਇਹ ਵਿਲੱਖਣਤਾ ਹੈ ਕਿ ਕਿਸੇ ਨੂੰ ਐਨ ਆਰ ਸੀ ਅਤੇ ਸੀ ਏ ਏ ਦੇ ਘੋਲ਼ ਵਾਂਗ ਆਪਣੇ ਆਪ ਨੂੰ ਦੇਸ਼ ਭਗਤ ਸਿੱਧ ਕਰਨ ਲਈ ਆਪਣੀ ਜਥੇਬੰਦੀ ਦੇ ਝੰਡੇ ਨਾਲ ਤਿਰੰਗਾ ਝੰਡਾ ਨਹੀਂ ਚੁੱਕਣਾ ਪਿਆ ਹੈ ਅਤੇ ਨਾ ਹੀ ਬਹੁਤੀ ਭੱਜਦੌੜ ਕਰਦਿਆਂ ਸਪਸ਼ਟੀਕਰਨ ਦੇਣੇ ਪਏ ਹਨ। ਪਰ 26 ਜਨਵਰੀ ਦੇ ਟਰੈਕਟਰ ਪਰੇਡ ਦੇ ਸੱਦੇ ਉੱਤੇ ਜ਼ੋ ਕੁੱਝ ਸੱਤਾ ਦੀ ਸ਼ੈਤਾਨੀ ਕਾਰਨ, ਲਾਲ ਕਿਲ੍ਹੇ ਉੱਤੇ ਵਾਪਰਿਆ, ਉਸ ਨੇ ਅਜੀਬ ਜਿਹੀ ਸੰਕਟਮਈ ਸਥਿਤੀ ਪੈਦਾ ਕਰ ਦਿੱਤੀ ਹੈ। ਭਾਵੇਂ ਉਸ ਸਾਰੇ ਘਟਨਾਕ੍ਰਮ ਵਿੱਚ ਸਯੁੰਕਤ ਕਿਸਾਨ ਮੋਰਚੇ ਦੀ ਕੋਈ ਸ਼ਮੂਲੀਅਤ ਨਹੀਂ ਸੀ ਪਰ ਫਿਰ ਵੀ ਮੋਰਚੇ ਦੇ ਨੇਤਾਵਾਂ ਨੂੰ ਸਪਸ਼ਟੀਕਰਨ ਦੇਣੇ ਪੈ ਰਹੇ ਹਨ ਕਿਉਂਕਿ ਕੇਂਦਰ ਸਰਕਾਰ ਨੇ ਬੜੀ ਹੀ ਚੁਸਤੀ ਨਾਲ ਅਸਲ ਦੋਸ਼ੀਆਂ ਨੂੰ ਨਜ਼ਰ ਅੰਦਾਜ਼ ਕਰਦਿਆਂ ਇਸ ਦੇ ਸਮੁੱਚੇ ਸਿਰਕੱਢ ਲੀਡਰਾਂ ਉੱਤੇ ਕੇਸ ਮੜ੍ਹ ਦਿੱਤੇ ਹਨ ਅਤੇ ਨਾਲ ਹੀ ਕੁੱਝ ਸ਼ਰਾਰਤੀ ਲੋਕਲ ਅਨਸਰਾਂ ਨੂੰ ਮੋਰਚੇ ਦੇ ਖਿਲਾਫ਼ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ ਹੈ। ਧਰਨੇ ਵਾਲੀ ਥਾਂ ਨੂੰ ਕੰਡਿਆਲੀਆਂ ਤਾਰਾਂ ਨਾਲ ਵਗਲ ਕੇ

**ਕਵਿਤਾ** **ਗਿਰਝਾਂ / ਗੁਰਚਰਨ ਸੱਗੂ, ਇੰਗਲੈਂਡ**



ਹੁਣ ਘਰ ਵਿੱਚ
ਸਵਿਮਿੰਗ ਪੂਲ ਨਹੀਂ ਹੈ
ਬੱਚਿਆਂ ਦੀਆਂ ਤਾਰੀਆਂ
ਗੱਲ ਪੁਰਾਣੀ ਹੋ ਗਈ
ਨਾ ਹੀ ਰਿਹਾ
'ਫਿੱਸ਼ ਪੌਂਡ' ਹੁਣ
ਸਭ ਮੱਛੀਆਂ
ਕਿੱਧਰ ਡੁੱਬੀਆਂ

ਰਾਤ ਨੂੰ ਤ੍ਰਭਕ ਕੇ
ਉੱਠਦਾ ਹਾਂ
ਮੱਛੀਆਂ ਬਾਹਿਰ
ਉੱਡ ਰਹੀਆਂ
ਘਰ ਦੀ ਚਾਰ ਦੀਵਾਰੀ
ਅੰਦਰ ਬਾਹਿਰ
ਮੱਛੀਆਂ ਤੈਰਦੀਆਂ

ਡਰ ਕੇ
ਅੱਖਾਂ ਬੰਦ ਕਰਦਾ ਹਾਂ
ਮੱਛੀਆਂ ਗਿਰਝਾਂ ਬਣੀਆਂ
ਮੈਨੂੰ ਖਾਣ ਲਈ ਲਪਕੀਆਂ
ਮਾਸ-ਹੀਣ ਸਰੀਰ ਵਿੱਚੋਂ
ਆਪਣਾ ਵਿੱਡ ਭਾਲਦੀਆਂ
ਤੇ ਭੁੱਖੀਆਂ ਅੱਖਾਂ
ਉੱਡ ਜਾਂਦੀਆਂ

ਮੈਂ ਅੰਦਰ ਝਾਕਦਾਂ
ਗਿਰਝਾਂ ਤਾਂ
ਮੇਰੇ ਆਪਣੇ ਅੰਦਰ
ਤੇਰੇ ਅੰਦਰ
ਮੇਰੇ ਅੰਦਰ
ਸਭ ਦੇ ਅੰਦਰ
ਜੋ ਸੌਣ ਨਹੀਂ ਦਿੰਦੀਆਂ
ਦਿਨ ਰਾਤ ਅੰਦਰ
ਖਰੋਚਦੀਆਂ
ਜ਼ਖਮੀ ਕਰਦੀਆਂ
ਲਹੂ ਲੁਹਾਨ ਕਰਦੀਆਂ

ਸੁਬ੍ਹਾ ਸੂਰਜ ਦੀ ਟਿੱਕੀ
ਚੜ੍ਹਦੀ ਹੈ
ਸੁਨਿਹਰੀ ਕਿਰਨਾਂ
ਮੇਰੇ ਬਾਗ਼ ਦੇ
ਰੰਗੀਨ ਫੁੱਲਾਂ ਉੱਪਰ
ਰੰਗ ਬਖੇਰਦੀਆਂ

ਮੈ ਅੰਦਰੋਂ ਗਿਰਝਾਂ ਕੱਢ
ਧੂੜ ਉੱਪਰ ਸੁੱਟਦਾਂ
ਗਿਰਝਾਂ ਉੱਡਦੀਆਂ
ਫਿਰ ਮੱਛੀਆਂ ਬਣਦੀਆਂ
ਮੱਛੀਆਂ ਤੋਂ ਫੁੱਲ ਬਣਦੇ
ਫੁੱਲ ਪੱਤੀਆਂ ਹਵਾ ਵਿੱਚ
ਉੱਡਦੀਆਂ
ਮੈਨੂੰ ਸਾਹ
ਆਉਣ ਲਗਦਾ
ਸਭ ਨੂੰ ਆ ਸਕਦਾ

ਮੇਰਾ ਦਿਨ
ਮੇਰਾ ਦਿਲ
ਹਵਾ ਵਿੱਚ ਉੱਡਣ ਲਗਦਾ।

ਰਸਤਿਆਂ ਵਿੱਚ ਤਿੱਖੇ ਕਿੱਲ ਗੱਡਕੇ ਸਵਿਧਾਨਿਕ ਹੱਕਾਂ ਨੂੰ ਜਿਥੇ ਮਧੋਲ ਰਹੀ ਹੈ ਉੱਥੇ ਹੀ ਉਹ ਜਮਹੂਰੀ ਨਿਜ਼ਾਮ ਅੰਦਰ ਆਪਣੇ ਆਪ ਤੇ ਪ੍ਰਸ਼ਨ ਚਿੰਨ੍ਹ ਲਗਵਾਉਂਦੀ ਵੇਖੀ ਜਾ ਸਕਦੀ ਹੈ। ਸਰਕਾਰ ਦੀਆਂ ਅਜਿਹੀਆਂ ਹਰਕਤਾਂ ਦਾ ਕੌਮਾਂਤਰੀ ਪੱਧਰ ਉੱਤੇ ਕਾਫੀ ਵਿਰੋਧ ਹੋ ਰਿਹਾ ਹੈ। ਦੁਸਰੇ ਬੰਨੇ ਸੰਯੁਕਤ ਕਿਸਾਨ ਮੋਰਚੇ ਦੀ ਹਰ ਇੱਕ ਕਾਲ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਭਾਵੇਂ ਉਹ ਭਾਰਤ ਬੰਦ ਦੀ ਕਾਲ ਹੋਵੇ ਜਾਂ 6 ਫਰਵਰੀ ਦੇ ਚੱਕਾ ਜਾਮ ਹੋਵੇ। ਘੋਲਦਾ ਦਾਇਰਾ ਦਿਨ ਬ ਦਿਨ ਵਧਦਾ ਹੀ ਜਾ ਰਿਹਾ ਹੈ।

ਅਜਿਹੇ ਸਮਿਆਂ ਅੰਦਰ ਭਾਰਤੀ ਮੀਡੀਆ ਕਾਰਪੋਰੇਟਾਂ ਦੀ ਨਿੱਜੀ ਮਲਕੀਅਤ ਹੋਣ ਕਰਕੇ ਸੱਤਾ ਲਈ ਜਿੱਥੇ ਕਾਰਗਰ ਹਥਿਆਰ ਸਿੱਧ ਹੋ ਰਿਹਾ ਹੈ ਉੱਥੇ ਹੀ ਉਹ ਸਮਾਜ ਵਿੱਚੋਂ ਬੁਰੀ ਤਰ੍ਹਾਂ ਨਿੱਖੜ ਵੀ ਰਿਹਾ ਹੈ। ਸੱਤਾ ਵੱਲੋਂ ਸਿਰਜੇ ਜਾ ਰਹੇ ਪ੍ਰਵਚਨ ਨੂੰ ਇਹ ਬਹੁ ਭਾਂਤੀ ਅਜੋਕਾ ਸਮਾਜ ਕਿਵੇਂ ਲੈਂਦਾ ਹੈ ਇਸ ਬਾਰੇ ਤਾਂ ਸਮਾਂ ਹੀ ਦੱਸੇਗਾ ਪਰ ਵੱਖ ਵੱਖ ਪ੍ਰਾਂਤਾਂ ਦੀ ਵੱਸੋਂ ਵੱਲੋਂ ਆ ਰਹੇ ਮੋੜਵੇਂ ਜਵਾਬ, ਮੌਜੂਦਾ ਸਰਕਾਰ ਦੇ ਇਰਾਦਿਆਂ ਉੱਤੇ ਪਾਣੀ ਫੇਰਦੇ ਦਿਖਾਈ ਦੇ ਰਹੇ ਹਨ।

ਅਗਲੀ ਇਕ ਹੋਰ ਚਣੌਤੀ ਇਹ ਹੈ ਕਿ ਇਹ ਅੰਦੋਲਨ ਹੁਣ ਕੌਮਾਂਤਰੀ ਪ੍ਰਸਿੱਧੀ ਤੇ ਹਮਦਰਦੀ ਹਾਸਲ ਕਰ ਚੁੱਕਾ ਹੈ ਸਾਰੀ ਦੁਨੀਆਂ ਇਸ ਵਿਸ਼ਾਲ ਜਨਤਕ ਅੰਦੋਲਨ ਵੱਲ ਬੜੇ ਹੀ ਧਿਆਨ ਨਾਲ ਵੇਖ ਰਹੀ ਹੈ ਜਿਸ ਵਿੱਚ ਪੰਜਾਬ ਨੂੰ ਮੋਹਰੀ ਹੋਣ ਦਾ ਮਾਣ ਹਾਸਲ ਹੋ ਰਿਹਾ ਹੈ ਤੇ ਜਿਥੇ ਉਹ ਅੰਦੋਲਨ ਵਿੱਚ ਮਾਰਗ ਦਰਸ਼ਨ ਕਰ ਰਿਹਾ ਹੈ ਉਥੇ ਉਸ ਦੇ ਮਨੁੱਖੀ ਸਭਿਆਚਾਰਕ ਸੰਸਕਾਰ ਚਰਚਾ ਦਾ ਕੇਂਦਰ ਬਣ ਰਹੇ ਹਨ। ਇਸ ਅੰਦੋਲਨ ਦੀ ਭਾਵੇਂ ਸੰਸਾਰ ਪੱਧਰੀ ਤਾਕਤਾਂ ਨਾਲ ਟੱਕਰ ਹੈ ਪਰ ਇਸ ਦੇ ਬਹੁਪੱਖੀ ਮਿਆਰਾਂ ਦੀ ਵਿਸ਼ਾਲਤਾ ਨੂੰ ਵੇਖ ਕੇ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ। ਬੜੀ ਹੀ ਨੀਝ ਨਾਲ ਵੇਖਿਆਂ, ਇਹ ਕਿਸਾਨੀ ਸਭਿਅਤਾ ਦੀ ਅਮੀਰ ਵਿਰਾਸਤ ਦੀ ਝਲਕ ਪੇਸ਼ ਕਰਦਾ ਹੈ ਜਿਸ ਵਿੱਚ ਮਨੁੱਖਤਾ ਦੀ ਨਿਮਰਤਾ, ਸਾਂਝ, ਅਪਣੱਤ ਅਤੇ ਜੁਝਾਰੂਪਨ ਦੇ ਕਮਾਲ ਦੇ ਪੱਖ ਸ਼ਾਮਲ ਹਨ।

**7973212480**

## ਕਵਿਤਾਵਾਂ / ਮਲਕੀਤ ਜੌੜਾ

### ਸ਼ੁਕਰ ਕਰ



ਸ਼ੁਕਰ ਕਰ
ਤੈਨੂੰ ਦਰਿਆ ਮਿਲਿਆ
ਅਠਖੇਲੀਆਂ ਕਰਦਾ
ਸ਼ੂਕਦਾ ਫਿਰਦਾ
ਜੀਵਨ ਵਿਚ ਆਨੰਦ ਮਾਣਦਾ
ਛੱਪੜ ਵਾਲੇ ਨੂੰ ਪੁੱਛ
ਕਿੰਝ ਸੜਦਾ ਹੈ
ਆਪਣੇ-ਆਪ ਨਾਲ ਲੜਦਾ ਹੈ
ਖੂਹ ਦੇ ਡੁੱਡੂ ਵਾਂਗ
ਉੱਥੇ ਹੀ ਜਿਉਂਦਾ
ਉੱਥੇ ਹੀ ਮਰਦਾ ਹੈ
ਮੂੰਹ ਫੇਰ ਕੇ
ਹਰ ਕੋਈ ਲੰਘਦਾ ਹੈ

ਸ਼ੁਕਰ ਕਰ ਤੈਨੂੰ
ਗਮਲਾ ਮਿਲਿਆ
ਢੁੱਕਵੀ ਥਾਂ ਮਿਲੀ ਹੈ
ਧੁੱਪ-ਝੱਖੜ ਤੋਂ ਛਾਂ ਮਿਲੀ ਹੈ
ਦੇਖ-ਰੇਖ ਵੀ ਹੁੰਦੀ ਤੇਰੀ
ਚਿੰਤਾ ਵੀ ਨਾ ਕੋਈ ਸਤਾਉਂਦੀ
ਤੇਰੇ ਉੱਤੇ ਸਮੇਂ ਤੋਂ ਪਹਿਲਾਂ
ਬਹਾਰ ਹੈ ਆਉਂਦੀ
ਰੋਹੀ-ਬੀਆਬਾਨ ਵਾਲੇ ਨੂੰ
ਪੁੱਛ ਕੇ ਦੇਖ
ਕਿੰਝ ਕੁਦਰਤ ਦੇ
ਕਹਿਰਾਂ ਨੂੰ ਝੱਲਦਾ
ਫਿਰ ਵੀ ਪਲਦਾ
ਤੇਰੇ ਵਾਂਗ ਨਾ ਵਧਦਾ-ਫੁਲਦਾ
ਆਪਣੇ ਸਾਹਸ
ਆਪਣੇ ਬਲ ਤੇ
ਜੂਨ ਹੰਢਾਉਣੀ ਪੈਂਦੀ
ਏਥੇ ਗੱਲ ਮੁਕਾਉਣੀ ਪੈਂਦੀ
ਕੀ ਬਰਾਬਰੀ ਨਾਲ ਤੇਰੇ
ਕਿਸੇ ਦੀ ਲੰਘਦੀ ਨਾਲ ਹਨੇਰੇ
ਕਿਸੇ ਦੀ ਨਾਲ ਸਵੇਰੇ
ਤੂੰ ਤਾਂ ਬਸ ਸ਼ੁਕਰ ਮਨਾ!
ਐਵੇ ਨਾ ਹਵਾ ਵਿਖਾ।

### ਛੱਜ


ਬੰਨ੍ਹਿਆ ਹੋਇਆ
ਛੱਜ ਜੋ ਆਪਣੇ ਪਿੱਛੇ
ਇਕ ਮੇਰੇ ਪਿੱਛੇ
ਲੈ ਕੇ ਬੈਠੇਗਾ ਇਕ ਦਿਨ
ਤੈਨੂੰ ਵੀ ਤੇ ਮੈਨੂੰ ਵੀ

ਪਾਣੀ ਨਾਲ
ਦਰਾੜਾਂ ਨਹੀਂ ਭਰਨੀਆਂ
ਤੂੰ ਹੀ ਦੱਸ
ਸਾਡੇ ਬਿਨ
ਸਾਂਝਾਂ ਦੀਆਂ ਢੱਡ-ਸਾਰੰਗੀਆਂ
ਹੋਰ ਕੇਨ੍ਹੇ ਸੁਰ ਕਰਨੀਆਂ

ਤੇਰੇ ਜ਼ਿਹਨ ਦੀ ਵੱਟ 'ਤੇ
ਜੰਮਿਆ ਹੋਇਆ
ਊਚ-ਨੀਚ ਦਾ ਪੁਠ-ਕੰਡਾ
ਚੜ੍ਹਦਾ ਹੀ ਜਾਂਦਾ
ਤੜਫਣ ਦੇ ਗੁੰਮਾਂ ਉੱਤੇ
ਬੰਨ੍ਹਿਆਂ ਸਰਨਾ
ਸਬਰ ਦਾ ਸੀਰਾ-ਮੰਡਾ

ਆ ਹੁਣ ਬਦਲ ਲਈਏ
ਆਪੋ-ਆਪਣੇ
ਆਪੋ ਵਿਚ ਭਾਂਡੇ
ਭਾਂਡਿਆਂ ਵਿਚਲੇ
ਖਾਧ-ਪਦਾਰਥ।

## ਜਾਨਵਰ / ਡਾ. ਦੇਵਿੰਦਰ ਬਿਮਰਾ



ਜਾਨਵਰ ਕੀ ਕਰ ਸਕਦਾ ਹੈ
ਦੁੱਧ ਦੇ ਸਕਦਾ ਹੈ
ਸਵਾਰੀ ਢੋ ਸਕਦਾ ਹੈ
ਗੱਡਾ ਖਿੱਚ ਸਕਦਾ ਹੈ
ਮਾਰ ਖਾ ਸਕਦਾ ਹੈ
ਗਾਲ੍ਹਾਂ ਝਿੜਕਾਂ ਖਾ ਸਕਦਾ ਹੈ
ਕੋਹਲੂ ਵਿਚ ਬੰਨ੍ਹਿਆ
ਘੁੰਮ ਸਕਦਾ ਹੈ
ਕਿਸੇ 'ਜ਼ੂ' ਦਾ
ਵਾਸੀ ਹੋ ਸਕਦਾ ਹੈ
ਪੰਛੀ ਹੋਵੇ ਤਾਂ ਉੱਡ ਸਕਦਾ ਹੈ
ਸੱਪ ਤੋਂ ਸਭ ਨੂੰ ਡਰ ਲੱਗਦਾ ਹੈ
ਕੀੜੇ ਕੀੜੀਆਂ ਚਿੜੀਆਂ ਤੋਤੇ
ਡੂੰਡੀਆਂ ਸੁੰਡੀਆਂ
ਫਸਲਾਂ ਤਬਾਹ ਕਰ ਜਾਂਦੇ
ਕਾਕਰੋਚ ਤੇ ਸਿਉਂਕ ਵੀ
ਕੱਠੇ ਹੋ ਘਰ ਨੂੰ ਖਾ ਜਾਂਦੇ
ਇਨਸਾਨ ਦਾ ਕੀ ਕਰੀਏ
ਨਾ ਘਰ ਦੇਖਣ ਨਾ ਰਿਸ਼ਤਾ
ਨਾ ਆਪਣਾ ਨਾ ਪਰਾਇਆ
ਨਾ ਇਹ ਤੇਰਾ ਨਾ ਇਹ ਮੇਰਾ
ਆਪਣਾ ਵੀ
ਇਹ ਹੋ ਨਾ ਸਕਿਆ
ਇਹ ਤਾਂ ਹਰ ਵੇਲੇ
ਦਿਮਾਗ 'ਚ ਸੋਚੇ
ਸਾਰਾ ਆਲਮ ਹੋ ਜੇ ਥੱਲੇ
ਭੈੜੇ ਜਾਨਵਰ ਨੂੰ ਰੱਬ ਨੇ ਕਿਉਂ
ਇਨਸਾਨ ਬਣਾ ਦਿੱਤਾ...।

## ਸ਼ਬਦ ਤੀਰ / ਸੁਰਿੰਦਰ ਗੀਤ




ਕਾਗਜ਼ ਉੱਤੇ
ਹੱਕ ਸੱਚ ਦੀ ਮੈਂ
ਜਿਸ ਦਿਨ ਬਾਤ ਉਲੀਕੀ
ਮੇਰੇ ਮਿੱਤਰਾਂ ਦੀ ਇਕ ਟੋਲੀ
ਮੇਰੇ ਪਿੱਛੇ ਭੱਜਦੀ ਭੱਜਦੀ
ਵਿਹੜੇ ਆਣ ਖਲੋਤੀ

ਕਈਆਂ ਦੇ ਹੱਥ ਵਿੱਚ ਸਨ ਡੰਡੇ
ਕਈਆਂ ਦੇ ਹੱਥ ਵੱਟੇ
ਹਰ ਇਕ ਨੇ ਸਨ ਜ਼ੋਰ ਸ਼ੋਰ ਨਾਲ
ਮਾਰੇ ਮੇਰੇ ਮੱਥੇ

ਬੰਨ੍ਹ ਤਤੀਰੀ ਖ਼ੂਨ ਜੋ ਮੇਰੇ
ਮੱਥੇ ਵਿੱਚੋਂ ਵੱਗਿਆ
ਵੇਖ ਓਸ ਨੂੰ ਸ਼ਬਦ ਮੇਰਾ ਸੀ
ਉੱਚੀ ਉੱਚੀ ਹੱਸਿਆ
ਆਖ਼ਿਰ ਉਸਦਾ ਤੀਰ ਨਿਸ਼ਾਨਾ
ਝੂਠ ਦੀ ਹਿੱਕ ਵਿੱਚ
ਸਿੱਧਾ ਜਾ ਕੇ ਲੱਗਿਆ।

## ਆਖ਼ਰੀ ਚੀਕ / ਕੁਲਦੀਪ ਕੌਰ

ਤੁਸੀਂ ਨਿਰਪੱਖ ਰਹਿੰਦੇ ਹੋ
ਤੇ ਕਿਸੇ ਦਿਨ ਸ਼ਹਿਰ ਦਾ
ਸਭ ਤੋਂ ਚੰਗਾ ਕਵੀ ਦਿਲ ਵਿਚ
ਮਾਰ ਲੈਂਦਾ ਹੈ ਗੋਲੀ
ਤੁਸੀਂ ਚੁੱਪ ਰਹਿੰਦੇ ਹੋ
ਤੇ ਇੱਕ ਦਿਨ ਸ਼ਹਿਰ ਦਾ
ਆਖ਼ਿਰੀ ਇਮਾਨਦਾਰ ਬੰਦਾ
ਸ਼ਹਿਰ ਨੂੰ
ਅਲਵਿਦਾ ਕਹਿ ਜਾਂਦਾ ਹੈ
ਤੁਸੀਂ ਸੁੱਤੇ ਹੀ ਰਹਿ ਜਾਂਦੇ ਹੋ
ਤੇ ਇੱਕ-ਇੱਕ ਕਰ
ਸ਼ਹਿਰ ਦੇ ਸਾਰੇ ਸੋਚਦੇ ਸਿਰ
ਬੰਦੀ-ਘਰ 'ਚ ਕੈਦ ਹੋ ਜਾਂਦੇ ਹਨ
ਤੁਸੀਂ ਜਾਗਦੇ ਨਹੀਂ
ਤੇ ਸ਼ਹਿਰ ਦੇ ਸਾਰੇ ਅਦਾਰੇ,
ਗਲੀਆਂ ਤੇ ਬਾਜ਼ਾਰ
ਭਰ ਜਾਂਦੇ ਹਨ
ਤਮਾਸ਼ਬੀਨਾਂ ਨਾਲ
ਤੁਸੀਂ ਕੁਸਕਦੇ ਨਹੀਂ
ਤੇ ਕੋਈ ਸਾਰੇ
ਇਤਿਹਾਸ ਦੀ ਪੰਡ ਬਣਾ
ਬਦਲ ਜਾਂਦਾ ਹੈ ਜ਼ਿੰਦਗੀ
ਤੇ ਮੌਤ ਦੇ ਕਾਇਦੇ ਕਨੂੰਨ
ਤੁਸੀਂ ਬਦਲਦੇ ਨਹੀਂ
ਪਰ ਤੁਹਾਡੀ



ਨਿਰਪੱਖਤਾ ਪਹਿਲਾ ਪਖੰਡ
ਤੇ ਫਿਰ ਕਾਇਰਤਾ 'ਚ ਵੱਟਦੀ ਹੈ
ਤੇ ਖੁਰਦਾ ਹੀ ਜਾਂਦਾ ਹੈ
ਬੰਦਾ ਹੋਣ ਦਾ ਗੁਰ
ਤੁਸੀਂ ਗਿਣਦੇ ਰਹਿੰਦੇ ਹੋ
ਬੇਵਕਤ ਤੇ ਅਨਹੋਣੀਆਂ ਮੌਤਾਂ
ਬਗੈਰ ਇਹ ਸੋਚਿਆਂ
ਕਿ ਸੂਚੀ ਵਿੱਚ
ਅਗਲਾ ਨਾਮ ਕਿਸਦਾ ਹੈ
ਤੁਸੀਂ ਨਿਰਲੇਪ ਹੋ ਤੇ ਖੁਸ਼ ਹੋ
ਤੇ ਇੱਕ ਦਿਨ ਬੂਹਾ ਤੋੜਿਆ ਜਾਂਦਾ ਹੈ
ਤੁਸੀਂ ਅਣਪਛਾਤੇ
ਬੰਦਿਆਂ ਵਿਚ ਘਿਰੇ ਚੀਕਦੇ ਹੋ
ਇਹ ਚੀਕ ਸ਼ਹਿਰ ਦੀ
ਆਖ਼ਰੀ ਚੀਕ ਹੁੰਦੀ ਹੈ।

## ਆਈ ਡੀ / ਜਸਪਾਲ ਕੌਰ

ਅੱਜ ਡਲੀਟ ਕਰ ਦਿੱਤੀ
ਇਕ ਵਾਧੂ ਜਿਹੀ ਫੇਸਬੁੱਕ ਆਈ ਡੀ

ਜੀ ਕਰਦਾ ਝਾੜ ਦਿਆਂ
ਉਹ ਰਿਸ਼ਤੇ ਵੀ ਵਾਧੂ ਜਿਹੇ
ਕੁਝ ਦਿਮਾਗ ਨੂੰ ਚਿੰਬੜੇ
ਬੋਝ ਪਾਉਂਦੇ
ਹਰ ਵੇਲੇ ਕਚਰ ਕਚਰ
ਦੂਜਿਆਂ ਕੋਲ ਕਿਸੇ ਹੋਰ ਬਾਰੇ
ਆਈ ਡੀ ਸਰਚ ਕਰਦੇ

ਕੁਝ ਦਿਲ ਨੂੰ ਚਿੰਬੜੇ
ਡੁੰਨ ਵੱਟੇ ਜਿਹੇ
ਰਿਸ਼ਤੇ ਜਾਣਦੇ ਨਹੀਂ
ਇਜ਼ਹਾਰ ਕਰਨਾ
ਚੁੱਪ ਚਾਪ ਤਮਾਸ਼ਾ ਵੇਖਦੇ
ਭਾਵਨਾਵਾਂ ਨਜ਼ਰਅੰਦਾਜ਼ ਕਰਦੇ
ਮੀਸਣੇ ਰਿਸ਼ਤੇ
ਚਿੱਤ ਉਦਾਸ ਕਰਦੇ
ਗੂੰਗੇ ਰਿਸ਼ਤੇ
ਜੀ ਕਰਦਾ ਲਾਹ ਕੇ
ਸੁੱਟ ਦਿਆਂ
ਬੁੱਕਲ਼ ਫਾਲਤੂ ਰਿਸ਼ਤਿਆਂ ਦੀ
ਤੇ ਫੇਰ ਹੋਰ ਮੁਹੱਬਤ ਕਰਾਂ
ਕੁਦਰਤ ਨਾਲ
ਨਿਰਾ ਇਸ਼ਕ ਰੰਗ ਬਿਰੰਗੇ
ਫੁੱਲ, ਪੱਤੇ ਤੇ ਕੰਡੇ।

ਇਹ ਵਾਧੂ ਨਹੀਂ ਜਾਪਦੇ
ਆਈ ਡੀ ਤੇ ਬੋਝਲ
ਰਿਸ਼ਤਿਆਂ ਵਾਂਗ।




# ਕਹਾਣੀ

# ਸੋਲਡ / ਐੱਸ ਸਾਕੀ

**ਆਸਟਰੇਲੀਆ ਵਿਚ ਵੱਸਦੇ ਮਸ਼ਹੂਰ ਕਹਾਣੀਕਾਰ ਅਤੇ ਨਾਵਲਕਾਰ ਐੱਸ. ਸਾਕੀ (76 ਸਾਲ) ਪਿਛਲੇ ਦਿਨੀਂ ਚਲਾਣਾ ਕਰ ਗਏ ਹਨ । ਉਨ੍ਹਾਂ ਦਾ ਜਨਮ ਪਟਿਆਲੇ ਵਿਖੇ ਹੋਇਆ ਤੇ ਉਹ ਜਦੋਂ ਵੀ ਪਟਿਆਲੇ ਆਉਂਦੇ ਤਾਂ ਜ਼ਰੂਰ ਮੈਨੂੰ ਮਿਲ ਕੇ ਜਾਂਦੇ . ਫਿਰ ਉਹ ਆਸਟਰੇਲੀਆ ਮੂਵ ਕਰ ਗਏ. ਇਨਾਮਾਂ, ਸਨਮਾਨਾਂ ਦੀ ਚਕਾਚੌਂਧ ਤੋਂ ਦੂਰ ਰਹਿ ਕੇ ਉਨ੍ਹਾਂ ਨੇ 16 ਕਹਾਣੀ ਸੰਗ੍ਰਹਿ 'ਬਹੁਰੂਪੀਆ', 'ਪਹਿਲਾ ਦਿਨ', 'ਨਾਨਕ ਦੁਖੀਆ ਸਭ ਸੰਸਾਰ', 'ਮੋਹਨ ਲਾਲ ਸੋ ਗਿਆ', 'ਦੁਰਗਤੀ', 'ਨੰਗੀਆਂ ਲੱਤਾਂ ਵਾਲਾ ਮੁੰਡਾ', 'ਦੇਵੀ ਦੇਖਦੀ ਸੀ', 'ਕਰਮਾਂ ਵਾਲੀ', 'ਬਾਪੂ ਦਾ ਚਰਖਾ', 'ਮੁੜ ਨਰਕ', 'ਇਕੱਤੀ ਕਹਾਣੀਆਂ', 'ਦੋ ਬਲਦੇ ਸਿਵੇ', 'ਮੰਗਤੇ', 'ਖਾਲੀ ਕਮਰਾ ਨੰਬਰ ਬਿਆਸੀ', 'ਇਕ ਤਾਰਾ ਚਮਕਿਆ' ਅਤੇ 'ਇੱਕ ਬੂਟਾ ਦੋ ਆਦਮੀ' ਦੀ ਰਚਨਾ ਕੀਤੀ। ਉਨ੍ਹਾਂ ਨੇ 'ਵੱਡਾ ਆਦਮੀ', 'ਛੋਟਾ ਸਿੰਘ', 'ਨਿਕਰਮੀ', 'ਮੇਲੋ', 'ਭੱਖੜੇ', 'ਰੰਡੀ ਦੀ ਧੀ', 'ਇਹ ਇਕ ਕੜੀ', 'ਅੱਜ ਦਾ ਅਰਜਨ', 'ਰਖੇਲ', 'ਹਮ ਚਾਕਰ ਗੋਬਿੰਦ ਕੇ', 'ਸ਼ੇਰਨੀ', 'ਬੇਗਮ' ਅਤੇ 'ਬੇਦਖ਼ਲ' 13 ਵੱਡੇ ਨਾਵਲਾਂ ਦੀ ਰਚਨਾ ਵੀ ਕੀਤੀ। ਪਰ ਪੰਜਾਬੀ ਸਾਹਿਤ ਵਿਚ ਏਨਾ ਵਡਮੁੱਲਾ ਯੋਗਦਾਨ ਪਾਉਣ ਦੇ ਬਾਵਜੂਦ ਪੱਖਪਾਤੀ ਪੰਜਾਬੀ ਆਲੋਚਨਾ ਨੇ ਉਨ੍ਹਾਂ ਨੂੰ ਸਦਾ ਹਾਸ਼ੀਏ ਤੇ ਰੱਖਿਆ । ਉਨ੍ਹਾਂ ਦੇ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸ਼ਰਧਾਂਜਲੀ ਵਜੋਂ ਪੇਸ਼ ਹੈ ਉਨ੍ਹਾਂ ਦੀ ਕਹਾਣੀ ' ਸੋਲਡ '**

**–ਅਮਰਜੀਤ ਕੌਂਕੇ**

ਜਹਾਜ਼ 'ਚ ਲਗਾਤਾਰ ਬਾਰਾਂ ਘੰਟਿਆਂ ਦਾ ਸਫ਼ਰ ਤੈਅ ਕਰਕੇ ਅਸੀਂ ਆਸਟਰੇਲੀਆ ਪਹੁੰਚੇ ਤਾਂ ਮੈਂ ਬਹੁਤ ਥੱਕ ਗਿਆ ਸੀ। ਟਰਾਲੀ ਤੇ ਸਾਮਾਨ ਨਾਲ ਜਦੋਂ ਮੈਂ ਹਵਾਈ ਅੱਡੇ ਤੋਂ ਬਾਹਰ ਨਿਕਲਿਆ ਤਾਂ ਨਜ਼ਰ ਅਚਾਨਕ ਸਾਹਮਣੇ ਦਿਸਦੇ ਨੀਲੇ ਆਕਾਸ਼ 'ਤੇ ਚਲੀ ਗਈ ਜਿਸ ਨੂੰ ਵੇਖਦਿਆਂ ਸਾਰ ਮੂੰਹੋਂ ਵਾਹ, ਸ਼ਬਦ ਨਿਕਲਿਆ। ਦੂਰ ਤੀਕ ਫੈਲਿਆ ਨੀਲਾ ਆਕਾਸ਼ ਜਿਸ 'ਤੇ ਛੋਟੀ ਜਿਹੀ ਬੱਦਲੀ ਜਿਵੇਂ ਆਪਣੇ ਘਰ ਵੱਲ ਨੱਸੀ ਜਾ ਰਹੀ ਸੀ।



ਉਸ ਨੂੰ ਵੇਖ ਫੇਰ ਆਪਣਾ ਮੁਲਕ ਚੇਤੇ ਆਇਆ ਜਿੱਥੇ ਮੈਂ ਜ਼ਿੰਦਗੀ ਦੇ ਬਹੁਤ ਸੋਹਣੇ ਚਾਲੀ ਵਰ੍ਹੇ ਬਤੀਤ ਕੀਤੇ ਸਨ। ਜਿੱਥੇ ਉੱਚੀਆਂ-ਉੱਚੀਆਂ ਉੱਠੀਆਂ ਇਮਾਰਤਾਂ ਵਿਚ ਜਾਂ ਤਾਂ ਕਦੇ ਆਕਾਸ਼ ਦੇ ਦਰਸ਼ਨ ਹੁੰਦੇ ਹੀ ਨਹੀਂ ਸਨ, ਫੇਰ ਜੇ ਕਦੇ ਅਸਮਾਨ 'ਤੇ ਨਜ਼ਰ ਪੈ ਵੀ ਜਾਂਦੀ ਤਾਂ ਮੈਲਾ-ਮੈਲਾ ਜਿਹਾ।

ਬਾਹਰ ਆ ਵੇਖਿਆ ਤਾਂ ਛੋਟਾ ਪੁੱਤ ਤੇ ਨੂੰਹ ਸਾਨੂੰ ਲੈਣ ਲਈ ਆਏ ਹੋਏ ਸਨ। ਕਾਰਾਂ ਦੀਆਂ ਡਿੱਕੀਆਂ ਵਿਚ ਸਾਮਾਨ ਧਰ ਅਸੀਂ ਘਰ ਨੂੰ ਟੁਰ ਪਏ। ਇਸ ਦੌਰਾਨ ਅਸੀਂ ਸਫ਼ਰ ਦੀਆਂ ਗੱਲਾਂ ਕਰਦੇ ਰਹੇ, ਪਰ ਕਾਰਾਂ ਵਿਚ ਬੈਠਿਆਂ ਸਾਨੂੰ ਸਭ ਕੁਝ ਆਪਣੇ ਮੁਲਕ ਨਾਲੋਂ ਵੱਖਰਾ ਜਾਪ ਰਿਹਾ ਸੀ।

ਕਾਰਾਂ ਆਪਣੀ ਲਾਈਨ ਵਿਚ ਸੜਕ 'ਤੇ ਲੱਗੇ ਬੋਰਡਾਂ 'ਤੇ ਲਿਖੀ ਰਫ਼ਤਾਰ ਅਨੁਕੂਲ ਦੌੜ ਰਹੀਆਂ ਸਨ ਜਿਹੜੀ ਕਈ ਥਾਂ 'ਤੇ ਤਾਂ ਸੌ ਕਿਲੋਮੀਟਰ ਤੋਂ ਵੀ ਵੱਧ ਸੀ, ਪਰ ਤਾਂ ਵੀ ਸਾਰੇ ਰਾਹ ਉਸ ਨੂੰ ਕੋਈ ਰੋਕ ਮਹਿਸੂਸ ਨਹੀਂ ਹੋ ਰਹੀ ਸੀ।

ਛੇਤੀ ਹੀ ਪੁੱਤ ਦਾ ਘਰ ਆ ਗਿਆ। ਵੇਖ ਬਹੁਤ ਖ਼ੁਸ਼ੀ ਹੋਈ। ਪੰਜ ਬੈੱਡਰੂਮ ਵਾਲਾ ਘਰ ਸੀ ਜਿਸ ਵਿਚ ਉਹ ਦੋਵੇਂ ਮੀਆਂ-ਬੀਵੀ ਆਪਣੇ ਦੋ ਪੁੱਤਰਾਂ ਨਾਲ ਰਹਿੰਦੇ ਸਨ। ਭਾਵੇਂ ਉਨ੍ਹਾਂ ਸਾਡੇ ਰਹਿਣ ਦਾ ਠੀਕ ਪ੍ਰਬੰਧ ਕੀਤਾ ਹੋਇਆ ਸੀ, ਪਰ ਤਾਂ ਵੀ ਸਾਨੂੰ ਮਹਿਸੂਸ ਹੋਇਆ ਕਿ ਇਸ ਘਰ ਵਿਚ ਸਾਡਾ ਦਸ ਜੀਆਂ ਦਾ ਰਹਿਣਾ ਸੌਖਾ ਨਹੀਂ ਹੋਵੇਗਾ। ਫੇਰ ਮਨ ਵਿਚ ਆਇਆ ਕਿ ਸਾਨੂੰ ਆਪਣਾ ਅੱਡ ਘਰ ਖਰੀਦ ਲੈਣਾ ਚਾਹੀਦਾ ਹੈ।

ਇਸ ਲਈ ਮੈਂ ਆਪਣੇ ਦੋਵੇਂ ਪੁੱਤਰਾਂ ਨੂੰ ਕਿਹਾ। ਘਰ ਖਰੀਦਣ ਦੀ ਗੱਲ 'ਤੇ ਮੈਨੂੰ ਆਪਣਾ ਮੁਲਕ ਚੇਤੇ ਆਇਆ ਜਿੱਥੇ ਅਸੀਂ ਆਪਣਾ ਘਰ ਵੇਚ ਕੇ ਆਏ ਸੀ। ਉਸ ਥਾਂ ਜਦੋਂ ਅਸੀਂ ਇਕ ਵਿਚੋਲੇ ਰਾਹੀਂ ਘਰ ਵੇਚਣ ਦੀ ਗੱਲ ਕੀਤੀ ਤਾਂ ਉਸ ਨੇ ਛੇਤੀ ਹੀ ਇਕ ਪਾਰਟੀ ਤਿਆਰ ਕਰ ਲਈ। ਫਿਰ ਉਹ ਉਸ ਪਾਰਟੀ ਨੂੰ ਘਰ ਦਿਖਾਉਣ ਲਈ ਨਾਲ ਲੈ ਕੇ ਆਇਆ, ਪਰ ਗੱਲ ਸਿਰੇ ਨਾ ਚੜ੍ਹੀ। ਫਿਰ ਉਹ ਇਕ ਹੋਰ ਪਾਰਟੀ ਲੈ ਆਇਆ।

ਇਹ ਸਿਲਸਿਲਾ ਤਾਂ ਫਿਰ ਟੁਰਦਾ ਹੀ ਰਿਹਾ। ਉਸ ਨਾਲ ਕੋਈ ਨਾ ਕੋਈ ਪਾਰਟੀ ਸਾਡਾ ਘਰ ਵੇਖਣ ਲਈ ਆ ਜਾਂਦੀ। ਫਿਰ ਉਹ ਇਕ ਇਕ ਕਮਰਾ ਵੇਖਦੇ, ਇਕ ਇਕ ਕਮਰਾ ਪਰਖਦੇ ਤੇ ਨਾ ਪਸੰਦ ਆਉਣ 'ਤੇ ਚਲੇ ਜਾਂਦੇ। ਉਸ ਦਾ ਜਦੋਂ ਵੀ ਮਨ ਕਰਦਾ, ਉਹ ਆ ਜਾਂਦੇ। ਆਉਣ ਤੋਂ ਪਹਿਲਾਂ ਸਾਨੂੰ ਦੱਸਦੇ ਵੀ ਨਾ। ਉਸ ਵੇਲੇ ਉਹ ਇਹ ਵੀ ਨਾ ਵੇਖਦੇ ਕਿ ਅਸੀਂ ਘਰ ਵਿਚ ਕਿਵੇਂ ਬੈਠੇ ਹਾਂ ਤੇ ਕੀ ਕਰ ਰਹੇ ਹਾਂ?

ਅਖੀਰ ਇਕ ਬੰਦੇ ਨਾਲ ਘਰ ਦਾ ਸੌਦਾ ਤੈਅ ਹੋ ਗਿਆ ਜਿਹੜਾ ਸਾਡੀ ਉਮੀਦ ਤੋਂ ਕਿਤੇ ਘੱਟ ਸੀ। ਇੱਥੇ ਹੀ ਬਸ ਨਹੀਂ ਹੋਈ। ਘਰ ਵੇਚਣ ਲਈ ਸਾਨੂੰ ਤਹਿਸੀਲ ਜਾਣਾ ਪਿਆ। ਉੱਥੇ ਕਿੰਨੇ ਹੀ ਕਾਗਜ਼ਾਂ 'ਤੇ ਅੰਗੂਠੇ ਲਾਉਣੇ ਪਏ ਤੇ ਅਖੀਰ ਤਹਿਸੀਲਦਾਰ ਸਾਹਮਣੇ ਪੇਸ਼ ਹੋਣਾ ਪਿਆ ਤਾਂ ਕਿਤੇ ਜਾ ਕੇ ਸਾਨੂੰ ਘਰ ਦੇ ਪੈਸੇ ਮਿਲੇ। ਉਸ ਵਿਚੋਂ ਵੀ ਰਿਸ਼ਵਤ ਦੇ ਖਾਸੇ ਸਾਰੇ ਪੈਸੇ ਤਹਿਸੀਲਦਾਰ ਨੂੰ ਦੇਣੇ ਪਏ ਤੇ ਕੁਝ ਪੈਸੇ ਅਰਜ਼ੀਨਵੀਸ ਲੈ ਗਿਆ।

ਪਰ ਏਸ ਮੁਲਕ ਵਿਚ ਇਸ ਤਰ੍ਹਾਂ ਨਹੀਂ ਹੋਇਆ। ਨਾ ਤਾਂ ਸਾਨੂੰ ਘਰ ਦੇ ਮਾਲਕ ਨਾਲ ਮਿਲਣਾ ਪਿਆ ਅਤੇ ਨਾ ਹੀ ਤਹਿਸੀਲ ਜਾਣਾ ਪਿਆ ਜਿੱਥੇ ਕਿੰਨੇ ਸਾਰੇ ਕਾਗਜ਼ਾਂ 'ਤੇ ਅੰਗੂਠੇ ਲਾਉਣੇ ਸਨ ਅਤੇ ਨਾ ਹੀ ਤਹਿਸੀਲਦਾਰ ਤੇ ਅਰਜ਼ੀਨਵੀਸ ਨੂੰ

ਰਿਸ਼ਵਤ ਦੇ ਪੈਸੇ ਦੇਣੇ ਪਏ। ਇਸ ਥਾਂ ਤਾਂ ਅਸੀਂ ਏਜੰਟ ਨੂੰ ਇੰਨਾ ਹੀ ਦੱਸਿਆ ਕਿ ਸਾਨੂੰ ਅਜਿਹਾ ਘਰ ਚਾਹੀਦਾ ਹੈ ਜਿਸ 'ਚ ਸਾਡਾ ਬੈੱਡਰੂਮ ਮੂਹਰਲੇ ਪਾਸੇ ਹੋਵੇ। ਘਰ ਦੀ ਬਾਹਰਲੀ ਕੰਧ ਵਿਚ ਇਕ ਵੱਡੀ ਸਾਰੀ ਸ਼ੀਸ਼ੇ ਵਾਲੀ ਬਾਰੀ ਹੋਵੇ ਜਿਸ ਰਾਹੀਂ ਸਾਨੂੰ ਬਾਹਰ ਦਾ ਨੀਲਾ ਆਕਾਸ਼ ਤਾਂ ਦਿਸੇ ਹੀ, ਨਾਲ ਅਸੀਂ ਆਉਂਦੇ-ਜਾਂਦੇ ਲੋਕਾਂ ਨੂੰ ਵੀ ਵੇਖ ਸਕੀਏ।

ਬੱਸ ਫਿਰ ਕੀ, ਏਜੰਟ ਨੇ ਇਕ ਅਜਿਹਾ ਘਰ ਦਿਖਾਇਆ ਜਿਹੜਾ ਸਾਨੂੰ ਪਸੰਦ ਆ ਗਿਆ। ਉਸ ਘਰ ਦਾ ਮਾਸਟਰ ਬੈੱਡਰੂਮ ਅਗਲੇ ਪਾਸੇ ਸੀ ਜਿਸ ਦੀ ਬਾਹਰਲੀ ਕੰਧ ਵਿਚ ਸ਼ੀਸ਼ੇ ਵਾਲੀ ਇਕ ਵੱਡੀ ਸਾਰੀ ਬਾਰੀ ਸੀ ਤੇ ਸਾਹਮਣੇ ਇਕ ਰਾਹ ਵੀ ਸੀ ਜਿਸ 'ਤੇ ਸਵੇਰ ਵੇਲੇ ਮੈਂ ਸੈਰ ਕਰ ਸਕਦਾ ਸਾਂ। ਭਾਵੇਂ ਉਸ ਬਾਰੀ ਰਾਹੀਂ ਸਾਨੂੰ ਦੂਰ ਤੀਕ ਫੈਲਿਆ ਨੀਲਾ ਆਸਮਾਨ ਤਾਂ ਦਿਸਦਾ ਸੀ, ਪਰ ਸਾਡੇ ਮੁਲਕ ਵਾਂਗ ਟੁਰਦੇ-ਫਿਰਦੇ ਲੋਕ ਨਹੀਂ ਦਿਸਦੇ ਸਨ।

ਗੋਰੇ ਪੰਜ ਦਿਨ ਕੰਮ ਕਰਦੇ ਸਨ। ਸ਼ਨਿੱਚਰਵਾਰ ਅਤੇ ਐਤਵਾਰ ਦੀ ਉਨ੍ਹਾਂ ਨੂੰ ਛੁੱਟੀ ਹੁੰਦੀ ਸੀ। ਪੰਜ ਦਿਨਾਂ ਵਿਚ ਪਤਾ ਨਹੀਂ ਫੇਰ ਕਦੋਂ ਉਹ ਸਵੇਰੇ ਹੀ ਚੁੱਪ-ਚੁਪੀਤੇ ਗੱਡੀਆਂ ਲੈ ਕੰਮ 'ਤੇ ਨਿਕਲ ਜਾਂਦੇ ਸਨ ਤੇ ਸ਼ਾਮੀ ਕਦੋਂ ਮੁੜਦੇ ਸਨ ਸਾਨੂੰ ਪਤਾ ਹੀ ਨਾ ਲੱਗਦਾ।

ਸ਼ਨਿੱਚਰਵਾਰ ਛੁੱਟੀ ਵਾਲੇ ਦਿਨ ਜਾਂ ਤਾਂ ਗੱਡੀਆਂ ਲੈ ਉਹ ਸਮੁੰਦਰ ਵੱਲ ਘੁੰਮਣ ਜਾਂਦੇ ਜਾਂ ਸ਼ਾਮੀ ਕਿਸੇ ਘਰ ਵਿਚ ਪਾਰਟੀ ਰੱਖ ਲੈਂਦੇ, ਰਾਤ ਗਏ ਤੀਕ ਦਾਰੂ ਪੀਂਦੇ, ਅੰਗਰੇਜ਼ੀ ਸੰਗੀਤ 'ਤੇ ਥਿਰਕਦੇ ਅਤੇ ਐਤਵਾਰ ਵਾਲੇ ਦਿਨ ਦੇਰ ਦਿਨ ਚੜ੍ਹੇ ਤੀਕ ਸੁੱਤੇ ਰਹਿੰਦੇ।

ਘਰ ਪਸੰਦ ਆਉਣ 'ਤੇ ਏਜੰਟ ਨੇ ਘਰ ਦੇ ਕਾਗ਼ਜ਼ਾਂ 'ਤੇ ਸਾਡੇ ਅਤੇ ਮਕਾਨ ਮਾਲਕ ਦੇ ਦਸਤਖਤ ਆਪੇ ਕਰਵਾ ਬੈਂਕ ਰਾਹੀਂ ਪੇਮੈਂਟ ਕਰਵਾ ਘਰ ਸਾਡੇ ਨਾਂ ਕਰਵਾ ਕੇ ਘਰ ਦਾ ਕਬਜ਼ਾ ਵੀ ਦਿਵਾ ਦਿੱਤਾ।

ਇਹ ਇਨਸਾਨੀ ਫਿਤਰਤ ਹੈ। ਉਸ ਦੀ ਇਹ ਜਾਣਨ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹਦੇ ਨਾਲ ਦੇ ਸੱਜੇ ਅਤੇ ਖੱਬੇ ਘਰ ਵਿਚ ਕੌਣ ਰਹਿੰਦਾ ਤੇ ਕੀ ਕਰਦਾ ਹੈ?

ਹੁਣ ਜੇ ਮੈਂ ਆਪਣੇ ਮੁਲਕ ਦੀ ਗੱਲ ਕਰਾਂ ਤਾਂ ਉਸ ਥਾਂ ਆਪਣੇ ਘਰ ਵਿਚ ਰਹਿਣ ਵਾਲੇ ਨੂੰ ਇਹ ਸਭ ਪਤਾ ਹੁੰਦਾ ਹੈ ਕਿ ਨਾਲ ਦੇ ਖੱਬੇ ਜਾਂ ਸੱਜੇ ਘਰ ਵਿਚ ਕੌਣ ਰਹਿੰਦਾ ਤੇ ਕੀ ਕਰਦਾ ਹੈ? ਰੋਜ਼ ਕੋਈ ਅਜਿਹੀ ਘਟਨਾ ਤਾਂ ਨਹੀਂ ਵਾਪਰਦੀ ਜਿਵੇਂ ਨੂੰਹ ਸੱਸ ਦੀ ਖਟਪਟ ਚਲਦੀ ਹੋਵੇ? ਘਰ ਵਿਚ ਰਹਿਣ ਵਾਲੀ ਕੁੜੀ ਕਿਸੇ ਮੁੰਡੇ ਨਾਲ ਇਸ਼ਕ ਤਾਂ ਨਹੀਂ ਲੜਾਉਂਦੀ ਜਾਂ ਕਦੇ ਘਰੋਂ ਨੱਸ ਗਈ ਹੋਵੇ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ?

ਪਰ ਆਸਟਰੇਲੀਆ ਵਿਚ ਕਈ ਮਹੀਨੇ ਲੰਘ ਜਾਣ ਤੀਕ ਇਹੋ ਪਤਾ ਨਾ ਲੱਗਾ ਕਿ ਸੱਜੇ ਖੱਬੇ ਘਰਾਂ ਵਿਚ ਕੌਣ ਰਹਿੰਦਾ ਤੇ ਕੀ ਕਰਦਾ ਹੈ?

ਜੇ ਕਦੇ ਬਾਹਰ ਖੜ੍ਹੇ ਕਿਸੇ ਗੋਰੇ ਦੀ ਸ਼ਕਲ ਦਿਸ ਵੀ ਜਾਂਦੀ ਬੱਸ ਉਹ ਦੂਰੋਂ ਹੱਥ ਹਿਲਾ ਕੰਮ ਚਲਾ ਲੈਂਦਾ ਜਾਂ ਕਦੇ ਕਾਰ ਵਿਚ ਜਾਂਦਾ ਹੋਇਆ ਬੰਦ ਸ਼ੀਸ਼ੇ ਵਿਚੋਂ ਬਾਏ ਬਾਏ ਕਰ ਦਿੰਦਾ।

ਜਦੋਂ ਮੈਂ ਏਸ ਵਿਚ ਕਾਮਯਾਬ ਨਾ ਹੋਇਆ ਤਾਂ ਸੈਰ ਕਰਦੇ ਵੇਲੇ ਮੈਂ ਹੀ ਇਕ ਇਕ ਘਰ ਦਾ ਐਕਸਰੇਅ ਕਰਨਾ ਸ਼ੁਰੂ ਕਰ ਦਿੱਤਾ। ਸਾਹਮਣੇ ਘਰ ਦੇ ਖੱਬੇ ਪਾਸੇ ਚਾਰ ਘਰ ਸਨ। ਪਹਿਲਾ ਘਰ ਇਕ ਸਕੂਲ ਟੀਚਰ ਦਾ ਸੀ ਜਿਸ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਉਸ ਨੇ ਕਦੇ ਦਸਵੀਂ ਵਿਚ ਮੇਰੀ ਪੋਤਰੀ ਨੂੰ ਅੰਗਰੇਜ਼ੀ ਪੜ੍ਹਾਈ ਸੀ। ਉਸ ਘਰ ਵਿਚ ਉਹ ਆਪਣੇ ਪਤੀ, ਸਹੁਰੇ ਅਤੇ ਸੱਸ ਨਾਲ ਰਹਿੰਦੀ ਸੀ। ਸਹੁਰਾ ਕਿਤੇ ਜੌਬ ਕਰਦਾ ਸੀ ਤੇ ਸਵੇਰੇ ਹੀ ਘਰੋਂ ਗੱਡੀ ਲੈ ਕੇ ਨੌਕਰੀ 'ਤੇ ਜਾਂਦਾ ਸੀ। ਪਰ ਉਹਦੀ ਸੱਸ ਤਾਂ ਕਦੇ-ਕਦਾਈਂ ਹੀ ਵੀਲ੍ਹਚੇਅਰ 'ਤੇ ਬਾਹਰ ਨਿਕਲਦੀ ਵੇਖੀ ਜਾਂਦੀ ਸੀ। ਛੁੱਟੀ ਵਾਲੇ ਦਿਨ ਸਵੇਰ ਤੋਂ ਲੈ ਕੇ ਸੰਝ ਤੀਕ ਉਹ ਨਵੀਂ ਵਿਆਹੀ ਔਰਤ ਇਕੱਲੀ ਜਾਂ ਪਤੀ ਨਾਲ ਆਪਣੇ ਲਾਅਨ ਨੂੰ ਸੰਵਾਰਦੇ ਰਹਿੰਦੇ। ਉਹ ਘਾਹ ਕੱਟਦੇ, ਬੂਟਿਆਂ ਨੂੰ ਪਾਣੀ ਦਿੰਦੇ ਜਾਂ ਫੁੱਲਾਂ ਵਾਲੇ ਨਵੇਂ ਬੂਟੇ ਲਾਉਂਦੇ।

ਮੈਂ ਇਸ ਤੋਂ ਅਗਲੇ ਘਰ ਦਾ ਐਕਸਰੇਅ ਕੀਤਾ ਤਾਂ ਇੰਨਾ ਹੀ ਪਤਾ ਲੱਗਾ ਕਿ ਉਸ ਵਿਚ ਮੀਆਂ ਬੀਵੀ ਹੀ ਰਹਿੰਦੇ ਸਨ। ਵੱਡੇ ਸੋਹਣੇ ਲੰਬੇ-ਲੰਬੇ ਅੰਗਰੇਜ਼। ਪਤੀ ਕਿਸੇ ਚੰਗੀ ਨੌਕਰੀ 'ਤੇ ਲੱਗਿਆ ਹੋਇਆ ਸੀ। ਸਵੇਰੇ ਦਿਨ ਚੜ੍ਹਣ ਤੋਂ ਪਹਿਲਾਂ ਉਹ ਆਪਣੇ ਕਾਲੇ ਰੰਗ ਦੇ ਕੁੱਤੇ ਨੂੰ ਘੁਮਾਉਣ ਲਈ ਲਿਜਾਂਦਾ ਦੇਖਿਆ ਜਾਂਦਾ। ਫਿਰ ਉਹ ਤਿਆਰ ਹੋ ਗੱਡੀ ਲੈ ਘਰੋਂ ਆਪਣੀ ਜੌਬ ਲਈ ਨਿਕਲ ਜਾਂਦਾ।

ਪਤਨੀ ਘਰੇਲੂ ਸੁਆਣੀ ਸੀ। ਉਸ ਨੇ ਆਪਣੇ ਘਰ ਅੱਗੇ ਬਹੁਤ ਖ਼ੂਬਸੂਰਤ ਲਾਅਨ ਬਣਾਇਆ ਹੋਇਆ ਸੀ ਜਿਹੜਾ ਬਲਾਕ ਦਾ ਸਭ ਤੋਂ ਵਧੀਆ ਲਾਅਨ ਸੀ। ਘਾਹ ਇਵੇਂ ਸੀ ਜਿਵੇਂ ਕਿਸੇ ਨੇ ਮੋਟਾ ਕਾਲੀਨ ਵਿਛਾ ਰੱਖਿਆ ਹੋਵੇ। ਦਿਨ ਵਿਚ ਉਸ ਨੂੰ ਜਿਤਨਾ ਵੀ ਵਕਤ ਮਿਲਦਾ ਆਪਣੇ ਲਾਅਨ 'ਚ ਕੰਮ ਲੱਗੀ ਰਹਿੰਦੀ। ਉਸ ਵਿਚੋਂ ਨਕਲੀ ਘਾਹ ਕੱਢਦੀ। ਲਾਅਨ ਨੂੰ ਪਾਣੀ ਦਿੰਦੀ। ਮਸ਼ੀਨ ਨਾਲ ਘਾਹ ਦੀ ਕਟਾਈ ਕਰਦੀ। ਫੁੱਲਾਂ ਵਾਲੇ ਬੂਟੇ ਲਾਉਂਦੀ। ਉਹਦੇ ਲਾਅਨ ਵਿਚ ਗੁਲਾਬ ਦੇ ਇਤਨੇ ਖ਼ੂਬਸੂਰਤ ਤੇ ਵੱਡੇ ਆਕਾਰ ਅਤੇ ਰੰਗ ਦੇ ਬੂਟੇ ਸਨ ਜਿਹੜੇ ਮੈਂ ਪਹਿਲਾਂ ਵੇਖੇ ਹੀ ਨਹੀਂ ਸਨ। ਉਸ ਨੂੰ ਜੇ ਕਦੇ ਵੱਧ ਵਕਤ ਮਿਲਦਾ ਤਾਂ ਉਹ ਘਰ ਦੇ ਬਾਹਰ ਕੀਤੇ ਪੇਂਟ ਨੂੰ ਮੁੜ ਪੇਂਟ ਕਰਨ ਲੱਗ ਜਾਂਦੀ।

ਉਨ੍ਹਾਂ ਦੇ ਘਰ ਵਿਚ ਮੈਨੂੰ ਬੱਸ ਦੋ ਹੀ ਜੀਅ ਦਿਸਦੇ। ਕਦੇ ਕਦਾਈਂ ਉੱਥੇ ਕੋਈ ਵੀਹ ਬਾਈ ਵਰ੍ਹਿਆਂ ਦਾ ਇਕ ਮੁੰਡਾ ਜ਼ਰੂਰ ਦਿਸਦਾ। ਜਿਹੜਾ ਸ਼ਾਇਦ ਉਨ੍ਹਾਂ ਦਾ ਪੁੱਤਰ ਸੀ ਅਤੇ

ਆਪਣੀ ਪਤਨੀ ਨਾਲ ਕਿਤੇ ਅੱਡ ਰਹਿੰਦਾ ਸੀ।

ਫਿਰ ਉਸ ਤੋਂ ਅੱਗੇ ਸਾਹਮਣੇ ਦਿਸਦਾ ਇਕ ਘਰ ਸੀ ਜਿਸ ਵਿਚ ਅੱਠ ਨੌਂ ਸਾਲਾਂ ਦੇ ਸਕੂਲ ਪੜ੍ਹਦੇ ਦੋ ਬੱਚੇ ਸਨ ਜਿਨ੍ਹਾਂ ਨੂੰ ਸਵੇਰ ਵੇਲੇ ਉਨ੍ਹਾਂ ਦੀ ਮਾਂ ਸਕੂਲ ਛੱਡਣ ਜਾਂਦੀ ਸੀ।

ਹੁਣ ਆਈ ਸੱਜੇ ਪਾਸੇ ਦੀ ਵਾਰੀ ਜਿਸ ਦੀ ਕਤਾਰ ਵਿਚ ਚਾਰ ਘਰ ਸਨ। ਸਾਡੇ ਸਾਹਮਣੇ ਇਕ ਮੰਜ਼ਿਲਾ ਘਰ ਸੀ ਜਿਸ ਵਿਚ ਕੋਈ ਸੱਤਰ ਪੰਝੱਤਰ ਦੀ ਉਮਰ ਦਾ ਇਕ ਬੰਦਾ ਰਹਿੰਦਾ ਸੀ। ਸਵੇਰੇ ਉਹ ਕੋਈ ਛੇ ਵਜੇ ਚਾਬੀ ਨਾਲ ਗੈਰਾਜ ਖੋਲ੍ਹਦਾ, ਆਪਣਾ ਸਾਈਕਲ ਬਾਹਰ ਕੱਢਦਾ ਅਤੇ ਪੂਰੀ ਸਪੋਰਟ ਵਾਲੀ ਡਰੈੱਸ ਪਹਿਨ ਸਾਈਕਲ 'ਤੇ ਬੈਠ ਉਸ ਨੂੰ ਬਹੁਤ ਤੇਜ਼ ਨਸਾਉਂਦਾ ਹੋਇਆ ਨਿਕਲ ਜਾਂਦਾ। ਸਾਈਕਲ ਚਲਾ ਕੇ ਉਹ ਕੋਈ ਅੱਧੇ ਘੰਟੇ ਬਾਅਦ ਵਾਪਸ ਮੁੜਦਾ।

ਕਈ ਵਾਰੀ ਆਉਂਦਿਆਂ-ਜਾਂਦਿਆਂ ਜੇ ਮੈਂ ਉਸ ਨੂੰ ਸੈਰ ਕਰਦਾ ਦਿਸ ਪੈਂਦਾ ਤਾਂ ਉਹ ਸੱਜੇ ਹੱਥ ਨਾਲ ਮੈਨੂੰ ਬਾਏ-ਬਾਏ ਕਹਿੰਦਾ ਲੰਘ ਜਾਂਦਾ। ਚਾਬੀ ਨਾਲ ਗੈਰਜ ਖੋਲ੍ਹ ਉਹ ਉਸ ਵਿਚ ਸਾਈਕਲ ਰੱਖਦਾ ਅਤੇ ਕਾਰ ਕੱਢਦਾ। ਫਿਰ ਕਾਰ 'ਚ ਬੈਠ ਉਹ ਬਾਹਰ ਚਲਿਆ ਜਾਂਦਾ। ਕੋਈ ਅੱਧੇ ਘੰਟੇ ਬਾਅਦ ਜਦੋਂ ਉਹ ਘਰ ਮੁੜਦਾ ਤਾਂ ਉਸ ਦੇ ਹੱਥ ਵਿਚ ਪਾਲੀਥਿਨ ਦਾ ਇਕ ਲਿਫਾਫ਼ਾ ਫੜਿਆ ਹੁੰਦਾ।

ਆਪਣੇ ਬੈੱਡ 'ਤੇ ਬੈਠੇ ਅਸੀਂ ਕਿਆਸ ਲਾਉਂਦੇ ਕਿ ਬਾਬਾ ਨਾਸ਼ਤਾ ਤਾਂ ਕਰ ਆਇਆ ਅਤੇ ਲੰਚ ਲੈ ਆਇਆ। ਅਸੀਂ ਦੋਵੇਂ ਜੀਅ ਸਵੇਰ ਵੇਲੇ ਇਹ ਸਭ ਹੁੰਦਾ ਵੇਖਦੇ। ਸਾਨੂੰ ਤਾਂ ਇਹੋ ਸਮਝ ਨਾ ਆਉਂਦੀ ਕਿ ਅਸੀਂ ਉਸ ਸੱਤਰ-ਪਝੰਤਰ ਸਾਲ ਦੀ ਉਮਰ ਦੇ ਬੰਦੇ ਨੂੰ ਬਾਬਾ ਕਿਉਂ ਬੁਲਾਉਣ ਲੱਗੇ ਸਾਂ ਜਦੋਂ ਕਿ ਸਾਡੇ ਮੁਲਕ ਵਿਚ ਤਾਂ ਬਾਬਾ ਉਹ ਹੁੰਦਾ ਹੈ ਜਿਸ ਦੀ ਲੰਬੀ ਸਾਰੀ ਦਾੜ੍ਹੀ ਹੋਵੇ ਅਤੇ ਸਿਰ 'ਤੇ ਢਿੱਲੀ ਜਿਹੀ ਪੱਗ ਬੰਨ੍ਹੀ ਹੋਵੇ।

ਫਿਰ ਮੁੜ ਗੈਰਜ ਖੋਲ੍ਹ ਉਸ ਵਿਚੋਂ ਘਾਹ ਕੱਟਣ ਵਾਲੀ ਮਸ਼ੀਨ ਕੱਢ ਲੈਂਦਾ ਤੇ ਹੈੱਜ ਨੂੰ ਤਰਾਸ਼ਣ ਲਈ ਇਕ ਲੰਬਾ ਸਾਰਾ ਔਜ਼ਾਰ ਵੀ ਹੱਥ ਵਿਚ ਫੜ ਲੈਂਦਾ। ਉਹ ਮਸ਼ੀਨ ਨਾਲ ਘਾਹ ਕੱਟਦਾ। ਗੋਡਿਆਂ ਭਾਰ ਬੈਠ ਉਸ ਵਿਚੋਂ ਨਕਲੀ ਘਾਹ ਬਾਹਰ ਕੱਢਦਾ। ਕਈ ਵਾਰੀ ਤਾਂ ਉਹ ਚਾਲੀ ਡਿਗਰੀ ਤਾਪਮਾਨ ਵਿਚ ਵੀ ਮਸ਼ੀਨ ਨਾਲ ਘਾਹ ਕੱਟਦਾ ਵੇਖਿਆ ਜਾਂਦਾ। ਉਹ ਹੈੱਜ ਨੂੰ ਮੁੜ ਮੁੜ ਤਰਾਸ਼ਦਾ। ਫੁੱਲਾਂ ਵਾਲੇ ਬੂਟਿਆਂ ਨੂੰ ਪਾਣੀ ਦਿੰਦਾ। ਮੈਂ ਅਤੇ ਮੇਰੀ ਪਤਨੀ ਸਵੇਰ ਵੇਲੇ ਬੈੱਡ 'ਤੇ ਬੈਠੇ ਚਾਹ ਪੀਂਦੇ ਹੋਏ ਉਸ ਨੂੰ ਇਹ ਸਭ ਕਰਦੇ ਵੇਖਦੇ।

ਉਸ ਨੇ ਘਰ ਦੇ ਪਿਛਲੇ ਪਾਸੇ ਇਕ ਕਿਸ਼ਤੀ ਰੱਖੀ ਹੋਈ ਸੀ। ਕਦੇ ਜਦੋਂ ਉਹਦਾ ਮਨ ਕਰਦਾ, ਉਸ ਕਿਸ਼ਤੀ ਨੂੰ ਘਰ ਪਿੱਛੋਂ ਬਾਹਰ ਕੱਢ ਲੈਂਦਾ ਅਤੇ ਆਪਣੀ ਕਾਰ ਪਿੱਛੇ ਬੰਨ੍ਹ ਸਮੁੰਦਰ ਵੱਲ ਬੋਟਿੰਗ ਕਰਨ ਲਈ ਨਿਕਲ ਜਾਂਦਾ ਤੇ ਸੰਝ ਢਲਿਆਂ ਵਾਪਸ ਮੁੜਦਾ।

ਇਹ ਸਾਰਾ ਹੋਣਾ ਸਾਨੂੰ ਚੰਗਾ ਲੱਗਦਾ ਅਤੇ ਅਸੀਂ ਬਾਬੇ ਦੀਆਂ ਖ਼ੂਬ ਗੱਲਾਂ ਕਰਦੇ। ਸਾਨੂੰ ਹੈਰਾਨੀ ਤਾਂ ਉਦੋਂ ਹੁੰਦੀ ਜਦੋਂ ਇਸ ਵਕਤ ਵਿਚ ਕੋਈ ਵੀ ਦੂਜਾ ਬੰਦਾ ਕਦੇ ਵੀ ਉਸ ਨੂੰ ਮਿਲਣ ਲਈ ਨਾ ਆਉਂਦਾ। ਅਸੀਂ ਸੋਚਦੇ ਸ਼ਾਇਦ ਬਾਬਾ ਇਕੱਲਾ ਹੀ ਹੋਵੇਗਾ।

ਇਸੇ ਤਰ੍ਹਾਂ ਇਕ ਵਾਰੀ ਤਿੰਨ ਦਿਨ ਲੰਘ ਗਏ, ਪਰ ਬਾਬਾ ਨਾ ਦਿਸਿਆ। ਨਹੀਂ ਤਾਂ ਦੋ ਸਾਲਾਂ ਵਿਚ ਅਸੀਂ ਕਦੇ ਵੀ ਬਾਬੇ ਨੂੰ ਇਸ ਰੋਜ਼ ਦੇ ਕੰਮ ਤੋਂ ਮੁਨਕਰ ਹੁੰਦੇ ਨਹੀਂ ਸੀ ਵੇਖਿਆ। ਇਹ ਤਿੰਨ ਦਿਨ ਅਸੀਂ ਬਹੁਤ ਪਰੇਸ਼ਾਨ ਰਹੇ ਅਤੇ ਅਸੀਂ ਆਪਸ ਵਿਚ ਇਕ-ਦੂਜੇ ਨੂੰ ਪੁੱਛਦੇ, ''ਕਿੱਥੇ ਚਲਾ ਗਿਆ ਬਾਬਾ?''

''ਮੈਂ ਕਿਹਾ ਜੀ, ਤੁਸੀਂ ਆਪ ਬਾਬੇ ਦੇ ਘਰ ਅੰਦਰ ਜਾ ਕੇ ਵੇਖੋ ਕਿ ਉਹ ਬਾਹਰ ਕਿਉਂ ਨਹੀਂ ਆ ਰਿਹਾ? ਜਾਂ ਫੇਰ ਕੋਈ ਹੋਰ ਗੱਲ ਹੈ...?'' ਪਤਨੀ ਨੇ ਕਿਹਾ। ''ਨਹੀਂ ਬਈ ਇਹ ਸਭ ਕਰਨਾ ਠੀਕ ਨਹੀਂ ਹੋਵੇਗਾ। ਅਸੀਂ ਕਿਸੇ ਦੇ ਘਰ ਅੰਦਰ ਕਿਵੇਂ ਜਾ ਸਕਦੇ ਹਾਂ...।'' ਮੈਂ ਗੱਲ ਮੁਕਾਉਂਦਿਆਂ ਕਿਹਾ।

ਫਿਰ ਇਕ ਦਿਨ ਬਾਬੇ ਦਾ ਕੋਈ ਮਿੱਤਰ ਉਸ ਨੂੰ ਮਿਲਣ ਆਇਆ। ਘਰ ਦਾ ਦਰਵਾਜ਼ਾ ਖੁੱਲ੍ਹਾ ਵੇਖ ਕੇ ਉਹ ਅੰਦਰ ਚਲਾ ਗਿਆ। ਖਾਸੇ ਚਿਰ ਬਾਅਦ ਬਾਹਰ ਆ ਕੇ ਉਸ ਨੇ ਆਪਣੇ ਮੋਬਾਈਲ ਰਾਹੀਂ ਪਤਾ ਨਹੀਂ ਕਿਸ ਨੂੰ ਫੋਨ ਕੀਤਾ।

ਬੱਸ ਫਿਰ ਕੀ ਥੋੜ੍ਹੇ ਚਿਰ ਬਾਅਦ ਹੀ ਪੱਚੀ ਛੱਬੀ ਵਰ੍ਹਿਆਂ ਦਾ ਇਕ ਮੁੰਡਾ ਆਪਣੀ ਪਤਨੀ ਨਾਲ ਆਇਆ। ਉਸ ਨੇ ਗੁਆਂਢ ਦੇ ਬੰਦੇ ਨੂੰ ਦੱਸਿਆ ਕਿ ਉਸ ਦਾ ਡੈਡ ਹੁਣ ਇਸ ਦੁਨੀਆਂ ਵਿਚ ਨਹੀਂ ਹੈ। ਉਦੋਂ ਹੀ ਬਲਾਕ ਦੇ ਕੁਝ ਹੋਰ ਬੰਦੇ ਇਕੱਠੇ ਹੋ ਗਏ। ਉਨ੍ਹਾਂ ਫਿਊਨਰਲ ਕੰਪਨੀ ਨੂੰ ਫੋਨ ਕੀਤਾ। ਉਹ ਆਏ ਅਤੇ ਬਾਬੇ ਨੂੰ ਤਾਬੂਤ ਵਿਚ ਬੰਦ ਕਰ ਗੱਡੀ ਵਿਚ ਰੱਖ ਲੈ ਗਏ।

ਸਾਨੂੰ ਅਫ਼ਸੋਸ ਤਾਂ ਇਸ ਗੱਲ ਦਾ ਸੀ ਕਿ ਬਾਬੇ ਦੀ ਸ਼ਵ-ਯਾਤਰਾ ਵਿਚ ਬਾਬੇ ਦਾ ਪੁੱਤ ਤੇ ਨੂੰਹ ਵੀ ਸ਼ਾਮਲ ਨਾ ਹੋਏ।

''ਬਾਬਾ ਇਕੱਲਾ ਰਹਿੰਦਾ ਸੀ ਤੇ ਇਕੱਲਾ ਹੀ ਚਲਾ ਗਿਆ।''

ਅਗਲੀ ਸਵੇਰ ਜਦੋਂ ਅਸੀਂ ਉੱਠ ਬਾਬੇ ਦੇ ਘਰ ਵੱਲ ਵੇਖਿਆ ਤਾਂ ਉਸ ਦੇ ਬਾਹਰ ਇਕ ਵੱਡਾ ਸਾਰਾ ਬੋਰਡ ਲੱਗਿਆ ਹੋਇਆ ਸੀ ਜਿਸ 'ਤੇ ਮੋਟੇ ਅੱਖਰਾਂ 'ਚ 'ਫੌਰ ਸੇਲ' ਲਿਖਿਆ ਹੋਇਆ ਸੀ। ਇਸ 'ਤੇ ਘਰ ਦੇ ਅੰਦਰ ਦੀਆਂ ਦੋ-ਤਿੰਨ ਤਸਵੀਰਾਂ ਵੀ ਸਨ ਤੇ ਘਰ ਦੀ ਸਾਰੀ ਜਾਣਕਾਰੀ ਦਿੱਤੀ ਹੋਈ ਸੀ ਕਿ ਘਰ ਅੰਦਰ ਕਿੰਨੇ ਬੈੱਡਰੂਮ ਤੇ ਕਿੰਨੇ ਟਾਇਲਟ ਸਨ।

ਕਦੇ-ਕਦੇ ਉਹ ਘਰ ਅੱਧੇ ਘੰਟੇ ਲਈ ਖੁੱਲ੍ਹਦਾ ਤੇ

## ਕਵਿਤਾਵਾਂ / ਸੁਰੇਸ਼ ਬਰਨਵਾਲ



### ਸਲੀਕੇ ਨਾਲ ਰੱਖੀ ਦੁਨੀਆਂ

ਦੌੜਦੇ ਭੱਜਦੇ ਲੋਕਾਂ ਨੇ
ਦੌੜਦੀ ਭੱਜਦੀ
ਦੁਨੀਆਂ ਰਚੀ
ਜਿਸ ਵਿਚ ਹਰ ਸ਼ੈਅ
ਭੱਜ ਰਹੀ ਹੈ
ਆਦਮੀ ਤੋਂ ਵੀ ਤੇਜ਼

ਅਸੀਂ ਚਾਹੁੰਦੇ ਹਾਂ ਹੁਣ
ਕੁਝ ਠਹਿਰੇ ਹੋਏ ਆਦਮੀ
ਜੋ ਰੱਖ ਸਕਦੇ ਹੋਣ
ਹਰ ਚੀਜ਼ ਸਲੀਕੇ ਨਾਲ

ਸਾਨੂੰ ਆਪਣੀ ਆਪਣੀ
ਥਾਂ ਤੇ ਚਾਹੀਦੇ
ਦਰਖਤ, ਨਦੀਆਂ,
ਪਹਾੜ, ਚਿੜੀਆਂ ਤੇ ਆਦਮੀ।

### ਦਰਵਾਜੇ

ਦਰਵਾਜੇ
ਜਿਉਂਦੇ ਰਹਿੰਦੇ ਨੇ
ਦਸਤਕਾਂ ਦੇ ਨਾਲ

ਤੁਸੀਂ ਵੀ
ਉਨ੍ਹਾਂ ਨੂੰ ਅਵਾਜ਼
ਦਿੰਦੇ ਰਹਿਣਾ
ਜੋ ਇਕੱਲੇ ਨੇ


ਇਕੱਲੇ ਆਦਮੀ ਨੂੰ
ਜੇ ਬੁਲਾਇਆ ਨਾ ਜਾਵੇ
ਹੌਲੀ ਹੌਲੀ
ਕਾਠ ਬਣ ਜਾਂਦਾ ਹੈ।

### ਮੈਂ ਝੁਕਦਾ ਹਾਂ

ਮੈਂ ਝੁਕਦਾ ਹਾਂ
ਤੇ ਮੇਰਾ ਨਿੱਕਾ ਜਿਹਾ ਬੇਟਾ
ਉਛਲ ਕੇ ਮੇਰੀ ਪਿੱਠ ਤੇ
ਖੜ੍ਹਾ ਹੋ ਜਾਂਦਾ ਹੈ
ਇਸ ਤਰਾਂ ਮੇਰਾ ਕੱਦ
ਝੁਕ ਕੇ ਵੀ
ਮੇਰੇ ਕੱਦ ਤੋਂ
ਵੱਡਾ ਹੋ ਜਾਂਦਾ ਹੈ

## ਇੱਛਾ / ਕਿਰਣ ਯਾਦਵ

ਮਨ ਦੇ ਅੰਦਰ ਉਲਝਣਾਂ ਦਾ
ਟੋਕਰਾ ਭਰਿਆ ਪਿਆ ਹੈ
ਸੁਲਝਾਉਣ ਦੇ ਲਈ ਮੈਂ ਸੰਬੰਧਾਂ ਦਾ
ਰੇਸ਼ਾ ਰੇਸ਼ਾ ਖੋਹਲਣਾ ਚਾਹੁੰਦੀ ਹਾਂ
ਬੁਣ ਕੇ ਸੰਭਾਲ ਲੈਣਾ ਚਾਹੁੰਦੀ ਹਾਂ
ਸੂਰਜ ਦੀਆਂ ਕਿਰਣਾਂ ਨੂੰ
ਸਿੱਧਾ ਅੱਖਾਂ ਵਿਚ
ਉਤਾਰ ਲੈਣਾ ਚਾਹੁੰਦੀ ਹਾਂ
ਮਾਂਝਾ ਲੱਗੀ ਡੋਰ ਨਾਲ ਉੱਡਦੀ
ਪਤੰਗ ਨਾਲ ਗੱਲਾਂ ਕਰਦੀ
ਆਕਾਸ਼ ਵਿਚ ਉੱਡਣਾ ਚਾਹੁੰਦੀ ਹਾਂ
ਹਵਾਓ ਤੁਸੀਂ ਹੌਲੀ ਹੌਲੀ ਵਗਣਾ
ਹਿਲਾਉਣ ਨਹੀਂ ਸਾਥ ਦੇਣਾ
ਮੈਨੂੰ ਪੌੜੀ ਦਰ ਪੌੜੀ ਚੜ੍ਹਨ ਦੇਣਾ
ਮੈਂ ਸਮੁੱਚੇ ਆਕਾਸ਼ ਵਿਚ
ਘੁਲ ਜਾਣਾ ਚਾਹੁੰਦੀ ਹਾਂ
ਚਾਹੁੰਦੀ ਹਾਂ ਆਕਾਸ਼ ਹੋਵੇ ਮੇਰਾ
ਸਾਰੇ ਦਾ ਸਾਰਾ
ਬਸ ਮੇਰਾ ਪੂਰੇ ਦਾ ਪੂਰਾ।



ਬਹੁਤ ਸਾਰੇ ਬੰਦੇ ਉਸ ਨੂੰ ਅੰਦਰੋਂ ਵੇਖਣ ਆਉਂਦੇ। ਫਿਰ ਇਕ ਸਵੇਰ ਉਸ ਬੋਰਡ ’ਤੇ ਵੱਡੀ ਸਾਰੀ ਪੱਟੀ ਲੱਗੀ ਹੋਈ ਸੀ ਅਤੇ ਅੰਗਰੇਜ਼ੀ ਦੇ ਮੋਟੇ ਅੱਖਰਾਂ ’ਚ ਲਿਖਿਆ ਹੋਇਆ ਸੀ:

‘ਸੋਲਡ’।


ਅਜੇ ਮਸਾਂ ਸਵੇਰ ਦੇ ਦਸ ਹੀ ਵੱਜੇ ਸਨ ਕਿ ਅਸੀਂ ਬਾਬੇ ਦੇ ਘਰ ਦੇ ਬਾਹਰ ਕਈ ਵੱਡੀਆਂ-ਵੱਡੀਆਂ ਮਸ਼ੀਨਾਂ ਤੇ ਬੁਲਡੋਜ਼ਰ ਖੜ੍ਹੇ ਵੇਖੇ ਜਿਹੜੇ ਘਰ ਨੂੰ ਜੜ੍ਹੋਂ ਪੁੱਟ ਰਹੇ ਸਨ। ਬਾਬੇ ਦੀ ਉਹ ਘਾਹ ਜਿਸ ’ਤੇ ਉਹ ਰੋਜ਼ ਮਸ਼ੀਨ ਚਲਾਉਂਦਾ ਸੀ, ਜਿਸ ’ਤੇ ਗੋਡਿਆਂ ਭਾਰ ਬੈਠ ਉਸ ਵਿਚੋਂ ਨਕਲੀ ਘਾਹ ਕੱਢਿਆ ਕਰਦਾ ਸੀ, ਚਾਲੀ ਡਿਗਰੀ ਤਾਪਮਾਨ ਵਿਚ ਵੀ ਜਿਸ ਦੀ ਉਹ ਮਸ਼ੀਨ ਨਾਲ ਕਟਾਈ ਕਰਿਆ ਕਰਦਾ ਸੀ ਤੇ ਉਸ ਨੂੰ ਪਾਣੀ ਦਿੰਦਾ ਸੀ; ਉਹ ਹੈੱਜ ਜਿਸ ਨੂੰ ਉਹ ਵਾਰ-ਵਾਰ ਤਰਾਸ਼ਦਾ ਸੀ; ਉਹ ਸਾਰੇ ਫੁੱਲ-ਬੂਟੇ ਜਿਨ੍ਹਾਂ ਦੀ ਰਖਵਾਲੀ ਕਰਿਆ ਕਰਦਾ ਸੀ; ਵੱਡੀਆਂ-ਵੱਡੀਆਂ ਮਸ਼ੀਨਾਂ ਨੇ ਸਭ ਕੁਝ ਜੜ੍ਹੋਂ ਪੁੱਟ ਕੇ ਰੱਖ ਦਿੱਤਾ ਸੀ।

ਅਸੀਂ ਵੇਖਿਆ ਥੋੜ੍ਹੇ ਦਿਨਾਂ ਬਾਅਦ ਠੇਕੇਦਾਰ ਉਸ ਥਾਂ ’ਤੇ ਕੰਕਰੀਟ ਦੇ ਫਲੈਟ ਉਸਾਰ ਰਿਹਾ ਸੀ। ਛੇਤੀ ਹੀ ਉੱਥੇ ਦੋ ਮੰਜ਼ਲੇ ਫਲੈਟ ਬਣ ਗਏ।

ਭਾਵੇਂ ਸਵੇਰੇ ਚਾਹ ਪੀਂਦਿਆਂ ਹੁਣ ਅਸੀਂ ਬਾਬੇ ਦੀਆਂ ਗੱਲਾਂ ਤਾਂ ਨਹੀਂ ਕਰਦੇ ਸਾਂ, ਪਰ ਇਨਸਾਨੀ ਫਿਤਰਤ ਨੂੰ ਨਾ ਰੋਕਦੇ ਹੋਏ ਉਨ੍ਹਾਂ ਫਲੈਟਾਂ ਨੂੰ ਵੇਖਦੇ ਅਤੇ ਐਕਸਰੇਅ ਕਰਦਿਆਂ ਇਹ ਕਿਆਸ ਲਾਉਣ ਦੀ ਕੋਸ਼ਿਸ਼ ਜ਼ਰੂਰ ਕਰਦੇ ਕਿ ਉਨ੍ਹਾਂ ਫਲੈਟਾਂ ਵਿਚ ਹੁਣ ਕੌਣ ਰਹਿੰਦਾ ਸੀ।

.....

## ਚੋਰ-ਚੰਦ ਤੇ ਹਨ੍ਹੇਰਾ / ਰਾਜੇਸ਼ ਜੋਸ਼ੀ



ਚੋਰ ਘਬਰਾਹਟ ਵਿਚ ਭੱਜਦੇ ਹੋਏ
ਹਨ੍ਹੇਰਾ ਆਪਣੀ ਗਠੜੀ ਵਿਚ
ਬੰਨ੍ਹ ਕੇ ਲੈ ਗਿਆ
ਤੇ ਪਿੱਛੇ ਖਿੜਕੀ ਵਿਚ
ਛੱਡ ਗਿਆ ਚੰਦ ਨੂੰ
ਮੈਨੂੰ ਗੁੱਸਾ ਨਹੀਂ ਤਰਸ ਆਇਆ
ਕਿ ਕਿਤੇ ਟੇਢੇ ਮੇਢੇ ਰਸਤਿਆਂ ਤੇ
ਠੋਕਰ ਖਾਏਗਾ ਤਾਂ ਭਨਾ ਲਵੇਗਾ
ਆਪਣੇ ਗੋਡੇ
ਸੋਚਿਆ ਆਵਾਜ਼ ਦਵਾਂ ਕਿ
ਇਸ ਚੰਦ ਨੂੰ ਲੈ ਜਾ
ਤੇਰੇ ਕੋਲ ਟਾਰਚ ਵੀ ਨਹੀਂ
ਕਿਹੋ ਜਿਹਾ ਅਕਲ ਦਾ
ਅੰਨ੍ਹਾ ਤੇ ਗੱਠ ਦਾ ਪੂਰਾ ਸੀ
ਹਨ੍ਹੇਰਾ ਵੀ ਕੋਈ
ਚੋਰੀ ਕਰਨ ਵਾਲੀ ਚੀਜ਼ ਹੈ
ਉਦੋਂ ਹੀ ਆਇਆ
ਖ਼ਿਆਲ ਅਚਾਨਕ
ਕਿ ਚੋਰਾਂ ਦੇ ਕੰਮ ਦੀ
ਚੀਜ਼ ਤਾਂ ਹਨ੍ਹੇਰਾ ਹੀ ਹੈ
ਪਰ ਹੁਣ ਇਸ ਚੰਦ ਦਾ
ਮੈਂ ਕੀ ਕਰਾਂ
ਬਿਨਾ ਹਨ੍ਹੇਰੇ ਇਹ ਚੰਦ ਵੀ
ਚੰਦ ਵਰਗਾ ਨਹੀਂ ਲੱਗਦਾ
ਉਦੋਂ ਹੀ ਕਿਸੇ ਦੇ ਠੋਕਰ ਖਾਣ ਤੇ
ਵਿਲਕਣ ਦੀ ਅਵਾਜ਼ ਆਈ
ਤਾਂ ਸਾਰੇ ਅਸਮਾਨ ਤੇ
ਹਨ੍ਹੇਰਾ ਫੈਲ ਗਿਆ
ਚੰਦ ਜੋ ਹੁਣ ਤੱਕ
ਮੇਰੀ ਖਿੜਕੀ ਤੇ ਬੈਠਾ ਸੀ
ਚੁੱਪ ਕਰ ਕੇ ਉੱਠਿਆ
ਅਤੇ ਹਨ੍ਹੇਰੇ ਤੇ ਤੈਰ ਗਿਆ
ਉਦੋਂ ਹੀ ਕਿਸੇ ਦੇ ਭੱਜਦੇ ਪੈਰਾਂ ਦੀ
ਅਵਾਜ਼ ਆਈ
ਦੂਰ ਤੋਂ।

## ਜ਼ਰੂਰਤ ਵੀ ਨਹੀਂ ਹੈ / ਨਿਰੰਜਨ ਸ਼੍ਰੋਤ੍ਰਿਯ

ਭਰੋਸਾ ਤਾਂ ਨਹੀਂ ਹੁੰਦਾ
ਪਰ ਇਹ ਸੱਚ ਹੈ
ਉਹ ਕਦੇ ਨਹੀਂ ਕਹਿ ਸਕੀ
ਆਪਣੀ ਮਾਂ ਨੂੰ
ਪਤਾ ਨਹੀਂ ਕਿਉਂ
ਆਪਣੀ ਸਕੀ ਭੈਣ ਨੂੰ ਵੀ
ਪਰ ਵਿਆਹ ਤੋਂ ਬਾਅਦ



ਉਸਨੇ ਸਾਂਝੀ ਕੀਤੀ ਗੱਲ
ਆਪਣੀ ਨਨਾਣ ਦੇ ਨਾਲ
ਕੋਈ ਗਾਇਨੀ ਪ੍ਰੌਬਲਮ ਸੀ ਉਸਨੂੰ
ਦਿਉਰ ਉਸਦਾ ਨਾਮ ਸੁਨੀਲ
ਆਪਣੀ ਭਾਬੀ ਲਈ ਦਰਅਸਲ
ਏਜੰਟ ਸੁਨੀਲ
ਸਮੱਸਿਆ ਕੋਈ ਵੀ
ਸੁਲਝਾ ਸਕਦਾ ਸੀ
ਪਲਕ ਝਪਕਦੇ
ਇਕ ਦਿਨ ਜਦੋਂ ਉਸਨੇ ਆਪਣੇ
ਇਕਾਂਤ ਵਿਚ
ਫੁੱਟ ਫੁੱਟ ਕੇ ਰੋਣਾ ਸੀ
ਉਹ ਰੋਈ ਆਪਣੇ ਸਹੁਰੇ ਦੇ ਸੀਨੇ
ਵਿੱਚ ਮੂੰਹ ਲੁਕੋ ਕੇ
ਜੋ ਨਿਕਲੇ ਉਸਦੇ ਪਿਤਾ ਹੀ
ਰੋਈ ਏਨਾ ਕਿ ਭਿੱਜ ਗਿਆ ਕੁੜਤਾ
ਉਨ੍ਹਾਂ ਦਾ
ਤੇ ਅੰਤ ਵਿਚ ਜਿਸ ਨੂੰ ਭਾਰਤੀ
ਪਰੰਪਰਾ ਵਿਚ ਸੱਸ ਕਹਿੰਦੇ ਨੇ
ਮੁੱਠੀ ਵਿਚ ਘੁੱਟਦੇ ਹੋਏ ਇੱਕ ਪੱਤਰ
ਸਮਝਾਇਆ ਉਸਨੂੰ
'ਬੇਟੀ ਬਚਪਨ ਵਿਚ ਹੋ ਜਾਂਦੀ ਹੈ
ਐਸੀ ਨਾਦਾਨੀ
ਪੂਰਾ ਜੀਵਨ ਪਿਆ ਹੈ ਸਾਹਮਣੇ'
ਇਸ ਤਰਾਂ ਇਕ ਔਰਤ
ਇਸ ਇੱਕੀਵੀਂ ਸਦੀ ਵਿਚ
ਆਤਮ-ਹੱਤਿਆ ਕਰਨ ਤੋਂ ਬਚ ਗਈ
ਇਹ ਸਭ ਕੁਝ
ਉਸਦੇ ਪਤੀ ਨੂੰ ਪਤਾ ਨਹੀਂ ਸੀ
ਅਖੌਤੀ ਸਹੁਰੇ ਘਰ ਦਾ ਮੰਨਣਾ ਸੀ
ਕਿ ਇਸਦੀ ਜ਼ਰੂਰਤ ਵੀ ਨਹੀਂ ਹੈ..।

## ਪਰਿੰਦਿਆਂ ਦਾ ਧੰਨਵਾਦ / ਵਸੰਤ ਸਕਰਗਾਏ

ਲੱਖ ਖਰਚ ਕਰਾਂ ਤਾਂ
ਇਸ ਕਿਨਾਰੇ ਤੋਂ ਉਸ ਕਿਨਾਰੇ ਤੱਕ
ਭਰ ਸਕਦਾ ਹਾਂ ਧਰਤੀ ਦੀ
ਹਵਾਈ ਉੜਾਨ
ਪਰ ਹਰ ਵਾਰ
ਰੋਕ ਲੈਂਦੇ ਨੇ ਪਰਿੰਦੇ
ਕਹਿੰਦੇ ਨੇ
ਭਰੋ ਜੀ ਭਰ ਕੇ
ਭਰੋ ਮੁਫ਼ਤ ਉੜਾਨ
ਸਾਡੇ ਖੰਭਾਂ ਤੇ ਬੈਠ ਕੇ
ਆਖ਼ਿਰ ਭਾਰ ਹੀ ਕਿੰਨਾ ਕੁ
ਹੁੰਦਾ ਹੈ ਕਵੀ ਦਾ
ਮੈਂ ਦੋਵੇਂ ਹੱਥ ਜੋੜ ਕੇ
ਕਰਦਾ ਹਾਂ
ਪਰਿੰਦਿਆਂ ਦਾ ਧੰਨਵਾਦ....



**ਅਨੁ. ਅਮਰਜੀਤ ਕੌਂਕੇ**

## ਮੇਰੀਆਂ ਪਿਆਰ-ਚਿਠੀਆਂ / ਧਰੁਵ ਗੁਪਤ



ਮੈਂ ਜੀਵਨ ਵਿਚ
ਦਰਜਨਾਂ ਪਿਆਰ ਚਿਠੀਆਂ
ਲਿਖੀਆਂ
ਪਰ ਉਹ ਉੱਥੇ ਤੱਕ
ਨਹੀਂ ਪਹੁੰਚੀਆਂ
ਜਿੱਥੇ ਉਨ੍ਹਾਂ ਨੂੰ
ਪਹੁੰਚਣਾ ਚਾਹੀਦਾ ਸੀ
ਆਪਣੀ ਮੰਜ਼ਿਲ ਤੋਂ ਵਿਛੜੀਆਂ
ਇਹ ਪਿਆਰ ਚਿੱਠੀਆਂ
ਅੱਜ ਵੀ
ਸੁਰਖਿਅਤ ਨੇ ਮੇਰੇ ਕੋਲ
ਜਿਨ੍ਹਾਂ ਨੂੰ ਖੋਹਲ ਕੇ
ਮੈਂ ਕਦੇ ਕਦੇ
ਅਤੀਤ ਦੀ ਖੁਸ਼ਬੋ
ਮਹਿਸੂਸ ਕਰ ਲੈਂਦਾ ਹਾਂ

ਮੈਨੂੰ ਅਫ਼ਸੋਸ ਨਹੀਂ
ਆਪਣੀਆਂ ਇਨ੍ਹਾਂ
ਲਾਵਾਰਿਸ
ਪਿਆਰ ਚਿਠੀਆਂ ਲਈ
ਉਹ ਪਹੁੰਚ ਵੀ ਜਾਂਦੀਆਂ
ਕਿਸੇ ਦੇ ਹੱਥ ਵਿਚ
ਤਾਂ ਵੀ ਕੁਝ ਨਹੀਂ ਸੀ ਬਦਲਣਾ
ਮੇਰੇ ਜੀਵਨ ਵਿਚ
ਕਿਤੇ ਨਾ ਜਾ ਕੇ
ਮੇਰੀਆਂ ਪਿਆਰ ਚਿਠੀਆਂ ਨੇ
ਪਹਿਲਾਂ ਮੈਨੂੰ ਲਿਖਿਆ
ਤੇ ਫੇਰ ਇਕੋ ਵੇਲੇ
ਫੈਲ ਗਈਆਂ
ਹਰ ਦਿਸ਼ਾ ਵਿਚ
ਹੁਣ ਕੋਈ ਵੀ ਨਹੀਂ ਹੈ
ਮੇਰੀਆਂ ਇਛਾਵਾਂ
ਮੇਰੀਆਂ ਸੰਵੇਦਨਾਵਾਂ
ਤੇ ਮੇਰੀ ਪਹੁੰਚ ਤੋਂ ਬਾਹਰ
ਤੇ ਇਸ ਤਰਾਂ
ਜੀਵਨ ਦੇ
ਕਿਸੇ ਵੀ ਦੌਰ ਵਿਚ
ਪਿਆਰ ਦੀ
ਸੰਭਾਵਨਾ ਤੋਂ ਬਾਹਰ
ਹੁਣ ਮੈਂ ਆਪ ਵੀ ਨਹੀਂ ਹਾਂ।

## ਟੈਨਸ਼ਨ ਰਹਿੰਦੀ ਹੈ ਉਸਨੂੰ / ਸੋਨਾਲੀ ਮਰਾਠਾ

ਕਹਿੰਦਾ ਹੈ ਉਹ
ਬਹੁਤ ਟੈਨਸ਼ਨ ਹੈ ਉਸਨੂੰ
ਟੈਨਸ਼ਨ ਵਿਚ ਕੁੱਟਦਾ ਹੈ
ਉਹ ਆਪਣੀ ਪਤਨੀ ਨੂੰ
ਰੋਂਦੀ ਹੈ
ਚੀਕਦੀ ਚਿਹਾੜਦੀ ਹੈ
ਗਿੜਗਿੜਾਉਂਦੀ ਹੈ
ਮਦਦ ਦੇ ਲਈ
ਪਰ ਦੇਖਣ ਵਾਲੇ
ਕਹਿੰਦੇ ਨੇ ਸਭ
ਠੀਕ ਹੋਵੇਗਾ ਕਿ
ਮੀਆਂ ਬੀਵੀ ਦੇ
ਝਗੜੇ ਵਿਚ ਨਾ ਪਈਏ
ਆਖਿਰ ਪਤੀ ਹੈ ਉਸਦਾ
ਸਹਿਣਾ ਪਵੇਗਾ ਉਸਨੂੰ
ਇਉਂ ਵੀ ਕਹਿੰਦੇ ਨੇ
ਕੁਝ ਲੋਕ




ਦੂਜੇ ਦਿਨ ਉਹ ਬਿਲਕੁਲ ਸ਼ਾਂਤ
ਸਹਿਮੀ ਜਿਹੀ
ਕੰਮ ਵਿਚ ਰੁਝੀ
ਸਰੀਰ ਦੇ ਜਖਮਾਂ ਨਾਲ ਖਾਮੋਸ਼

ਦੇਖਦੀ ਹਾਂ ਮੈਂ ਉਸਨੂੰ
ਕਹਿੰਦੀ ਹੈ ਦੀਦੀ
ਟੈਨਸ਼ਨ ਰਹਿੰਦੀ ਹੈ ਉਸਨੂੰ
ਹੋ ਜਾਂਦਾ ਹੈ ਕਦੇ ਕਦੇ ਇਉਂ
ਤੇ ਬਣਾਉਣ ਲੱਗਦੀ ਹੈ ਖਾਣਾ
ਉਸਦੀ ਪਸੰਦ ਦਾ
ਸਮਝੋ ਜਿਵੇਂ ਕੁਝ
ਹੋਇਆ ਹੀ ਨਹੀਂ
ਤੇ ਪਿਆਉਂਦੀ ਹੈ
ਚਾਹ ਮੈਨੂੰ ਨਵੇਂ ਕੱਪ ਵਿਚ
ਮੈਨੂੰ ਚਾਹ ਦਾ ਰੰਗ
ਜਖਮਾਂ ਵਾਂਗ
ਲੱਗਣ ਲੱਗਦਾ ਹੈ
ਨੀਲਾ ਤੇ ਹਰਾ
ਉਭਰਨ ਲੱਗਦਾ ਹੈ
ਚਾਹ ਵਿਚੋਂ
ਬਹੁਤ ਹੀ ਗਹਿਰਾ ਦਰਦ।



# ਮੇਰੀਆਂ ਕਹਾਣੀਆਂ ਕਿਹੜੇ ਬਾਗ ਦੀਆਂ ਮੂਲੀਆਂ ਨੇ / ਲਾਲ ਸਿੰਘ



ਪ੍ਰੌੜ ਅਵਸਥਾ ਸੋਚਣੀ ਨੂੰ, ਲੰਘ ਚੁੱਕੀ ਉਮਰ ਦੇ ਵਿਚਾਰਾਂ ਨਾਲੋਂ ਵੱਖਰਾਉਣ ਲਈ ਮੈਂ ਆਪਣੀ ਇਬਾਰਤ ਨੂੰ ਚਾਰ ਕੋਨਾਂ ਤੋਂ ਬਿਆਨ ਕਰਨਾ ਚਾਹਾਂਗਾ।

ਪਹਿਲਾ ਤੇ ਅਹਿਮ ਕੋਨ ਹੈ ਨਿੱਜ ਦਾ ਹਿੱਸਾ-ਮੇਰਾ ਪੰਜ-ਭੂਤਕ ਸਰੀਰ। ਮੇਰੀ ਸਿਹਤ ਬਾਲ ਅਵਸਥਾ ਵੇਲੇ ਤੋਂ ਮਾੜੀ ਜਿਹੀ ਰਹੀ ਹੈ। ਸਕੂਲੀ ਦਿਨਾਂ ਵਿੱਚ ਨਾ ਪੜ੍ਹਾਈ ਵਿੱਚ ਮੋਹਰੀ ਸੀ ਨਾ ਖੇਡਾਂ ਵਿੱਚ। ਉਂਜ ਟੰਗਾਂ ਦੋਨੋਂ ਪਾਸੇ ਅੜਾ ਲੈਂਦਾ ਸਾਂ। ਇਸ ਦਾ ਲਾਭ ਇਹ ਹੋਇਆ ਕਿ 1955 ਵਿੱਚ ਦਸਵੀਂ 'ਚੋਂ ਮੇਰੇ 504 ਨੰਬਰ ਆ ਗਏ - ਪਹਿਲੀ ਵਰਗੀ ਡਵੀਜ਼ਨ। ਤੇ ਫੁੱਟਬਾਲ ਨੂੰ ਲੱਤਾਂ ਮਾਰਨ ਦੀ ਆਦਤ ਐਫ.ਏ. ਦੀ ਪੜ੍ਹਾਈ ਕਰਦਿਆਂ ਹਾਕੀ ਵਿੱਚ ਬਦਲ ਗਈ। ਇਸ ਹਾਕੀ ਨੇ ਅੱਗੇ ਚੱਲ ਕੇ ਹੋਰ ਈ ਚੰਦ ਚਾੜ੍ਹ ਛੱਡਿਆ।1962 ਵਿੱਚ ਸੱਜੇ ਫੇਫੜੇ 'ਤੇ ਲੱਗੀ ਸੱਟ ਕਰੀਬ ਅੱਠ-ਦਸ ਸਾਲ ਹਸਪਤਾਲਾਂ ਦੇ ਚੱਕਰ ਲੁਆਉਂਦੀ ਰਹੀ। ਇਵੇਂ ਸਰੀਰਕ ਸਿਥਲਤਾ ਕਾਰਨ ਆਈ ਨਿਰਾਸ਼ਾ ਦੇ ਡਿਪਰੈਸ਼ਨ, ਹੀਣ-ਭਾਵਨਾ ਕੰਪਲੈਕਸ ਮੇਰੀ ਫ਼ਿਤਰਤ ਵਿੱਚ ਕਰੀਬ 20 ਸਾਲ ਤੱਕ ਬੜੀ ਸ਼ਿੱਦਤ ਨਾਲ ਦਖ਼ਲ-ਅੰਦਾਜ਼ ਰਹੇ। ਪਿਛਲੇ 20 ਕੁ ਸਾਲਾਂ ਤੋਂ ਮੈਂ ਇਹਨਾਂ ਦੀ ਪਰਛਾਈਂ ਤੋਂ ਮੁਕਤ ਹੋਣ ਦੇ ਯਤਨ ਵਿਚ ਹਾਂ। ਇਨ੍ਹੀਂ ਦਿਨੀਂ ਸਰੀਰ ਜਿਹੋ ਜਿਹਾ ਵੀ ਹੈ, ਠੀਕ -ਠਾਕ ਹੀ ਹੈ। ਸਾਰੇ ਪੁਰਜ਼ੇ ਸਹੀ -ਸਲਾਮਤ ਕੰਮ ਕਰਦੇ ਹਨ। ਹੁਣ ਦੀ ਅਵਸਥਾ ਨੂੰ ਪ੍ਰੌੜ ਅਵਸਥੀ ਹੋਣ ਦਾ ਹੱਕ ਇਸ ਲਈ ਵੀ ਹੈ ਕਿ ਜਿਹਨੂੰ ਆਪਾਂ ਮੁੰਡਪੁਣਾ ਜਾਂ ਜੁਆਨੀ ਕਹਿੰਦੇ ਹਾਂ, ਉਸਦੇ ਅੰਦਰ ਜਿਹੜੀਆਂ ਅਲਾਮਤਾਂ ਆਮ ਤੌਰ 'ਤੇ ਆਮ ਆਦਮੀ ਨੂੰ ਖਾਸ ਤੌਰ 'ਤੇ ਕਲਾਕਾਰਾਂ / ਸਾਹਿਤ ਰਸੀਆਂ ਨੂੰ ਲੱਗ ਜਾਂਦੀਆਂ ਹਨ, ਉਹ ਜਿਹੜੀਆਂ ਕਈ ਕਾਰਨਾਂ ਕਰਕੇ ਨਹੀ ਲੱਗੀਆਂ ਇਹ ਉਮਰ ਹੁਣ ਵੀ ਉਹਨਾਂ ਤੋਂ ਬਚੀ ਹੋਈ ਹੈ, ਸਿੱਟੇ ਵਜੋਂ ਮੇਰੀ ਲਿਖਤ ਚੌਥੀ ਕੂਟ ਵੱਲ ਨਹੀਂ ਤੁਰੀ ।

ਦੂਸਰਾ ਕੋਨ ਜਿਸ ਤੋਂ ਮੈਂ ਇਸ ਅਵਸਥਾ ਨੂੰ ਬੀਤੇ ਵਰ੍ਹਿਆਂ ਦੇ ਵਰਤਾਰੇ ਨਾਲੋਂ ਵੱਖਰਾ ਕਰਕੇ ਦੇਖਦਾ ਹਾਂ ਉਹ ਹੈ, ਮਾਨਸਿਕ ਅਤੇ ਭਾਵਨਾਤਮਕ ਕਚਿਆਈ/ਪਕਿਆਈ ਦਾ ਪੱਧਰ। ਮੇਰੀ ਮਾਨਸਿਕਤਾ 1957 ਤੋਂ 1972 ਤੱਕ ਦੇ ਜੀਵਨ-ਉਲਝਾਉ ਦਾ ਪਰਤਾਓ ਹੈ। 1957 ਵਿੱਚ ਘਰੋਂ ਬੀ.ਏ. ਕਰਨ ਲਈ ਨਿਕਲਿਆ, ਮੈਂ ਭਾਖੜਾ ਡੈਮ ਦੀਆਂ ਤਿੰਨ-ਬਦਲਵੀਆਂ ਸ਼ਿਫਟਾਂ ਦੀ ਨੌਕਰੀ, ਜਲੰਧਰ ਪ੍ਰਾਈਵੇਟ ਫੈਕਟਰੀ ਦਾ ਸਟੋਰਕੀਪਰੀ, ਦਿੱਲੀ ਦੀ ਟੈਕਸੀ ਡਰਾਈਵਰੀ ਤੇ ਆਖਿਰ ਮਦਨ ਲਾਲ ਹਾਂਡਾ, ਜਲੰਧਰ ਦੀ ਸਹਾਇਤਾ ਨਾਲ 1972 ਵਿਚ ਬੀ.ਐੱਡ ਕਰਨ ਤੱਕ ਉਲਝਿਆ ਹੀ ਰਿਹਾ। ਇਹਨੀਂ ਦਿਨੀਂ ਮੇਰੀ ਡੰਗੋਰੀ ਸਿੱਧ ਹੋਏ ਸਨ, ਨਾਨਕ ਸਿੰਘ ਦੇ ਸਾਰੇ ਨਾਵਲ, ਕੰਵਲ ਦੇ ਥੋੜ੍ਹੇ ਕੁ, ਪੰਜਾਬੀ ਦੇ ਮਾਸਿਕ ਪੱਤਰ 'ਕਵਿਤਾ', 'ਪੰਜ ਦਰਿਆ' ਦੇ ਥ੍ਹੋੜਾ ਕੁ ਜਿੰਨੀ ਪ੍ਰੀਤ-ਲੜੀ, ਅਧਿਆਪਕੀ ਕਿੱਤਾ ਅਪਨਾਉਣ ਪਿੱਛੋਂ ਸਰਦਲ, ਲਕੀਰ, ਸੇਧ, ਸਿਰਜਨਾ ਤੇ ਹੋਰ ਪੱਤਰਕਾਵਾਂ ਸਮੇਤ ਨਕਸਲੀ ਸਾਹਿਤ। ਇਹਨਾਂ ਦੇ ਪਾਠਨ ਰਾਹੀਂ, ਆਪਣੇ ਆਪੇ ਦੀ, ਆਪਣੇ ਆਲੇ-ਦੁਆਲੇ ਦੀ ਸੋਝੀ ਅੱਗੇ ਚੱਲ ਕੇ ਪ੍ਰਗਤੀਵਾਦੀ ਲਿਖਤਾਂ ਵਿਚ ਢਲਣੀ ਸ਼ੁਰੂ ਹੋ ਗਈ ਕਰੀਬ 80 ਵਿਆਂ ਦੇ ਨੇੜੇ। ਇਵੇਂ ਨਾਨਕ ਸਿੰਘ ਤੇ ਕੰਵਲ ਦੀਆਂ ਲਿਖਤਾਂ ਦੇ ਆਦਰਸ਼ ਮਾਡਲ ਤੇ ਮਾਰਕਸਵਾਦੀ ਲਿਖਤਾਂ ਦੇ ਪ੍ਰਗਤੀਵਾਦੀ ਮਾਡਲ ਮੇਰੇ ਅੰਦਰ ਏਨੀ ਡੂੰਘੀ ਤਰ੍ਹਾਂ ਉੱਕਰ ਗਏ ਕਿ 63 ਸਾਲ ਦੀ ਉਮਰ ਤੱਕ ਪੁੱਜਦਿਆਂ, ਆਧੁਨਿਕ, ਨਵ- ਆਧੁਨਿਕ, ਉੱਤਰ -ਆਧੁਨਿਕ ਨਾਮੀਂ ਵਾਦ-ਵਿਵਾਦਾਂ ਲਈ ਮੇਰੇ ਅੰਦਰ ਪੈਰ ਧਰਨ ਲਈ ਵੀ ਥਾਂ ਨਹੀ ਬਚੀ।

ਤੀਸਰਾ ਕੋਨ ਬੀਤੇ ਸਾਲਾਂ ਦੀ ਰਾਜਨੀਤਕ ਉੱਥਲ-ਪੁਥਲ ਨੂੰ ਇਸ ਉਮਰ ਦੇ ਕੋਨ ਤੋਂ ਦੇਖਣ ਦਾ ਹੈ। 1947 ਦੇ ਘੱਲੂਘਾਰੇ ਨੇ 7 ਸਾਲ ਦੀ ਉਮਰ ਦੇ ਉਸ ਬਾਲ ਲਈ ਕੋਈ ਬਹੁਤੀ ਅਹਿਮੀਅਤ ਨਹੀਂ ਰੱਖੀ, ਜਿਹੜਾ ਉਜਾੜੇ ਦੀ ਸਿੱਧੀ ਮਾਰ ਹੇਠ ਨਹੀਂ ਆਇਆ। ਆਪਣੇ ਵੱਡੇ-ਵਡੇਰਿਆਂ ਨੂੰ ਆਪਣੇ ਘਰ ਦੀ ਪਿਛਵਾੜੀ ਤੱਪਦੇ 'ਆਰ੍ਹਨ' ਤੇ ਬਰਛੇ, ਛਵੀਆਂ ਬਣਾਉਂਦੇ ਦੇਖ ਕੇ ਵੀ ਨਹੀਂ। ਪੰਜਾਬੀ ਸੂਬੇ ਦੀ ਸਿਆਸਤ ਮੇਰੇ ਪਸੰਦ ਦੀ ਇਨਕਲਾਬੀ ਸਿਆਸਤ ਤੋਂ ਬਹੁਤ ਨੀਵੇ ਪੱਧਰ ਦੀ ਜਾਪਦੀ ਸੀ, ਕੋਈ ਲਗਾਓ ਹੀ ਨਾ ਬਣਿਆ। ਆਤੰਕਵਾਦ ਦਾ ਦੌਰ ਸਰੀਰ ਤੋਂ ਵੱਧ ਮਾਨਸਿਕਤਾ 'ਤੇ ਹੰਢਾਇਆ। ਪਰ ਇਸ ਤੋਂ ਵੱਧ ਰਾਜਨੀਤੀ ਅਤੇ ਧਰਮ ਦੇ ਕੂਟਨੀਤਕ ਸੁਮੇਲ ਨੇ, ਜਿਹੜਾ ਫਾਸ਼ੀਵਾਦੀ ਰੁਝਾਨ ਪਿਛਲੇ ਕਈ ਵਰ੍ਹਿਆਂ ਤੋਂ ਅਖਤਿਆਰ ਕੀਤਾ ਹੋਇਆ, ਉਹ ਇਸ ਉਮਰ ਦੀ ਸੂਝ ਨੂੰ ਸਭ ਤੋਂ ਵੱਧ ਦੁਖਦਾਈ ਸਿੱਧ ਹੋ ਰਿਹਾ ਹੈ । ਇਸ ਤੋਂ ਵੀ ਵੱਧ ਦੁਖਦਾਇਕ ਤੱਥ ਇਹ ਹੈ ਕਿ ਸਾਡੀ ਹੁਣ ਦੀ ਵੱਡੀ ਗਿਣਤੀ ਲੇਖਕ ਪੀੜ੍ਹੀ ਨੂੰ ਧਾਰਮਿਕ ਸੰਕੀਰਨਤਾ, ਜਾਤੀਵਾਦ, ਸੰਪਰਦਾਇਕਤਾ ਆਦਿ ਮਹਾਂਮਾਰੀਆਂ ਦੇ ਉਪਰੇਸ਼ਨ / ਇਲਾਜ ਲਈ ਜਿਹਨਾਂ ਅਸਤਰਾਂ-ਸ਼ਸ਼ਤਰਾਂ, ਦੁਆਈਆਂ ਗੋਲੀਆਂ ਦੀ ਲੋੜ ਹੈ, ਉਸਦੀ ਇਸ ਪੀੜ੍ਹੀ ਪਾਸ ਅਣਹੋਂਦ ਹੈ। ਇਕ ਮਾੜੇ ਸਮਿਆਂ ਦੇ ਮਾੜੇ ਪ੍ਰਭਾਵਾਂ ਦੀਆਂ ਅਲਾਮਤਾਂ ਹਨ।

ਚੌਥਾ ਦ੍ਰਿਸ਼ ਜਿਹੜਾ ਪਹਿਲ੍ਹੇ ਵਰ੍ਹਿਆਂ ਨਾਲੋਂ ਹੁਣ ਦੀ ਅਵਸਥਾ ਨੂੰ ਬਹੁਤ ਹੀ ਚੁੱਭਵਾਂ ਮਹਿਸੂਸ ਹੋ ਰਿਹਾ ਹੈ, ਉਹ ਹੈ ਸਮਾਜਕ ਤੇ ਸਭਿਆਚਾਰਕ ਖੇਤਰਾਂ ਵਿਚ ਆਈ ਗਿਰਾਵਟ ਦਾ। ਵਿਵਹਾਰਕ ਲੋਕ ਇਸ ਦੌਰ ਨੂੰ ਵਿਕਾਸ ਦਾ ਦੌਰ ਕਹਿੰਦੇ

## ਦੋ ਕਵਿਤਾਵਾਂ / ਅਗਨੀਸ਼ੇਖਰ


**ਅਨੁਵਾਦ : ਅਮਰਜੀਤ ਕੌਂਕੇ**

### ਕਲੋਜ਼ ਅੱਪ

ਬੰਬ ਉਸਦੇ ਹੱਥ ਵਿਚ ਫਟਿਆ
ਹਵਾ ਵਿਚ ਉੱਡ ਗਏ
ਮੁਸਾਫ਼ਿਰਾਂ ਦੇ ਪੁਰਜ਼ੇ

ਸਮਾਚਾਰ ਚੈਨਲਾਂ ਨੇ
ਕਲੋਜ਼ ਅੱਪ ਵਿਚ ਦਿਖਾਇਆ
ਦਹਾੜਾਂ ਮਾਰ ਕੇ ਰੋਂਦੇ ਇਕ ਬੁਢੇ ਨੂੰ
ਜਿਸਨੇ ਲਾਹ ਕੇ ਸਿਰ ਤੋਂ ਟੋਪੀ
ਆਕਾਸ਼ ਵਿਚ ਸੁੱਟ ਦਿੱਤੀ
ਤੇ ਬੇਵਸ ਹੋ ਕੇ ਪੁਕਾਰਿਆ
ਰਸੂਲੇ ਅਰਬੀ ਨੂੰ

ਉਸਨੂੰ ਖਿਚ ਰਹੇ ਸਨ
ਕੁਝ ਲੋਕ ਪਿਛੇ
ਇਕ ਹੱਥ ਢਕ ਰਿਹਾ ਸੀ
ਉਸਦੇ ਦਹਾੜਾਂ ਮਾਰਦੇ ਚੇਹਰੇ ਨੂੰ
ਉਦੋਂ ਉਹ ਅਚਾਨਕ ਹੋਇਆ ਚੁੱਪ



ਤੇ ਸਹਿਮਿਆ ਜਿਹਾ ਬੋਲਿਆ
"ਕੀ ਰੋਣ ਵੀ
ਨਹੀਂ ਦਿਉਗੇ ??"

### ਕਰਫਿਊ ਵਿਚ ਢਿੱਲ

ਕਾਹਲੀ ਕਾਹਲੀ ਵਿਚ
ਖਰੀਦੀਆਂ ਚੀਜ਼ਾਂ
ਪੁਛਿਆ ਇਕ ਦੂਜੇ ਦਾ
ਹਾਲ ਚਾਲ
ਜੇਬਾਂ ਵਿਚ ਭਰੀਆਂ
ਕੁਝ ਅਫਵਾਹਾਂ
ਕੁਝ ਸ਼ੰਕਾਵਾਂ ਵੀ
ਢਿੱਲ ਦੌਰਾਨ ਕਸੇ ਕੁਝ ਨੇ
ਸੁਰਖਿਆ ਬਲਾਂ ਤੇ ਮਜ਼ਾਕ
ਦਿੱਤੀਆਂ ਉਨ੍ਹਾਂ ਨੂੰ
ਨਿਸ਼ਬਦ ਗਾਹਲਾਂ
ਤੇ ਕੁਝ ਨੇ ਚਾਹੀ
ਖੈਰ ਉਨ੍ਹਾਂ ਦੀ
ਅਜਿਹੇ ਦਿਨਾਂ ਵਿਚ
ਜਿਉਂਦੇ ਰਹਿਣ ਦਾ ਸਿਹਰਾ
ਬੰਨ੍ਹਿਆ ਉਨ੍ਹਾਂ ਦੇ ਸਿਰ

ਅਜਿਹੇ ਵਿਚ ਹੀ
ਇਕ ਸਿਪਾਹੀ ਨੇ ਕਿਹਾ
ਆਪਣੇ ਇਕ ਸਾਥੀ ਨੂੰ -
" ਦੇਖੋ ਥੋੜੀ ਦੇਰ ਪਹਿਲਾਂ
ਕਿੰਨੀਆਂ ਡਰਾਉਣੀਆਂ
ਲੱਗਦੀਆਂ ਸਨ
ਸੁੰਨਸਾਨ ਸੜਕਾਂ......."

ਸਾਹ ਨਹੀ ਲੈਂਦੇ। ਪਰ ਸੰਵੇਦਨਸ਼ੀਲ ਵਿਅਕਤੀਆਂ ਲਈ, ਇਸ ਦੌਰ ਵਿਚ ਸਮਾਜਕ ਰਿਸ਼ਤਿਆਂ ਦੇ ਬਜ਼ਾਰੀਕਰਨ ਅਤੇ ਸਭਿਆਚਾਰਕ ਮੁੱਲਾਂ ਦੇ ਹੋ ਰਹੇ ਮਸ਼ੀਨੀਕਰਨ ਚਿੰਤਾ ਦੇ ਵਿਸ਼ੇ ਹਨ। ਸਾਹਿਤ ਤੇ ਸਾਹਿਤਕਾਰਾਂ ਨੇ ਹੋਰ ਕਿਹੜਾ ਸੀੜ ਪੁੱਟਣੀ ਹੁੰਦੀ ਹੈ, ਇਹਨਾਂ ਨੇ ਮਾਨਵੀ ਮੁੱਲਾਂ ਦੀ ਰਾਖੀ ਹੀ ਤਾਂ ਕਰਨੀ ਹੁੰਦੀ ਹੈ। ਇਹ ਰਾਖੀ ਸਾਹਿਤਕ ਲਿਖਤਾਂ ਨੇ ਆਉਂਦੇ ਸਮਿਆਂ ਨੂੰ ਸਮਰਪਿਤ ਵੀ ਕਰਨੀ ਹੁੰਦੀ ਹੈ। ਬੀਤੇ ਵਰ੍ਹਿਆਂ ਦਾ ਕਾਫੀ ਸਾਰਾ ਸਾਹਿਤ ਇਸ ਉਦੇਸ਼ ਦੀ ਉਦਾਹਰਨ ਵਜੋਂ ਪੇਸ਼ ਹੋ ਸਕਦਾ ਹੈ। ਪਰੰਤੂ ਅਜੋਕੇ ਦੌਰ ਦੀ ਬਹੁ-ਗਿਣਤੀ ਕਾਵਿ-ਵੰਨਗੀ ਤੇ ਢੇਰ ਸਾਰਾ ਗਲਪ ਆਪਣੀ ਮੁੱਢਲੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਕੇ ਵਕਤੀ ਸ਼ੋਹਰਤ ਹਾਸਿਲ ਕਰਨ ਵੱਲ ਰੁਚਿਤ ਹੋ ਗਿਆ ਹੈ। ਸਾਹਿਤ ਦੀ ਅਜੋਕੀ ਨਿਰਾਸ਼ਾਮਈ ਭੂਮਿਕਾ ਕਾਰਨ ਮੇਰੀ ਇਸ ਉਮਰ ਦੀ ਸੋਚਣੀ ਵੀ ਨਿਰਾਸ਼ ਸਥਿਤੀ ਵਿੱਚ ਪੁੱਜ ਗਈ ਹੈ। ਇਸ ਨਿਰਾਸ਼ ਸਥਿਤੀ ਵਿੱਚ ਪੁੱਜੇ ਦੀ ਮੇਰੀ ਰੀਝ ਹੈ ਕਿ ਮੈਂ ਤਲਵਾਰ ਦੀ ਧਾਰ ਵਰਗੀਆਂ ਤਿੱਖੀਆਂ ਲਿਖਤਾਂ ਰਾਹੀਂ ਸਮਾਜਕ, ਸਭਿਆਚਰਕ, ਸਾਹਿਤਕ ਵਿਸੰਗਤੀਆਂ ਵਿਰੁੱਧ ਵਿਚਰਾਂ।ਪਰ,ਅਗਲੇ ਹੀ ਛਿਣ, ਸਾਹਿਤਕ ਖੇਤਰ ਵਿਚ ਪਾਏ ਕਿਣਕਾਮਾਤਰ ਯੋਗਦਾਨ 'ਤੇ ਪੁਨਰਝਾਤ ਮਾਰਦਿਆਂ, ਮੈਂ ਸੋਚਣ ਲਗਦਾ ਹਾਂ ਕਿ ਚਲੋ ਮੈਂ ਤਾਂ ਕਿਸੇ ਗਿਣਤੀ ਮਿਣਤੀ ਵਿੱਚ ਨਹੀਂ, ਜਿਹੜੇ ਵੱਡੇ ਮਹਾਰਥੀ ਹੋਏ ਹਨ, ਜਾਂ ਹਨ, ਉਹ ਮਹਾਂ-ਸੰਮੇਲਨਾਂ ਦੇ ਪ੍ਰਬੰਧਕ-ਸੰਚਾਲਕ ਵੀ ਰਹੇ ਹਨ, ਉਹਨਾਂ ਮਹਾਂ ਇਨਾਮ-ਕਿਨਾਮ ਵੀ ਹਾਸਲ ਕੀਤੇ ਹਨ, ਉਹ ਅਖਬਾਰੀ ਸੁਰਖੀਆਂ ਵੀ ਬਣਦੇ ਰਹੇ ਹਨ, ਜੇ ਉਹਨਾਂ ਦੀਆਂ ਲਿਖਤਾਂ ਵੀ ਸਮਾਜਕ ਵਿਸੰਗਤੀਆਂ ਦਾ ਕੋਈ ਕੰਢਾ ਨਹੀਂ ਭੋਰ ਸਕੀਆਂ ਤਾਂ ਮੈਂ ਜਾਂ ਮੇਰੀਆਂ ਕਹਾਣੀਆਂ ਕਿਹੜੇ ਬਾਗ ਦੀਆਂ ਮੂਲੀਆਂ ਹਨ। ਉਸ ਸਮੇਂ ਮੇਰੀ ਸਮਝ......ਮੇਰੀ ਲਿਖਣ ਕਲਾ ਨੂੰ ਇਸ ਚਸਕੇ ਤੋਂ ਵੱਧ ਕੁਝ ਨਹੀਂ ਸਮਝ ਰਹੀ ਹੁੰਦੀ ਤੇ ਚਸਕੇ ਦੀ ਪੂਰਤੀ ਕਾਫੀ ਸਾਰੀ ਪ੍ਰਸੰਨਤਾ ਵੀ ਦਿੰਦੀ ਰਹਿੰਦੀ ਹੈ ਜਦੋਂ ਤੱਕ .....। ਪਰ ਝੱਟ ਹੀ ਮੇਰੇ ਧੁਰ ਅੰਦਰ ਘਰ ਕਰੀ ਬੈਠੀ ਇਹ ਧਾਰਨਾ ਛੜੱਪਾ ਮਾਰਕੇ, ਸਾਹਮਣੇ ਖੜੋ ਕੇ ਮੈਨੂੰ ਚਿਤਾਰ ਰਹੀ ਹੁੰਦੀ ਹੈ ".... ਹੋਸ਼ ਕਰ ਹੋਸ਼, ਆਪਣੀਆਂ ਅਸਫ਼ਲ ਲਿਖਤਾਂ ਕਾਰਨ,ਤੂੰ ਸਫ਼ਲ ਲਿਖਤਾਂ ਦੀ ਨਿਰਾਦਰੀ ਤਾਂ ਨਾ ਕਰ, ਸਾਹਿਤ ਦੀ ਸਾਰਥਿਕਤਾ, ਲੇਖਕ ਦੀ ਭੂਮਿਕਾ 'ਤੇ ਸ਼ੱਕ ਨਾ ਕਰ .....। ਜੇ ਤੇਰਾ ਨਈਂ ਕੁਸ਼ ਬਣਿਆ ਤਾਂ ਕੁਝ ਹੋਰ ਕਰਕੇ ਦੱਸ, ਐਮੇਂ ਰੋਈ ਜਾਨਾਂ, ਹਉਕੇ ਜਿਹੇ ਜਿਹੇ ਕਿਉਂ ਲਈ ਜਾਨਾਂ ....ਜੇ....ਜੇ....ਦਾਣੇ ਵਿਕ ਗਏ ਆ ਤਾਂ 'ਰਾਮ ਨਾ ਬੈਹ .....ਤੇਰੀ ਕਾਣ੍ਹੀ ਬਿਨਾਂ ਕੇੜਾ ਗੱਡ ਫਸੀਓ ਨਿਕਲਣੀ ਨਈਂ ਸੈਤ੍ਰ ਦੀ ਚਿੱਕੜ 'ਚ ...ਹੈਂਅ.....।"

9465574866

## ਮਜ਼ਦੂਰ ਦਿਵਸ / ਗੁਰਮੀਤ ਖੋਖਰ



ਮੇਰੇ ਪਿੰਡ ਦੇ
ਲੱਛੂ ਮਜ਼ਦੂਰ ਨੂੰ ਨਹੀਂ ਪਤਾ
ਕਿ ਅੱਜ ਇਕ ਮਈ ਹੈ
ਤੇ ਇਸ ਦਿਨ ਮਜ਼ਦੂਰ ਦਿਵਸ ਹੁੰਦਾ ਹੈ
ਮਜ਼ਦੂਰਾਂ ਨੂੰ ਏਕਤਾ ਵਿਚ ਪਰੋਣ
ਸੰਘਰਸ਼ ਕਰਕੇ
ਹੱਕ ਪ੍ਰਾਪਤ ਕਰਨ ਲਈ
ਪ੍ਰਣ ਲੈਣ ਦਾ ਦਿਵਸ.....

ਸਵੇਰੇ ਸੈਰ ਕਰਦਿਆਂ
ਪੁਰਾਣੇ ਜਿਹੇ ਸਾਈਕਲ ਤੇ
ਪੱਠੇ ਲੱਦੀ ਆਉਂਦਾ ਮਿਲਿਆ......
ਮਾਹਟਰ ਜੀ ਸਾਸਰੀ 'ਕਾਲ
ਭਾਊਆਂ ਦੇ ਦਿਹਾੜੀ ਲੱਗਿਆਂ
ਮਿਸਤਰੀ ਨਾਲ
ਊਂ ਥੋਨੂੰ ਇਕ ਗੱਲ ਪੁੱਛਣੀ ਸੀ....?
ਹਾਂ ਬਈ ਦੱਸ....
ਮਾਹਟਰ ਜੀ ਜਵਾਕਾਂ ਦਾ
ਵਜ਼ੀਫਾ ਕਦੋਂ ਆਊ....?
ਉਹ ਰਾਹ ਜਾਂਦੇ ਮਿਲਦਾ
ਅਕਸਰ ਇਹੀ ਸਵਾਲ ਪੁੱਛਦਾ ਹੈ
ਸਕੂਲ ਵਿਚ ਪੜਦੇ ਚਾਰ ਜਵਾਕਾਂ ਦੇ
ਵਜ਼ੀਫੇ ਦੇ ਮਿਲਣ ਵਾਲੇ ਪੈਸਿਆਂ ਤੋਂ
ਉਸਨੂੰ ਕਾਫੀ ਆਸਾਂ ਹਨ

ਉਹ ਅਕਸਰ ਇਸ ਬਾਰੇ
ਦੱਸਦਾ ਰਹਿੰਦਾ ਹੈ....
ਮਾਹਟਰ ਜੀ ਜੇ ਵਜ਼ੀਫਾ ਮਿਲ ਜੇ
ਤਾਂ ਜੁਆਕਾਂ ਨੂੰ ਲੀੜੇ ਲੱਤੇ ਬਣਾ ਦੀਏ
ਨਾਲੇ ਘੋਟੇ ਕਿਆਂ ਕੰਨੀ
ਡਿੱਗੀ ਕੰਧ ਕੱਢ ਲਾਂ
ਦਿਹਾੜੀ ਨਾਲ ਤਾਂ
ਨੂਣ ਮਿਰਚਾਂ ਮਸਾਂ ਆਉਂਦੀਆਂ.....
ਪਰ ਵਜ਼ੀਫਾ ਹੈ ਕਿ ਆਉਂਦਾ ਹੀ ਨਹੀਂ
ਉਸਦੀ ਘਰ ਵਾਲੀ ਨੂੰ ਟੀ ਬੀ ਹੈ
ਕਰਤਾਰ ਵੈਦ ਤੋਂ
ਜਿਸਦਾ ਇਲਾਜ ਚਲਦਾ ਹੈ
ਪਿੰਡ ਦੇ ਬਿਮਾਰ ਜਿਹੇ ਸਰਕਾਰੀ
ਹਸਪਤਾਲ ਤੋਂ
ਉਸਨੂੰ ਕੋਈ ਉਮੀਦ ਨਹੀਂ
ਤੇ ਪਰਾਈਵੇਟ ਹਸਪਤਾਲਾਂ ਦੀ
ਇਕ ਵਾਰੀ ਦੀ ਫੀਸ
ਜਿੰਨੇ ਪੈਸੇ ਵੀ
ਉਸ ਕਦੇ ਨਹੀਂ ਵੇਖੇ
ਉਹ ਥੁੜਿਆ ਟੁੱਟਿਆ
ਬੁਰੀ ਤਰਾਂ ਉਲਝਿਆ ਹੋਇਆ ਹੈ
ਪੇਟ ਪਾਲਣ ਦੇ ਆਹਰ ਵਿਚ
ਉਸਨੂੰ ਕੀ ਪਤਾ ਕਿ ਇਹ ਨਾਅਰਾ
ਕਿਸਨੇ ਦਿੱਤਾ ਸੀ.....
'ਦੁਨੀਆਂ ਭਰ ਦੇ
ਮਜ਼ਦੂਰੋ ਇਕ ਹੋ ਜਾਓ'
ਤੇ ਕਿਉਂ ਦਿੱਤਾ ਸੀ
ਉਸਨੂੰ ਇਹ ਵੀ ਨਹੀਂ ਪਤਾ ਕਿ
ਲੀਰ ਲੀਰ ਹੋਏ ਲਾਲ ਝੰਡੇ ਵਿਚੋਂ
ਦਾਤੀ ਹਥੌੜਾ ਬੱਲੀ
ਕਿਉਂ ਭੱਜ ਗਏ ਨੇ......
ਬੱਸ ਉਸਨੂੰ ਤਾਂ ਇਹ ਪਤਾ
ਕਿ ਜਿਉਂਦੇ ਰਹਿਣ ਲਈ ਢਿੱਡ ਨੂੰ
ਰੋਟੀ ਚਾਹੀਦੀ ਹੈ
ਜੀਣ ਦੀ ਖਾਹਿਸ਼...
ਇੱਛਾ...ਸੰਘਰਸ਼
ਅੱਖਾਂ ਨੂੰ ਸੁਪਨੇ....
ਸਾਹਾਂ ਲਾਈ ਤਾਜ਼ੀ ਹਵਾ
ਬੱਚਿਆਂ ਦਾ ਭਵਿੱਖ

ਉਸਨੂੰ ਨਹੀਂ ਪਤਾ
ਅੱਜ ਇਕ ਮਈ ਹੈ
ਤੇ ਇਸ ਦਿਨ
ਮਜ਼ਦੂਰ ਦਿਵਸ ਹੁੰਦਾ ਹੈ।

## ਕਲਮ ਦਾ ਰੰਗ ਲਾਲ / ਵਿਜੇਤਾ ਭਾਰਦਵਾਜ

ਸਾਜਿਸ਼ਾਂ ਤੋਂ
ਪਰਦਾ ਚੁੱਕਣ ਲਈ
ਬਲਦੀ ਨਦੀ ਵਾਂਗ
ਖ਼ੂਨ ਮੇਰੇ ਵਿੱਚ ਉਬਾਲ ਆ ਗਿਆ
ਕਹਿੰਦੇ ਨੇ ਲੋਕ ਮੇਰੀ
ਕਲਮ ਦਾ ਰੰਗ ਲਾਲ ਹੋ ਗਿਆ

ਮੌਤ ਦਾ ਮੰਜ਼ਰ
ਉਦਾਸੀ ਦਾ ਸਮਾਂ
ਸੁੱਤੀ ਹੋਈ ਕੌਮ ਦਾ
ਦੱਸਾਂ ਕੀ ਹਾਲ ਹੋ ਗਿਆ
ਮਜ਼ਲੂਮਾਂ ਨੂੰ ਸੂਲੀ ਚਾੜਨਾ
ਇੱਕ ਵੱਡਾ ਸੁਆਲ ਹੋ ਗਿਆ
ਕਹਿੰਦੇ ਨੇ ਲੋਕ
ਮੇਰੀ ਕਲਮ ਦਾ ਰੰਗ
ਲਾਲ ਹੋ ਗਿਆ।

ਹਨੇਰਿਆਂ 'ਚੋਂ ਚਾਨਣ ਲੱਭਣਾ
ਕੋਈ ਸੌਖਾ ਕੰਮ ਨਹੀਂ
ਨਹੀਂ ਡਰਦੇ ਹੁਣ ਮੌਤ ਤੋਂ ਵੀ
ਜਾਨ ਤਲੀ 'ਤੇ ਧਰਦਿਆਂ
ਕੋਈ ਬੇਖੌਫ਼ ਹੋ ਗਿਆ
ਮੇਰੀ ਕਲਮ ਦਾ ਰੰਗ
ਲਾਲ ਹੋ ਗਿਆ

ਸਮਾਜ ਵਿੱਚ ਬੇਦੋਸ਼ੇ ਮਾਰੇ ਜਾ ਰਹੇ
ਧਰਤੀ ਲਾਲ ਹੋ ਰਹੀ
ਲਿਖਾਂਗੀ ਮੈਂ ਸ਼ਹੀਦਾਂ ਦੇ ਕਿੱਸੇ
ਲਹੂ ਉਨ੍ਹਾਂ ਦਾ
ਬੇਅਰਥ ਨਹੀਂ ਜਾਵੇਗਾ।



## ਕਹਾਣੀ / ਸਕੂਲ ਟਰਿੱਪ / ਕੁਲਬੀਰ ਬਡੇਸਰੋਂ



"ਮੰਮੀ, ਇਸ ਵਾਰ ਸਾਡੇ ਸਕੂਲ ਦਾ ਟਰਿੱਪ ਜਾ ਰਿਹਾ ਹੈ ਪਿੰਕ ਸਿਟੀ 'ਚ ਪਲੀਜ਼ ਇਸ ਵਾਰ ਮੈਨੂੰ ਭੇਜ ਦੇ, ਪਿਛਲੀ ਵਾਰ ਆਗਰੇ ਗਿਆ ਸੀ ਤਾਂ ਤੂੰ ਮੈਨੂੰ ਨਹੀਂ ਭੇਜਿਆ ਸੀ..."

"ਹਾਂ, ਤੂੰ ਛੋਟੀ ਏਂ ਨਾ, ਤਾਂ ਮੈਨੂੰ ਡਰ ਲੱਗਦਾ ਏ, ਇਸ ਲਈ ਨਹੀਂ ਭੇਜਿਆ ਸੀ..."

ਅੰਜਲੀ ਨੇ ਆਪਣੀ ਛੋਟੀ ਬੇਟੀ ਨੂੰ ਟਾਲਣ ਲਈ ਕਿਹਾ। ਵੈਸੇ ਉਹ ਜਾਣਦੀ ਏ ਕਿ ਡਰ ਨਾਲੋਂ ਜ਼ਿਆਦਾ ਉਸ ਨੂੰ ਪੈਸਿਆਂ ਦਾ ਫ਼ਿਕਰ ਸੀ ਕਿ ਟਰਿੱਪ ਦੇ ਏਨੇ ਸਾਰੇ ਪੈਸੇ ਦੇ ਕੇ ਪੂਰੇ ਮਹੀਨੇ ਦਾ ਬਜਟ ਗੜਬੜ ਹੋ ਜਾਣਾ ਸੀ।

"ਪਰ ਹੁਣ ਤਾਂ ਮੈਂ ਛੋਟੀ ਨਹੀਂ ਹਾਂ, ਅੱਠਵੀਂ ਕਲਾਸ 'ਚ ਹੋ ਗਈ ਹਾਂ, ਚੌਦ੍ਹਵਾਂ ਵਰ੍ਹਾ ਲੱਗ ਗਿਆ ਏ ਮੈਨੂੰ..." ਛੋਟੀ ਬੇਟੀ ਨੇ ਬਹੁਤ ਕਾਨਫ਼ੀਡੈਂਸ ਨਾਲ ਕਿਹਾ। "ਕਿੰਨੇ ਪੈਸੇ ਲੱਗਣੇ ਨੇ ਟਰਿੱਪ ਦੇ?" ਅੰਜਲੀ ਦਾ ਦਿਲ ਜਾਣਦਾ ਸੀ, ਉਹ ਐਵੇਂ ਹੀ ਪੁੱਛ ਰਹੀ ਹੈ, ਉਸਨੇ ਤਾਂ ਬੇਟੀ ਨੂੰ ਕਿਸੀ ਨਾ ਕਿਸੀ ਤਰ੍ਹਾਂ ਮਨਾ ਹੀ ਲੈਣਾ ਸੀ ਟਰਿੱਪ 'ਤੇ ਨਾ ਜਾਣ ਲਈ, ਪਰ ਪੁੱਛਣ 'ਚ ਕੀ ਹਰਜ ਹੈ?

"ਚਾਰ ਹਜ਼ਾਰ", ਬੇਟੀ ਨੇ ਥੋੜ੍ਹੀ ਝਿਜਕ ਨਾਲ ਕਿਹਾ। ਉਹ ਵੀ ਜਾਣਦੀ ਸੀ ਕਿ ਏਨੀ ਰਕਮ ਸੁਣ ਕੇ ਮਾਂ ਪਰੇਸ਼ਾਨ ਹੋ ਜਾਵੇਗੀ। ਉਹ ਜਾਣਦੀ ਹੈ ਮਾਂ ਨੂੰ। ਮਾਂ ਤਾਂ ਛੋਟੀ ਜਿਹੀ ਰਕਮ ਸੁਣ ਕੇ ਵੀ ਪਰੇਸ਼ਾਨ ਹੋ ਜਾਂਦੀ ਹੈ...

ਫੇਰ ਇਹ ਤਾਂ ਚਾਰ ਹਜ਼ਾਰ ਹੈ ...।

"ਚਾਰ ਹਜ਼ਾਰ ...?" ਅੰਜਲੀ ਸੱਚਮੁੱਚ ਪਰੇਸ਼ਾਨ ਹੋ ਗਈ ਸੀ, ਸੋਚ ਵਿਚ ਪੈ ਗਈ ਸੀ।

"ਕੌਣ-ਕੌਣ ਜਾ ਰਿਹਾ ਹੈ ? ਤੇਰੀ ਫ਼ਰੈਂਡ ਮਾਧੁਰੀ ਵੀ ਜਾ ਰਹੀ ਹੈ?" ਐਵੇਂ ਉਸਨੇ ਪੁੱਛਿਆ। ਅੰਦਰੋਂ ਉਹ ਜਾਣਦੀ ਸੀ ਕਿ ਇਹ ਸਵਾਲ ਵੀ ਫ਼ਜ਼ੂਲ ਹੈ, ਬਿਲਕੁਲ ਖੋਖਲਾ ਹੈ, ਚੱਲੇ ਹੋਏ ਕਾਰਤੂਸ ਵਾਂਗ...। ਭਲਾ ਇਸ ਸਵਾਲ ਦਾ ਕੀ ਮਤਲਬ ਹੈ? ਸਕੂਲ ਟਰਿੱਪ ਜਾ ਰਿਹਾ ਹੈ ਤਾਂ ਬੱਚੇ ਤਾਂ ਜਾਣਗੇ ਹੀ, ਪ੍ਰਿੰਸੀਪਲ ਵੀ ਜਾਵੇਗੀ, ਸੁਰੱਖਿਆ ਦਾ ਪੂਰਾ ਇੰਤਜ਼ਾਮ ਵੀ ਹੋਵੇਗਾ, ਸਭ ਕੁਝ ਸਹੀ ਹੋਵੇਗਾ... ਫਿਰ ਵੀ.... ਫਿਰ ਵੀ ਕੀ? ਬੱਸ ਇਹੀ ਕਿ ਟਰਿੱਪ ਦੇ ਪੈਸੇ ਬਹੁਤ ਜ਼ਿਆਦਾ ਹਨ ... ਹਜ਼ਾਰ ਕੁ ਹੋਣਾ ਚਾਹੀਦਾ ਹੈ...। ਸਕੂਲ ਵਾਲਿਆਂ ਨੂੰ ਖ਼ੁਦ ਵੀ ਤਾਂ ਸੋਚਣਾ ਚਾਹੀਦਾ ਹੈ, ਫ਼ੀਸਾਂ ਲੈਂਦੇ ਹਨ ... ਡੋਨੇਸ਼ਨਾਂ ਲੈਂਦੇ ਹਨ, ਫੇਰ ਇਹ ਅਲੱਗ ਤੋਂ ਏਨੇ ਪੈਸੇ ... ।

"ਮੰਮੀ ਕੀ ਹੋਇਆ?... ਅੱਛਾ ਠੀਕ ਹੈ, ਮੈਂ ਨਹੀਂ ਜਾਵਾਂਗੀ... ਬੱਸ? ਵੈਸੇ ਮੈਨੂੰ ਡਰ ਵੀ ਲੱਗਦਾ ਹੈ... ਜਦੋਂ ਕਦੀ ਅੱਗੋਂ ਮੌਕਾ ਮਿਲਿਆ ਤਾਂ ਮੈਂ ਤੇਰੇ ਨਾਲ ਜਾਵਾਂਗੀ, ਨਾਲ ਦੀਦੀ ਵੀ ਹੋਏਗੀ... ਓ. ਕੇ. ?"

ਛੋਟੀ ਬੇਟੀ ਨੇ ਮਾਂ ਦੇ ਗਲ 'ਚ ਲਾਡ ਨਾਲ ਬਾਂਹ ਵਲਾ ਕੇ ਕਿਹਾ, ਚਿਹਰੇ 'ਤੇ ਮੁਸਕੁਰਾਹਟ ਨਾਲ।

"ਪਰ ਤੂੰ ਫ਼ਰੈਂਡਜ਼ ਨਾਲ ਇਨਜੁਆਏ ਕਰਨਾ ਚਾਹੁੰਦੀ ਏਂ ਨਾ ?"

ਮਾਂ ਬੇਟੀ ਦੇ ਦਿਲ ਦੀ ਗੱਲ ਜਾਣਦੀ ਸੀ। ਪਰ ਬੇਟੀ ਵੀ ਕਿੱਥੇ ਘੱਟ ਸੀ, ਉਹ ਵੀ ਮਾਂ ਦੇ ਦਿਲ ਦੀ ਗੱਲ ਜਾਣਦੀ ਸੀ। ਮਾਂ ਦੀਆਂ ਥੁੜਾਂ, ਮਾਂ ਦੀਆਂ ਮਜਬੂਰੀਆਂ ... ਮਾਂ ਦੀਆਂ ਜ਼ਿੰਮੇਵਾਰੀਆਂ...।

"ਓਹੋ ਨਹੀਂ ਮੰਮੀ... ਮੈਂ ਤਾਂ ਐਵੇਂ ਕਿਹਾ ਸੀ ਕਿ ਮੈਂ ਜਾਣਾ ਚਾਹੁੰਦੀ ਹਾਂ... ਅਸਲ 'ਚ ਮੈਂ ਨਹੀਂ ਜਾਣਾ ਚਾਹੁੰਦੀ... ਆਈ ਸਵੇਅਰ... ਮੈਂ ਤੇਰੇ ਨਾਲ ਤੇ ਦੀਦੀ ਨਾਲ ਹੀ ਜਾਣਾ ਚਾਹੁੰਦੀ ਹਾਂ ... ਸੱਚਮੁੱਚ... ਓ. ਕੇ.! ਹੁਣ ਚਿੱਲ..."

ਬੇਟੀ ਮਾਂ ਨਾਲ ਹੋਰ ਵੀ ਲਾਡ ਲਡਾਉਣ ਲੱਗ ਪਈ। ਹਮੇਸ਼ਾ ਇੰਜ ਹੀ ਕਿਉਂ ਹੁੰਦਾ ਹੈ? ਅੰਜਲੀ ਉਦਾਸ ਹੋ ਗਈ। ਹਮੇਸ਼ਾ ਉਹ ਕੋਸ਼ਿਸ਼ ਕਰਦੀ ਹੈ ਕਿ ਦੋਵਾਂ ਬੇਟੀਆਂ ਦੀ ਹਰ ਖ਼ੁਸ਼ੀ ਪੂਰੀ ਕਰੇ, ਹਰ ਲੋੜ ਪੂਰੀ ਕਰੇ, ਪਰ ਫਿਰ ਵੀ ਕਦੇ ਜਦ ਜ਼ਿਆਦਾ ਖੁੱਲ੍ਹੇ ਪੈਸੇ ਦੀ ਲੋੜ ਪੈ ਜਾਂਦੀ ਹੈ ਤਾਂ ਉਹ ਕਮਜ਼ੋਰ ਪੈ ਜਾਂਦੀ ਹੈ। ਜਿਵੇਂ ਜਦੋਂ ਵਧੀਆ ਰੈਸਟੋਰੈਂਟ 'ਚ ਖਾਣਾ ਖਾਣ ਦੀ ਗੱਲ ਆਉਂਦੀ ਹੈ... ਜਾਂ ਜਦੋਂ ਮਾਰਕੀਟ 'ਚ ਆਏ ਨਵੇਂ ਮੋਬਾਇਲ, ਲੈਪਟਾਪ, ਆਈ-ਪੈਡ, ਆਈ ਪੌਂਡ ਜਾਂ ਐਲ. ਈ. ਡੀ. ਟੀ. ਵੀ. ਲੈਣ ਦੀ ਗੱਲ ਤੁਰਦੀ ਹੈ... ਜਾਂ ਜਦੋਂ ਬੇਟੀਆਂ ਵਧੀਆ ਕਲੱਬਾਂ ਦੇ ਸਵੀਮਿੰਗ ਪੂਲ ਜਾਂ ਸਕੇਟਿੰਗ ਜਾਂ ਜਿੰਮ ਜੁਆਇਨ ਕਰਨ ਦੀਆਂ ਗੱਲਾਂ ਕਰਦੀਆਂ ਨੇ... ਆਪਣੀਆਂ ਫ਼ਰੈਂਡਜ਼ ਦੀਆਂ ਮਿਸਾਲਾਂ ਦਿੰਦੀਆਂ ਨੇ... ਤਾਂ ਉਹ ਬੇਬਸ ਜਿਹੀ ਮਹਿਸੂਸ ਕਰਨ ਲੱਗ ਪੈਂਦੀ... ਫੇਰ ਲੱਗਦਾ ਹੈ ਕਿ ਉਸਦੇ ਹੱਥ-ਪੈਰ ਫੁੱਲ ਰਹੇ ਹਨ ਘਬਰਾਹਟ 'ਚ, ਪਰੇਸ਼ਾਨੀ 'ਚ... ਉਦੋਂ ਉਸਨੂੰ ਲੱਗਦਾ ਹੈ ਉਹ ਕਿੰਨੀ ਇਕੱਲੀ ਹੈ, ਭਾਵੇਂ ਉਹ ਨੌਕਰੀ ਕਰਦੀ ਹੈ, ਅੱਛੀ ਪੋਸਟ 'ਤੇ ਹੈ, ਅੱਛੀ ਤਨਖ਼ਾਹ ਹੈ, ਪਰ ਇਹ ਹੋਰ ਸੁੱਖ, ਇਹ ਹੋਰ ਸਹੂਲਤਾਂ, ਖ਼ੁਸ਼ੀਆਂ ਬੱਸ ਇਕ ਹੋਰ ਏਨੀ ਹੀ ਤਨਖ਼ਾਹ ਹੁੰਦੀ... ਪਰ ਕਿਸ ਦੀ? ਉਸ ਦੇ ਪਤੀ ਦੀ?... ਹਾਂ ਪਤੀ ਦੀ... ਹੈ ਨਾ! ਪਰ ਉਹ ਤਨਖ਼ਾਹ ਸਿਰਫ਼ ਉਸਦੇ ਆਪਣੇ-ਆਪ ਲਈ ਹੈ, ਉਸ ਦੀ ਐਸ਼ ਲਈ ਹੈ। ਕਾਸ਼! ਤਲਾਕ ਵੇਲੇ ਉਹ ਥੋੜ੍ਹੀ ਹਿੰਮਤ ਵਿਖਾਉਂਦੀ, ਕੋਰਟ 'ਚ ਕੇਸ ਕਰਦੀ, ਪਤੀ ਤੋਂ ਖ਼ਰਚਾ ਲੈਣ ਦਾ... ਪਰ ਸਭ ਨੇ ਕਿਹਾ "ਛੱਡ ਪਰ੍ਹਾਂ, ਨਾ ਪੈ ਇਨ੍ਹਾਂ ਝੰਜਟਾਂ 'ਚ, ਤੂੰ ਆਪ ਕਮਾਉਂਦੀ ਏਂ, ਇਸ ਲਈ ਤੈਨੂੰ ਖ਼ਰਚਾ ਮਿਲੇਗਾ ਵੀ ਨਹੀਂ...... ਨਾਲੇ ਖ਼ਰਚਾ ਦੇਣ ਵਾਲਾ ਇਨਸਾਨ ਤਾਂ ਬਿਨਾਂ ਕਿਸੀ ਕੇਸ ਤੋਂ ਵੀ, ਫ਼ਰਜ਼ ਸਮਝ ਕੇ ਦਿੰਦਾ ਹੈ, ਕੀ ਉਹ ਨਹੀਂ

ਜਾਣਦਾ ਕਿ ਪੜ੍ਹਾਈਆਂ 'ਤੇ ਅੱਜ ਕੱਲ੍ਹ ਕਿੰਨਾ ਖ਼ਰਚਾ ਹੁੰਦਾ ਹੈ ? ਸਕੂਲਾਂ, ਕਾਲਜ ਦੀਆਂ ਫ਼ੀਸਾਂ ਤੇ ਫੇਰ ਟਿਊਸ਼ਨਾਂ ਦੀਆਂ ਫ਼ੀਸਾਂ ਹੀ ਨਹੀਂ ਮਾਣ... ਫੇਰ ਹੋਰ ਸੌ ਖ਼ਰਚੇ ..."

"ਮੰਮੀ ਤੂੰ ਉਦਾਸ ਕਿਉਂ ਹੋ ਗਈ ਏਂ ? ਕੁੱਝ ਨਾ ਸੋਚ, ਬਿਲੀਵ ਮੀ, ਤੂੰ ਸਾਡੇ ਲਈ ਕੋਈ ਕਮੀ ਨਹੀਂ ਰਹਿਣ ਦਿੱਤੀ... ਯੂ ਆਰ ਏ ਵੰਡਰਫੁੱਲ ਮਦਰ..." ਛੋਟੀ ਬੇਟੀ ਨੇ ਅੰਜਲੀ ਨੂੰ ਪੂਰਾ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਉਸਨੂੰ ਜ਼ਰਾ ਵੀ ਅਫ਼ਸੋਸ ਨਹੀਂ ਹੋ ਰਿਹਾ ਹੈ ਕਿ ਉਹ ਸਕੂਲ-ਟਰਿੱਪ 'ਤੇ ਨਹੀਂ ਜਾ ਰਹੀ ਹੈ।

"ਕਿੰਨੀ ਸਿਆਣੀ ਹੈ ਮੇਰੀ ਧੀ ! ਮੇਰਾ ਕਿੰਨਾ ਖ਼ਿਆਲ ਰੱਖ ਰਹੀ ਹੈ, ਤੇ ਮੈਂ ...ਮੈਂ ਇਸ ਦੀ ਛੋਟੀ ਜਿਹੀ ਖ਼ੁਸ਼ੀ ਵੀ ਪੂਰੀ ਨਹੀਂ ਕਰ ਸਕਦੀ, ਲਾਹਨਤ ਹੈ ਮੇਰੇ 'ਤੇ ... ਲਾਹਨਤ ਹੈ ਉਸ ਘੜੀ 'ਤੇ ਜਦ ਮੈਂ ਜੰਮੀ ਸੀ... ਆਪਣੇ ਕਾਲੇ, ਥੁੜ੍ਹਾਂ ਵਾਲੇ ਕਰਮ ਲੈ ਕੇ ਜੰਮੀ ਸੀ ਮੈਂ... ਕਾਸ਼! ਮੈਂ ਜਨਮ ਹੀ ਨਾ ਲੈਂਦੀ... ਕਾਸ਼!... ਅੰਜਲੀ ਦਾ ਦਿਲ ਕੀਤਾ ਕਿ ਉਹ ਰੱਜ ਕੇ ਆਪਣੇ ਆਪ ਨੂੰ ਕੋਸੇ, ਲਾਹਨਤ ਹੈ ਮੇਰੇ ਸੁਹੱਪਣ 'ਤੇ, ਕਾਹਦੀ ਮੈਂ ਸੋਹਣੀ... ਜਦ ਮੇਰਾ ਪਤੀ ਮੈਨੂੰ ਛੱਡ ਕੇ ਕਿਸੀ ਹੋਰ ਸੋਹਣੀ 'ਤੇ ਮੋਹਿਤ ਹੋ ਗਿਆ... ਸਾਨੂੰ ਛੱਡ ਕੇ ਚਲਾ ਗਿਆ... ਮੇਰੇ ਜਿਹੀ ਤਾਂ ਕੁਸੋਹਣੀ ਕੋਈ ਨਹੀਂ ਹੋਣੀ... ਅੰਜਲੀ ਉੱਠ ਕੇ ਰਸੋਈ 'ਚ ਚਲੀ ਗਈ, ਰਾਤ ਦੇ ਖਾਣੇ ਦਾ ਪ੍ਰਬੰਧ ਕਰਨ ਲੱਗ ਪਈ। ਪਰ ਮਨ ਸੀ ਕਿ ਉੱਖੜ ਚੁੱਕਾ ਸੀ, ਟਿਕਾਣੇ 'ਚ ਨਹੀਂ ਸੀ ਆ ਰਿਹਾ।

ਹਮੇਸ਼ਾ ਹੀ ਇੰਜ ਹੁੰਦਾ ਹੈ ਜਦ ਕੋਈ ਰੁਟੀਨ ਤੋਂ ਹਟ ਕੇ ਖ਼ਰਚਾ ਕਰਨ ਦੀ ਗੱਲ ਹੁੰਦੀ ਹੈ ਤਾਂ ਉਸਦਾ ਮਨ ਉੱਖੜ ਜਾਂਦਾ ਹੈ। ਕਈ ਵਾਰ ਤਾਂ ਛੋਟੀ-ਛੋਟੀ ਗੱਲ 'ਤੇ ਵੀ ਇੰਜ ਹੋ ਜਾਂਦਾ ਹੈ। ਜਿਵੇਂ ਜਦ ਬੇਟੀਆਂ ਪੀਜ਼ਾ ਆਰਡਰ ਕਰਨ ਦੀ ਗੱਲ ਕਰਦੀਆਂ ਨੇ, ਮੈਕਡੋਨਲਡ ਜਾਣਾ ਚਾਹੁੰਦੀਆਂ ਨੇ, ਜਾਂ ਪੀ. ਵੀ. ਆਰ. 'ਚ ਜਾ ਕੇ ਫ਼ਿਲਮ ਵੇਖਣਾ ਚਾਹੁੰਦੀਆਂ ਨੇ, ਜਿੱਥੇ ਇੱਕ ਜਣੇ ਦੀ ਟਿਕਟ ਹੀ ਤਿੰਨ ਸਾਢੇ ਤਿੰਨ ਸੌ ਤੋਂ ਸ਼ੁਰੂ ਹੁੰਦੀ ਹੈ, ਜਾਂ ਬਰੈਂਡਿਡ ਡਰੈੱਸਜ਼ ਲੈਣਾ ਚਾਹੁੰਦੀਆਂ ਨੇ ਜਾਂ ਕੁੱਝ ਵੀ ਹੋਰ ਮਿਡਲ ਕਲਾਸ ਤੋਂ ਅਪਰ ਕਲਾਸ ਵੱਲ ਜਾਣ ਦੀ ਗੱਲ ਕਰਦੀਆਂ ਨੇ ਤਾਂ ਉਸਦਾ ਮਨ ਉੱਖੜ ਜਾਂਦਾ ਹੈ। ਉਦੋਂ ਉਹ ਸੋਚਣ ਲੱਗ ਪੈਂਦੀ ਹੈ, ਕਿ ਉਹ ਇਨ੍ਹਾਂ ਨੂੰ ਲੈ ਕੇ ਮਹਾਂਨਗਰ 'ਚ ਕਿਉਂ ਬੈਠੀ ਹੈ, ਜਿੱਥੇ ਸਭ ਕੁੱਝ ਮਹਿੰਗਾ ਹੈ, ਜਿੱਥੋਂ ਦਾ ਲਾਇਫ਼ ਸਟਾਇਲ ਬੱਚਿਆਂ ਨੂੰ ਆਕਰਸ਼ਿਤ ਕਰਦਾ ਹੈ, ਉਨ੍ਹਾਂ ਦੀਆਂ ਮੰਗਾਂ ਨੂੰ ਵਧਾਉਂਦਾ ਹੈ। ਭਾਵੇਂ ਉਹ ਬਥੇਰੀ ਕੋਸ਼ਿਸ਼ ਕਰਦੀ ਹੈ ਕਿ ਉਹ ਆਪਣੇ ਬੱਚਿਆਂ ਦੀਆਂ ਮੰਗਾਂ ਪੂਰੀਆਂ ਕਰੇ। ਆਪਣੇ-ਆਪ ਲਈ ਰੱਜ ਕੇ ਕੰਜੂਸੀ ਕਰਦੀ ਹੈ। ਆਪਣੀ ਪਸੰਦ ਦੀਆਂ ਡਰੈਸਜ਼ ਨੂੰ ਹੱਥ ਲਾ ਕੇ ਮੁੱਲ ਦੇ ਟੈਗ ਪੜ੍ਹ ਕੇ ਛੱਡ ਦਿੰਦੀ ਹੈ, ਖ਼ੁਦ ਥੀਏਟਰਜ਼, ਸਿਨੇਮਾ, ਕਾਨਸਰਟਜ਼, ਨਾ ਜਾ ਕੇ ਬੇਟੀਆਂ ਨੂੰ ਹੀ ਭੇਜ ਦਿੰਦੀ ਹੈ... ਕਦੀ ਬਿਊਟੀ-ਪਾਰਲਰ ਨਹੀਂ ਜਾਂਦੀ, ਸਪਾ 'ਚ ਜਾਣਾ ਤਾਂ ਬਹੁਤ ਦੂਰ ਦੀ ਗੱਲ ਹੈ। ਖ਼ਰਚੇ ਹੀ ਏਨੇ ਨੇ, ਉਹ ਕਰੇ ਤਾਂ ਕੀ ਕਰੇ ?

ਅਸਲ 'ਚ ਹਰ ਵੇਲੇ ਇਨਸਿਕਿਓਰਿਟੀ ਦੀ ਭਾਵਨਾ ਹੀ ਭਾਰੂ ਰਹਿੰਦੀ ਹੈ, ਜੇ ਕਦੇ ਉਹ ਬਹੁਤ ਬੀਮਾਰ ਹੋ ਗਈ ? ਜੇ ਕਦੇ ... ਐਕਸੀਡੈਂਟ ਹੋ ਗਿਆ ਫੇਰ ? ਜੇ ਹੌਸਪੀਟਲ ਐਡਮਿਟ ਹੋਣਾ ਪਿਆ ਫੇਰ ?... ਬੱਸ ਇਨ੍ਹਾਂ ਡਰਾਂ ਕਾਰਨ ਹੈਲਥ ਪਾਲਿਸੀਆਂ ਲੈ ਕੇ ਰੱਖੀਆਂ ਨੇ... ਆਪਣੇ ਨਾਂਅ 'ਤੇ, ਬੇਟੀਆਂ ਦੇ ਨਾਂਅ 'ਤੇ, ਓਨ੍ਹਾਂ ਦੀਆਂ ਕਿਸ਼ਤਾਂ ਭਰਦੀ ਹੈ ਉਹ ! ਫੇਰ ਮਕਾਨ ਲਿਆ ਸੀ ਤਾਂ ਬੈਂਕ ਤੋਂ ਲੋਨ ਲਿਆ ਸੀ, ਉਸ ਦੀਆਂ ਕਿਸ਼ਤਾਂ ਭਰਦੀ ਹੈ, ਛੋਟੀ ਜਿਹੀ ਡੀਜ਼ਲ 'ਤੇ ਚੱਲਣ ਵਾਲੀ ਟਾਟਾ ਦੀ ਕਾਰ ਲੈ ਲਈ ਸੀ ਤਾਂ ਉਸ ਦੀਆਂ ਵੀ ਕਿਸ਼ਤਾਂ ਭਰਦੀ ਹੈ, ਫੇਰ ਮਕਾਨ ਜਿਸ ਨੂੰ ਫਲੈਟ ਕਹਿਣਾ ਜ਼ਿਆਦਾ ਵਾਜਿਬ ਹੈ, ਦੀ ਮੈਂਟੇਨੈਂਸ ਹਰ ਮਹੀਨੇ ਦੇਣੀ ਪੈਂਦੀ ਹੈ। ਬਾਕੀ ਮੋਬਾਇਲਾਂ ਦੇ ਬਿਲ, ਕੰਪਿਊਟਰ ਦੇ ਇੰਟਰਨੈੱਟ ਦਾ ਬਿਲ, ਬਿਜਲੀ ਤੇ ਗੈਸ ਦਾ ਬਿਲ, ਬੱਸ ਬਿਲ ਹੀ ਬਿਲ ... ਕਿਸ਼ਤਾਂ ਹੀ ਕਿਸ਼ਤਾਂ.. ਤਨਖ਼ਾਹ ਵਿਚਾਰੀ ਕੀ ਕਰੇ... ਪਰਸ 'ਚ ਪੈਸੇ ਹੁੰਦੇ ਨੇ, ਸੇਵਿੰਗ ਅਕਾਊਂਟ 'ਚ ਹੁੰਦੇ ਨੇ, ਫੇਰ ਵੀ ਡਰ ਬਣਿਆ ਰਹਿੰਦਾ ਹੈ... ਜੇ ਮੁੱਕ ਗਏ ਫੇਰ...? ਫੇਰ ਉਹ ਕੰਜੂਸੀਆਂ ਨਾ ਕਰੇ ਤਾਂ ਕੀ ਕਰੇ? ਕੰਜੂਸੀਆਂ ਵੀ ਅਜਿਹੀਆਂ ਕਿ ਜੋ ਜ਼ਿਆਦਾਤਰ ਉਸ ਦੇ ਆਪਣੇ-ਆਪ ਉੱਪਰ ਹੀ ਲਾਗੂ ਹੁੰਦੀਆਂ ਨੇ, ਜਿਵੇਂ ਕਈ ਸਾਲਾਂ ਤੋਂ ਉਹ ਸਵੇਰੇ-ਸਵੇਰੇ ਉੱਠ ਕੇ ਸੈਰ ਕਰਨ ਲਈ ਜਾਂਦੀ ਹੈ। ਘਰ ਦੀ ਬਿਲਡਿੰਗ ਦੇ ਪਿਛਲੇ ਪਾਸੇ ਤਾਂ ਹੈ ਪਾਰਕ। ਸੈਰ ਤੋਂ ਬਾਅਦ ਪਾਰਕ ਤੋਂ ਬਾਹਰ ਨਿਕਲਦੀ ਹੈ ਤਾਂ ਸਾਹਮਣੇ ਨਾਰੀਅਲ ਪਾਣੀ ਦੀ ਰੇੜ੍ਹੀ ਲੱਗੀ ਹੁੰਦੀ ਹੈ ਤੇ ਦੂਜੀ ਰੇੜ੍ਹੀ 'ਤੇ ਤਰ੍ਹਾਂ-ਤਰ੍ਹਾਂ ਦੇ ਸੂਪ ਵਿਕ ਰਹੇ ਹੁੰਦੇ ਨੇ, ਜਿਵੇਂ ਕਣਕ ਦਾ ਸੂਪ, ਕਰੇਲੇ ਦਾ ਸੂਪ, ਮਿਕਸ ਹੈਲਥ ਲਈ ਫ਼ਾਇਦੇਮੰਦ... ਪਰ ਹਰ ਸਾਲ ਉਸ ਨੂੰ ਲੱਗਦਾ ਹੈ ਕਿ ਸੂਪ ਬੜੇ ਮਹਿੰਗੇ ਹਨ, ਤੇ ਨਾਰੀਅਲ ਪਾਣੀ ਵੀ ਬੜਾ ਮਹਿੰਗਾ ਹੈ... "ਭਲਾ ਦੱਸੋ ਛੋਟਾ ਜਿਹਾ ਨਾਰੀਅਲ ਪਾਣੀ ਤੇ ਪੱਚੀ ਰੁਪਏ ... ਅਗਲੇ ਮਹੀਨੇ ਤੋਂ ਸ਼ੁਰੂ ਕਰਾਂਗੀ..."

ਫੇਰ ਅਗਲਾ ਮਹੀਨਾ ਤਾਂ ਕੀ ਅਗਲਾ ਸਾਲ ਆ ਜਾਂਦਾ ਹੈ... ਇੱਕ ਘੰਟੇ ਦੀ ਸੈਰ ਮਗਰੋਂ ਗਲਾ ਸੁੱਕ ਜਾਂਦਾ ਹੈ, ਦਿਲ ਕਰਦਾ ਹੈ ਨਾਰੀਅਲ ਪਾਣੀ ਪੀ ਲਵੇ, ਪਰ ਹੁਣ ਤਾਂ ਮੁੱਲ ਪੈਂਤੀ ਰੁਪਏ ਹੋ ਚੁੱਕਾ ਹੈ... ਹੁਣ ਕੀ ਪੀਣਾ... ਪਤਾ ਨਹੀਂ ਇਹ ਲੋਕ ਕੌਣ ਨੇ, ਜੋ ਚਿੱਟੇ ਕਰੀਜ਼ਾਂ ਵਾਲੇ ਟਰੈਕ ਸੂਟ ਜਾਂ ਥਰੀਫੋਰਥ ਨਿੱਕਰਾਂ ਪਾ ਕੇ ਸੈਰਾਂ ਕਰਦੇ ਨੇ ਤੇ ਫੇਰ ਸੂਪ ਜਾਂ ਨਾਰੀਅਲ ਪਾਣੀ ਵਾਲੀਆਂ ਰੇੜ੍ਹੀਆਂ ਦੁਆਲੇ ਖੁੱਲ੍ਹ ਕੇ, ਰੀਲੈਕਸ ਹੋ ਕੇ ਜਾ ਖੜ੍ਹਦੇ ਨੇ, ਤੇ ਜੋ ਚਾਹੁੰਦੇ ਨੇ, ਪੀਂਦੇ ਨੇ... ਉਹ ਕਦੋਂ ਹੋਵੇਗੀ ਰੀਲੈਕਸ... ਬੇਫ਼ਿਕਰ... ਕਦੋਂ ਇਸ ਰੁਟੀਨ ਤੋਂ ਉੱਭਰੇਗੀ ਕਿ ਕਦੇ ਉਹ ਬੇਟੀਆਂ ਨਾਲ ਕਿਸੀ ਸਸਤੇ ਜਿਹੇ ਰੈਸਟੋਰੈਂਟ 'ਚ ਚਲੀ ਹੀ ਜਾਵੇ ਤਾਂ ਦੋ ਹੀ ਪਲੇਟਾਂ ਦਾ ਆਰਡਰ ਦੇਵੇਗੀ, ਫੇਰ

ਜਦੋਂ ਦੋ ਪਲੇਟਾਂ ਆ ਜਾਣ ਤਾਂ ਬੇਟੀਆਂ ਅੱਗੇ ਸਰਕਾ ਦੇਵੇਗੀ, ਤੇ ਆਪ ਵਿੱਚ-ਵਿੱਚ ਠੂੰਗਾ ਜਿਹਾ ਮਾਰ-ਮਾਰ ਖਾਵੇਗੀ। ਬੇਟੀਆਂ ਵੀ ਜ਼ਿਦ ਨਹੀਂ ਕਰਦੀਆਂ ਕਿ ਅਲੱਗ ਤੋਂ ਪਲੇਟ ਮੰਗਵਾਉਣ ਲਈ ਮਾਂ ਨੂੰ ਕਹਿਣ...ਸਗੋਂ ਆਪਣੀ-ਆਪਣੀ ਪਲੇਟ ਉਸ ਵੱਲ ਸਰਕਾ-ਸਰਕਾ ਕੇ ਕਹਿੰਦੀਆਂ ਰਹਿੰਦੀਆਂ ਨੇ "ਲਓ ਨਾ ਮੰਮੀ... ਖਾਓ ਨਾ ਮੰਮੀ..."

ਸ਼ੁਕਰ ਹੈ ਉਸ ਦੀਆਂ ਬੇਟੀਆਂ ਸਮਝਦਾਰ ਨੇ ... ਅੰਜਲੀ ਸੋਚਦੀ ਤੇ ਹਉਕਾ ਭਰਦੀ। ਲੱਗਦਾ ਹੈ ਕਿ ਪੂਰੀ ਜ਼ਿੰਦਗੀ ਸੁੰਗੜ ਕੇ ਇੱਕ ਹਉਕਾ ਬਣ ਕੇ ਰਹਿ ਗਈ ਹੈ।

ਪਰ ਜਦ ਬੇਟੀਆਂ ਨੂੰ ਚਹਿਕ-ਚਹਿਕ ਕੇ ਗੱਲਾਂ ਕਰਦਿਆਂ ਵੇਖਦੀ ਹੈ, ਸਕੂਲਾਂ-ਕਾਲਜਾਂ ਦੇ ਡੀਬੇਟਾਂ 'ਚ, ਨਾਟਕਾਂ 'ਚ, ਡਾਂਸ ਕੰਪੀਟੀਸ਼ਨਾਂ 'ਚ ਫ਼ਸਟ ਆਉਂਦਿਆਂ ਵੇਖਦੀ ਹੈ ਤਾਂ ਉਸ ਨੂੰ ਲੱਗਦਾ ਹੈ, "ਹਾਂ ਮੈਂ ਆਪਣੀਆਂ ਬੱਚੀਆਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੀ ਹਾਂ... ਤਾਂ ਹੀ ਤਾਂ ਉਹ ਖ਼ੁਸ਼ ਹਨ, ਪੜ੍ਹਾਈ 'ਚ, ਕਲਚਰਲ ਪ੍ਰੋਗਰਾਮਾਂ 'ਚ ਅੱਗੇ ਹਨ..."

ਫੇਰ ਕਦੇ ਕੋਈ ਕੰਪਲੇਟ ਵੀ ਤਾਂ ਨਹੀਂ ਕਰਦੀਆਂ, ਹਮੇਸ਼ਾ ਇਹੀ ਜਤਾਉਂਦੀਆਂ ਹਨ ਕਿ ਉਨ੍ਹਾਂ ਨੂੰ ਕੋਈ ਕਮੀ ਨਹੀਂ ਹੈ... ਤੇ ਉਹ ਵੀ ਉਨ੍ਹਾਂ ਵਿਚ ਇਹੀ ਕਾਨਫ਼ੀਡੈਂਸ ਭਰਨਾ ਚਾਹੁੰਦੀ ਸੀ ਕਿ ਉਨ੍ਹਾਂ ਨੂੰ ਕੋਈ ਕਮੀ ਨਹੀਂ, ਰਿਸ਼ਤਿਆਂ 'ਚ ਵੀ ਨਹੀਂ... ਪਾਪਾ ਦਾ, ਦਾਦਾ-ਦਾਦੀ ਦਾ, ਚਾਚਾ-ਚਾਚੀ ਦਾ, ਤਾਇਆ-ਤਾਈ ਦਾ ਜਾਂ ਭੂਆ-ਫੁੱਫੜ ਦਾ ਪਿਆਰ ਉਨ੍ਹਾਂ ਲਈ ਨਹੀਂ ਤਾਂ ਕੀ ਹੋਇਆ, ਉਨ੍ਹਾਂ ਦੇ ਮਾਮੇ ਹਨ, ਮਾਮੀਆਂ ਹਨ, ਮਾਸੀਆਂ ਹਨ, ਮਾਸੜ ਹਨ... ਉਹ ਇੰਟਰਨੈੱਟ 'ਤੇ ਬੇਟੀਆਂ ਨੂੰ ਵਿਖਾਉਂਦੀ...

"ਤੁਹਾਡੇ ਸੁੱਖ ਨਾਲ ਚਾਰ ਮਾਮੇ ਹਨ, ਮਾਮੀਆਂ ਹਨ, ਤਿੰਨ ਮਾਸੀਆਂ ਹਨ, ਮਾਸੜ ਹਨ, ਕਜ਼ਨ ਹਨ... ਸਭ ਵਿਦੇਸ਼ਾਂ ਵਿੱਚ ਵੈੱਲ ਸੈਟਲਡ ਹਨ..."

ਬੇਟੀਆਂ ਖ਼ੁਸ਼ੀ-ਖ਼ੁਸ਼ੀ ਫੇਸ-ਬੁੱਕ 'ਤੇ ਸਭ ਨਾਲ ਟੱਚ ਵਿੱਚ ਰਹਿੰਦੀਆਂ ਹਨ... ਸਹੁਰਿਆਂ ਦੇ ਰਿਸ਼ਤੇ ਨਹੀਂ ਹਨ ਤਾਂ ਚਲੋ ਮਾਪਿਆਂ ਦੇ ਤਾਂ ਹਨ... ਸਭ ਆਪਣੇ-ਆਪਣੇ ਕੰਮਾਂ 'ਚ ਬਿਜ਼ੀ ਰਹਿੰਦੇ ਨੇ ... ਕੋਈ ਹੈਲਪ ਨਹੀਂ ਕਰਦੇ ਤਾਂ ਕੀ ਹੋਇਆ... ਉਹ ਮਾਣ ਨਾਲ ਕਹਿ ਤਾਂ ਸਕਦੀ ਹੈ ਕਿ "ਉਸਦੇ ਆਪਣੇ ਹਨ..."

"ਮੰਮੀ ਇਹ ਡਾ. ਕਰਨਜੀਤ ਵੀ ਸਾਡੇ ਮਾਮਾ ਜੀ ਹਨ?" ਇਕ ਦਿਨ ਜਦ ਡਾ. ਕਰਨਜੀਤ ਦਾ ਫੋਨ ਆ ਕੇ ਹਟਿਆ ਸੀ ਤਾਂ ਛੋਟੀ ਬੇਟੀ ਨੇ ਪੁੱਛਿਆ ਸੀ।

"ਹਾਂ ਮਾਮਾ ਜੀ ਹੀ ਹਨ! ਭਰਾਵਾਂ ਵਰਗੇ ਦੋਸਤ! ਬਸ ਫ਼ੋਨ 'ਤੇ ਹੀ ਦੋਸਤੀ ਹੋ ਗਈ, ਮੈਂ ਉਨ੍ਹਾਂ ਨੂੰ ਕਦੇ ਮਿਲੀ ਵੀ ਨਹੀਂ ਹਾਂ, ਉਹ ਦੂਜੀ ਸਟੇਟ 'ਚ ਰਹਿੰਦੇ ਨੇ, ਸਾਡੇ ਆਫ਼ਿਸ ਦੇ ਹੈੱਡ ਆਫ਼ਿਸ 'ਚ ਕੰਮ ਕਰਦੇ ਹਨ।"

ਫੇਰ ਉਸਨੇ ਵਿਸਥਾਰ ਨਾਲ ਬੇਟੀਆਂ ਨੂੰ ਦੱਸਿਆ ਕਿ ਕਿਵੇਂ ਇੱਕ ਦਿਨ ਡਾ. ਕਰਨਜੀਤ ਨਾਲ ਆਫ਼ਿਸ ਦੇ ਕੰਮ ਦੇ ਸਿਲਸਿਲੇ 'ਚ ਹੀ ਗੱਲ ਕਰਨੀ ਪਈ ਸੀ। ਖ਼ਾਸ ਕਰਕੇ ਉਦੋਂ ਉਹ ਬੁਖ਼ਾਰ ਕਾਰਨ ਆਫ਼ਿਸ ਨਹੀਂ ਜਾ ਰਹੀ ਸੀ ਤਾਂ ਡਾ. ਕਰਨਜੀਤ ਨੇ ਉਸਦੇ ਮੋਬਾਇਲ 'ਤੇ ਗੱਲ ਕੀਤੀ, ਹਾਲ ਚਾਲ ਪੁੱਛਿਆ ਤੇ ਕਿਹਾ, "ਘਬਰਾਉਣਾ ਨਹੀਂ, ਵਿਦਾਊਟ ਪੇਅ ਵੀ ਛੁੱਟੀ ਲੈਣੀ ਪਈ ਤਾਂ ਲੈ ਲੈਣਾ, ਆਰਾਮ ਕਰੋ। ਪੈਸੇ-ਧੇਲੇ ਦੀ ਲੋੜ ਪਈ ਤਾਂ ਮੈਨੂੰ ਦੱਸਣਾ, ਮੈਂ ਹਾਂ ਨਾ।"

ਉਸ ਦਿਨ ਤੋਂ ਉਸਦੇ ਮਨ ਅੰਦਰ ਉਸ ਬੰਦੇ ਲਈ ਬਹੁਤ ਇੱਜ਼ਤ ਪੈਦਾ ਹੋ ਗਈ ਕਿ ਕਿਵੇਂ ਉਸ ਨੇ ਹੌਂਸਲਾ ਦਿੱਤਾ ਸੀ। ਅੰਜਲੀ ਨੂੰ ਉਹ ਦਿਨ ਯਾਦ ਆ ਗਿਆ, ਉਹ ਮਨ ਹੀ ਮਨ ਉਸ ਪਲ ਨੂੰ ਯਾਦ ਕਰ ਲੱਗ ਪਈ। ਉਸ ਨੂੰ ਯਾਦ ਹੈ ਕਿ ਜਦ ਡਾ. ਕਰਨਜੀਤ ਨੇ ਇੰਜ ਹੌਸਲਾ ਦਿੱਤਾ ਤਾਂ ਉਸਦਾ ਜੀਅ ਕੀਤਾ ਕਿ ਉਹ ਕਹੇ ਕਿ "ਤੁਸੀਂ ਏਨਾ ਹੌਸਲਾ ਦਿੱਤਾ ਹੈ, ਇੱਦਾਂ ਤਾਂ ਕਦੇ ਮੇਰੇ ਆਪਣੇ ਭੈਣ-ਭਰਾਵਾਂ ਨੇ ਵੀ ਨਹੀਂ ਦਿੱਤਾ।" ਪਰ ਫਿਰ ਇਹ ਸੋਚ ਕੇ ਕਿ ਮੇਰੇ ਭੈਣ ਭਰਾਵਾਂ ਦੀ ਇੱਜ਼ਤ ਡਾ. ਕਰਨਜੀਤ ਦੀਆਂ ਨਜ਼ਰਾਂ 'ਚ ਕੀ ਰਹਿ ਜਾਵੇਗੀ... ਅੰਜਲੀ ਨੇ ਸਿਰਫ਼ ਏਨਾ ਹੀ ਕਿਹਾ ਸੀ ਕਿ,

"ਤੁਸੀਂ ਤਾਂ ਏਦਾਂ ਹੌਸਲਾ ਦੇ ਰਹੇ ਹੋ, ਜਿਵੇਂ ਮੇਰਾ ਕੋਈ ਭੈਣ-ਭਰਾ ਨਾਲ ਖੜ੍ਹਾ ਹੋਵੇ।"

"ਬੱਸ ਤੁਸੀਂ ਮੈਨੂੰ ਆਪਣਾ ਭੈਣ-ਭਰਾ ਹੀ ਸਮਝੋ।"

ਉਸ ਦਿਨ, ਉਸ ਘਟਨਾ ਤੋਂ ਬਾਅਦ ਅੰਜਲੀ ਨੂੰ ਸੱਚਮੁੱਚ ਹੀ ਲੱਗਣ ਲੱਗ ਪਿਆ ਜਿਵੇਂ ਡਾ. ਕਰਨਜੀਤ ਉਸਦੇ ਕੋਈ ਆਪਣੇ ਹੀ ਹੋਣ। ਬੱਸ ਉਸ ਦਿਨ ਤੋਂ ਬਾਅਦ ਡਾ. ਕਰਨਜੀਤ ਹਮੇਸ਼ਾ ਹਾਲ-ਚਾਲ ਪੁੱਛਦੇ ਰਹਿੰਦੇ ਸਨ, ਹੌਂਸਲਾ ਦਿੰਦੇ ਰਹਿੰਦੇ ਸਨ।

ਅੰਜਲੀ, ਡਾ. ਕਰਨਜੀਤ ਬਾਰੇ ਅਕਸਰ ਸੋਚਦੀ 'ਦੁਨੀਆਂ ਵਿੱਚ ਇਹੋ ਜਿਹੇ ਇਨਸਾਨ ਵੀ ਹੁੰਦੇ ਹਨ, ਹਮਦਰਦ, ਨਿਰਸੁਆਰਥ, ਜ਼ਿੰਦਾਦਿਲ, ਹੌਸਲਾ ਦੇਣ ਵਾਲੇ ਪਾਜ਼ਿਟਿਵ ਗੱਲਾਂ ਕਰਨ ਵਾਲੇ, ਤੇ ਜ਼ਿਆਦਾ ਪਰਸਨਲ ਡੂੰਘਾਈ 'ਚ ਨਾ ਜਾਣ ਵਾਲੇ।' ਉਹ ਅੰਜਲੀ ਕੋਲੋਂ ਉਸ ਦੀਆਂ ਬੇਟੀਆਂ ਦਾ ਹਾਲ-ਚਾਲ ਪੁੱਛਦੇ ਰਹਿੰਦੇ ਨੇ ਤਾਂ ਅੰਜਲੀ ਵੀ ਉਨ੍ਹਾਂ ਕੋਲੋਂ ਉਨ੍ਹਾਂ ਦੀਆਂ ਤਿੰਨ ਬੇਟੀਆਂ ਦਾ ਹਾਲ-ਚਾਲ ਪੁੱਛਦੀ ਸੀ ਤਾਂ ਉਹ ਖ਼ੁਸ਼ੀ 'ਚ, ਉਮਾਹ 'ਚ ਆਪਣੀਆਂ ਬੇਟੀਆਂ ਦੀਆਂ ਗੱਲਾਂ ਸੁਣਾਉਂਦੇ ਸਨ, ਆਪਣੀ ਪਤਨੀ ਦੀਆਂ, ਆਪਣੀ ਮਾਂ ਦੀਆਂ, ਆਪਣੇ ਨਵੇਂ ਮਕਾਨ ਦੀਆਂ ਗੱਲਾਂ ਸੁਣਾਉਂਦੇ ਰਹਿੰਦੇ ਸਨ, 'ਅਜੀਬ ਰਿਸ਼ਤਾ ਹੈ ਫ਼ੋਨ ਦਾ' ... ਅੰਜਲੀ ਸੋਚਦੀ।

"ਮੰਮੀ ਜਦੋਂ ਮੈਂ ਪਿਛਲੇ ਸਾਲ ਪਾਸ ਹੋਈ ਸਾਂ ਤਾਂ ਡਾ. ਕਰਨਜੀਤ ਨੇ ਮੈਨੂੰ ਹਜ਼ਾਰ ਰੁਪਿਆ ਭੇਜਿਆ ਸੀ ਨਾ, ਕਿਹਾ ਸੀ ਕਿ ਮੇਰੇ ਵੱਲੋਂ ਇਨਾਮ ਹੈ ?"

ਛੋਟੀ ਬੇਟੀ ਦੇ ਸੁਆਲ ਨੇ ਅੰਜਲੀ ਨੂੰ ਖ਼ਿਆਲਾਂ 'ਚੋਂ ਕੱਢ ਲਿਆਂਦਾ। ਰਸੋਈ ਦੇ ਦਰਵਾਜ਼ੇ 'ਤੇ ਆ ਕੇ ਛੋਟੀ ਬੇਟੀ

## ਦੂਰ ਬਹੁਤ ਦੂਰ / ਡਾ. ਸ਼ਰਦ ਸਿੰਘ



ਘਰ ਦੀ ਕੈਦ ਵਿਚੋਂ ਨਿਕਲ ਕੇ
ਦੂਰ ਬਹੁਤ ਦੂਰ ਜਾਣ ਦੀ ਇੱਛਾ
ਬਲਵਾਨ ਹੋਣ ਲੱਗੀ ਹੈ
ਇਨ੍ਹਾਂ ਦਿਨਾਂ ਵਿਚ

ਅਖਬਾਰਾਂ ਦੀਆਂ ਤੜਪਦੀਆਂ
ਸੁਰਖੀਆਂ ਤੋਂ ਦੂਰ
ਮ੍ਰਿਤਕ ਅੰਕੜਿਆਂ ਦੀਆਂ
ਚੀਕਾਂ ਤੋਂ ਪਰ੍ਹੇ
ਹੌਸਲਿਆਂ ਦੇ ਲਗਾਤਾਰ
ਦੁਹਰਾਏ ਜਾਂਦੇ
ਬਰਫੀਲੇ ਸ਼ਬਦਾਂ ਤੋਂ ਦੂਰ

ਹਸਪਤਾਲ ਦੇ ਬਰਾਂਡੇ ਦੀਆਂ
ਯਾਦਾਂ ਤੋਂ ਦੂਰ
ਬੰਦ ਗ੍ਰਿਲ ਦੇ ਪਿਛੇ
ਕੋਵਿਡ ਵਰਡ ਦੇ
ਖ਼ੌਫਨਾਕ ਅਹਿਸਾਸ ਤੋਂ ਪਰ੍ਹੇ
ਅੱਧੀ ਰਾਤ ਤੋਂ
ਬਾਅਦ ਆਈ
ਉਸ ਦਿਲ ਕੰਬਾਊ
ਸੂਚਨਾ ਤੋਂ ਦੂਰ

ਸ਼ਾਸਨ ਤੰਤਰ ਦੀਆਂ
ਖਾਮੀਆਂ ਤੋਂ ਦੂਰ
ਘੋਸ਼ਣਾਵਾਂ ਦੀਆਂ ਝੂਠੀਆਂ
ਉਮੀਦਾਂ ਤੋਂ ਪਰ੍ਹੇ
ਜਨਤਾ ਦੀ ਸਵੈਮੁਗਧਤਾ ਤੋਂ ਪਾਸੇ
ਪਰਜਾ ਤੰਤਰ ਦੇ
ਰਾਜੇ ਦੀਆਂ ਨੀਂਦਾਂ ਤੋਂ ਦੂਰ
ਕੀਤੇ ਦੂਰ ਬਹੁਤ ਦੂਰ
ਜਿੱਥੇ ਸਾਗਵਾਨ ਦਾ ਹੋਵੇ ਜੰਗਲ
ਤੰਗ ਪਗਡੰਡੀ ਇਕ ਪਤਲੀ ਨਦੀ

ਇਕ ਝਰਨਾ ਇਕ ਕੁੰਡ
ਦੇਵਤਾ ਵਿਹੂਣਾ
ਪ੍ਰਚੀਨ ਮੰਦਿਰਾਂ ਦੇ ਖੰਡਰ
ਬਾਂਦਰਾਂ ਦਾ ਝੁਰਮੁਟ
ਤੇ ਪੰਛੀਆਂ ਦੀਆਂ ਆਵਾਜ਼ਾਂ

ਉੱਥੇ ਜਿੱਥੇ ਮੈਂ
ਕੁਦਰਤ ਵਿਚ ਰਹਾਂ
ਤੇ ਕੁਦਰਤ ਮੇਰੇ ਵਿਚ
ਨਾ ਕੋਈ ਬਨਾਵਟ
ਨਾ ਧੋਖਾ ਨਾ ਛਲ
ਨਾ ਪੰਜਾ ਨਾ ਕਮਲ
ਲੈ ਸਕਾਂ ਖੁੱਲ ਕੇ ਸਾਹ
ਪ੍ਰਦੂਸ਼ਨਹੀਨ ਹਵਾ ਵਿਚ
ਨਾ ਲਭਣਾ ਪਵੇ ਜੀਵਨ
ਵੈਕਸੀਨ ਜਾਂ ਦਵਾ

ਸ਼ਾਇਦ ਉਦੋਂ ਮੈਂ ਜੀ ਲਵਾਂਗੀ
ਇਕ ਵਾਰ ਫੇਰ ਜੀ ਭਰ ਕੇ

**ਅਨੁਵਾਦਕ: ਅ.ਕ.**

ਖੜ੍ਹੀ ਸੀ। ਅਚਾਨਕ ਇਹ ਸਵਾਲ ਕਿਉਂ? ਅੰਜਲੀ ਨੂੰ ਸਮਝ ਨਹੀਂ ਆਇਆ। ਪਿਛਲੇ ਸਾਲ ਜਦੋਂ ਛੋਟੀ ਬੇਟੀ ਸੱਤਵੀਂ ਕਲਾਸ ਵਿਚੋਂ ਪਾਸ ਹੋਈ ਸੀ ਤਾਂ ਗੱਲਾਂ-ਗੱਲਾਂ 'ਚ ਅੰਜਲੀ ਨੇ ਦੱਸਿਆ ਸੀ ਕਿ ਡਾ. ਕਰਨਜੀਤ ਨੇ ਉਨ੍ਹਾਂ ਨੂੰ ਹਜ਼ਾਰ ਰੁਪਏ ਦਾ ਚੈੱਕ ਭੇਜਿਆ ਕਿ ਮੇਰੇ ਵੱਲੋਂ ਬੇਟੀ ਨੂੰ ਹਜ਼ਾਰ ਰੁਪਏ ...। ਵੇਖਿਆ ਜਾਵੇ ਤਾਂ ਕੁੱਝ ਵੀ ਨਹੀਂ, ਪਰ ਵੇਖਿਆ ਜਾਵੇ ਤਾਂ ਬਹੁਤ ਵੱਡੀ ਰਕਮ ਹੈ। ਕੌਣ ਦਿੰਦਾ ਹੈ ਅੱਜ ਦੇ ਜ਼ਮਾਨੇ 'ਚ ਕਿਸੇ ਨੂੰ ਹਜ਼ਾਰ ਰੁਪਏ... ਨਾ ਰਿਸ਼ਤਾ ਨਾ ਨਾਤਾ, ਨਾ ਕਦੀ ਮਿਲੇ ਨਾ ਗਿਲੇ ... ਪਤਾ ਨਹੀਂ ਕੀ ਸੋਚ ਕੇ ਉਨ੍ਹਾਂ ਨੇ ਹਜ਼ਾਰ ਰੁਪਏ ਦਾ ਚੈੱਕ ਭੇਜਿਆ ਕਿ ਅੰਜਲੀ ਤੇ ਉਸ ਦੀਆਂ ਬੇਟੀਆਂ ਏਨੀਆਂ ਖ਼ੁਸ਼ ਹੋਈਆਂ ... ਕਿ ਅੱਜ ਅੰਜਲੀ ਹੈਰਾਨ ਵੀ ਹੋ ਗਈ ਕਿ ਛੋਟੀ ਬੇਟੀ ਨੂੰ ਏਨੇ ਮਹੀਨਿਆਂ ਤੋਂ ਬਾਅਦ ਵੀ ਇਹ ਗੱਲ ਯਾਦ ਹੈ, ਸ਼ਾਇਦ ਏਸ ਲਈ ਕਿ ਕਦੀ ਉਸ ਨੂੰ ਕਿਸੇ ਨੇ ਇੰਜ ਇਨਾਮ ਭੇਜਿਆ ਹੀ ਨਹੀਂ...।

ਪਤਾ ਨਹੀਂ ਕੀ ਸੋਚ ਕੇ ਡਾ. ਕਰਨਜੀਤ ਨੇ ਉਸ ਦੀ ਛੋਟੀ ਬੇਟੀ ਨੂੰ ਹਜ਼ਾਰ ਰੁਪਏ ਭੇਜੇ ਸਨ, ਸ਼ਾਇਦ ਸੋਚਿਆ ਹੋਵੇਗਾ, ਕੰਨਿਆ ਹੈ, ਪੁੰਨ ਲੱਗੇਗਾ, ਜਾਂ ਸ਼ਾਇਦ ਕਿ ਚਲੋ ਕੀ ਫ਼ਰਕ ਪੈਂਦਾ ਹੈ ਸੱਠ ਹਜ਼ਾਰ ਮੇਰੀ ਤਨਖ਼ਾਹ ਹੈ, ਉਸ ਵਿਚੋਂ ਹਜ਼ਾਰ ਦੇ ਵੀ ਦਿਆਂਗਾ ਤਾਂ ਕੀ ਫ਼ਰਕ ਪੈਂਦਾ ਹੈ, ਜਾਂ ਸਾਇਦ ਇਹ ਸੋਚਿਆ ਹੋਵੇਗਾ ਕਿ

"ਹਜ਼ਾਰ ਹੀ ਹੈ ਨਾ... ਜੇ ਹਜ਼ਾਰ ਭੇਜ ਕੇ ਬੱਚੀ ਦੀ ਮਾਂ ਦਾ ਦਿਲ ਜਿੱਤ ਲਵਾਂਗਾ ਤਾਂ ਵੀ ਸੌਦਾ ਮਹਿੰਗਾ ਨਹੀਂ... ਕਿਵੇਂ ਉਹ ਹਲੀਮੀ ਵਿੱਚ ਭਿੱਜ-ਭਿੱਜ ਕੇ ਧੰਨਵਾਦ ਕਰੇਗੀ... ਕਿਵੇਂ...? ਕਿੰਨਾ ਮਜ਼ਾ ਆਵੇਗਾ ਉਸ ਧੰਨਵਾਦ ਨੂੰ ਸੁਣਨ ਵਿੱਚ...."“ਮੰਮੀ .....?”ਅੰਜਲੀ ਤ੍ਰਭਕ ਗਈ।

"ਹਾਂ ਬੇਟਾ, ਸੱਚਮੁੱਚ ਪੈਸੇ ਭੇਜਣਾ ਬਹੁਤ ਵੱਡੀ ਗੱਲ ਹੈ ... ਬਹੁਤ ਗੱਲਾਂ-ਬਾਤਾਂ ਕਰਨੀਆਂ ਤਾਂ ਵੱਡੀ ਗੱਲ ਨਹੀਂ, ਉਹ ਤਾਂ ਸਭ ਕਰਦੇ ਰਹਿੰਦੇ ਨੇ ...।"

ਅੰਜਲੀ ਨੇ ਆਪਣੀਆਂ ਸੋਚਾਂ 'ਚੋਂ ਨਿਕਲ ਕੇ ਕਿਹਾ। "ਮੰਮੀ, ਮੈਂ ਅੱਠਵੀਂ ਦੇ ਫ਼ਾਇਨਲ ਐਗਜ਼ਾਮ 'ਚ ਬਹੁਤ ਮਿਹਨਤ ਕਰਾਂਗੀ, ਬਹੁਤ ਅੱਛੇ ਪਰਸੈਂਟੇਜ ਲਿਆਵਾਂਗੀ, ਫੇਰ ਤੁਸੀਂ ਡਾ. ਕਰਨਜੀਤ ਨੂੰ ਦੱਸਣਾ, ਉਹ ਜ਼ਿਆਦਾ ਪੈਸੇ ਭੇਜਣਗੇ, ਫੇਰ ਮੈਂ ਅਗਲੇ ਸਾਲ ਸਕੂਲ-ਟਰਿੱਪ 'ਤੇ ਜਾ ਸਕਾਂਗੀ, ਹੈ ਨਾ?" ਅੰਜਲੀ ਨੂੰ ਲੱਗਿਆ ਉਸਦੇ ਹੱਥ-ਪੈਰ ਫੁੱਲ ਰਹੇ ਨੇ ਫੇਰ ਤੋਂ...।

**98190-70617**

## ਪੱਤੇ ਝੜਨ ਦਾ ਮੌਸਮ / ਵੰਦਨਾ ਗੁਪਤਾ / ਪੰਜਾਬੀ ਅਨੁਵਾਦ : ਅਮਰਜੀਤ ਕੌਂਕੇ

ਪੱਤੇ ਝੜਨ ਦਾ ਮੌਸਮ ਹੈ ਪਰ ਉਮਰ ਦੇ ਚਿੰਨ੍ਹ ਦਿਸ ਨਹੀਂ ਰਹੇ। ਇੱਕ ਜਵਾਨ ਦਾ ਦਿਲ ਅਤੇ ਸਿਹਤ ਧੰਨ ਅੱਲ੍ਹਾ। ਉਮੰਗਾਂ ਦਾ ਸਾਗਰ ਠਾਠਾਂ ਮਾਰਦਾ ਅੰਗੜਾਈਆਂ ਭਰਦਾ ਜਵਾਨੀ ਦੇ ਜੋਸ਼ ਨਾਲ ਭਰਪੂਰ। ਅਜਿਹੀ ਸ਼ਖਸੀਅਤ ਜਿੱਥੇ ਉਮਰ ਦੇ ਚਿੰਨ੍ਹ ਤਰਸਦੇ ਹਨ ਆਪਣੀ ਪਛਾਣ ਲੱਭਣ ਨੂੰ। ਖੁਸ਼ਮਿਜਾਜ਼ , ਸੁਹਿਰਦ ਅਤੇ ਸੁਲਝਿਆ ਹੋਇਆ ਇਨਸਾਨ। ਇੱਕ ਇਨਸਾਨ ਵਿੱਚ ਏਨੇ ਸਾਰੇ ਗੁਣ ਇਕੱਠੇ ਹੋਣ ਉਸਨੂੰ ਵਿਸ਼ੇਸ਼ ਤਾਂ ਬਣਾਉਣਗੇ ਹੀ ਅਤੇ ਦੂਸਰਿਆਂ ਲਈ ਈਰਖਾ ਦਾ ਪਾਤਰ ਵੀ। ਬਸ ਇੰਜ ਦੇ ਹੀ ਸਨ ਰਾਹੁਲ ਸਿੰਹਾ।



ਜੋ ਮਿਲਦਾ ਪਹਿਲੀ ਵਾਰ ਵਿੱਚ ਉਨ੍ਹਾਂ ਦਾ ਮੁਰੀਦ ਹੋ ਜਾਂਦਾ। ਇੱਕ ਅਰਸਾ ਹੋਇਆ ਉਨ੍ਹਾਂ ਨੂੰ ਹਿੰਦੁਸਤਾਨ ਛੱਡੇ ਹੋਏ ਅਤੇ ਅਮਰੀਕਾ ਵਿੱਚ ਵਸੇ ਹੋਏ। ਇਉਂ ਲੱਗਦਾ ਸਾਰਿਆਂ ਨੂੰ ਜਿਵੇਂ ਜ਼ਿੰਦਗੀ ਨੇ ਉਨ੍ਹਾਂ ਨੂੰ ਹਰ ਨੇਮਤ ਬਖਸ਼ੀ ਹੈ. ਪਿਆਰ ਕਰਨ ਵਾਲੀ ਪਤਨੀ ਦੋ ਬੱਚੇ , ਇੱਕ ਪੁੱਤਰ ਅਤੇ ਇੱਕ ਧੀ ਭਲਾ ਹੋਰ ਕੀ ਚਾਹੀਦਾ ਹੈ ਕਿਸੇ ਨੂੰ ਜੀਣ ਦੇ ਲਈ। ਭਰਿਆ ਪੂਰਾ ਪਰਵਾਰ , ਖੁਸ਼ੀਆਂ ਦਾ ਸਾਗਰ ਲਹਿਰਾਉਂਦਾ ਹਰ ਪਾਸੇ ਬਹਾਰ ਹੀ ਬਹਾਰ।

ਵਕਤ ਪਰ ਕਦੋਂ ਇੱਕ ਜਿਹਾ ਰਿਹਾ ਜੋ ਉਨ੍ਹਾਂ ਦੇ ਲਈ ਰਹਿੰਦਾ। ਬੱਚਿਆਂ ਦਾ ਵਿਆਹ ਕਰ ਉਨ੍ਹਾਂ ਦੀ ਜ਼ਿੰਮੇਦਾਰੀ ਪੂਰੀ ਕਰ ਚੁੱਕੇ ਸਨ ਅਤੇ ਬੱਚੇ ਵੀ ਆਪਣੀ ਆਪਣੀ ਗ੍ਰਹਿਸਤੀ ਵਿੱਚ ਮਸ਼ਗੂਲ ਹੋ ਗਏ ਸਨ ਰਹਿ ਗਏ ਸਨ ਤਾਂ ਦੋਵੇਂ ਪਤੀ ਪਤਨੀ ਇਕੱਲੇ। ਜਦੋਂ ਤੁਸੀ ਇਕੱਲੇ ਹੁੰਦੇ ਹੋ ਤਾਂ ਇਕੱਲਾਪਣ ਆਪਣੇ ਸਾਰੇ ਹਥਿਆਰਾਂ ਦੇ ਨਾਲ ਤੁਹਾਡੇ ਤੇ ਵਾਰ ਕਰਦਾ ਹੈ। ਵਕਤ ਦਾ ਕੁੱਝ ਅਜਿਹਾ ਹੀ ਸਿਤਮ ਹੋਇਆ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕੀ ਉਨ੍ਹਾਂ ਦੀ ਪਤਨੀ ਕੈਂਸਰ ਨਾਲ ਪੀੜਿਤ ਹੈ ਅਤੇ ਉਹ ਜੁੱਟ ਗਏ ਉਸ ਦੀ ਸੇਵਾ ਕਰਨ ਵਿੱਚ। ਹਰ ਸੰਭਵ ਕੋਸ਼ਿਸ਼, ਹਰ ਚੰਗੇ ਵਲੋਂ ਚੰਗਾ ਸਭ ਇਲਾਜ ਕੀਤਾ ਪਰ ਜਦੋਂ ਵਕਤ ਦਾ ਵਾਰ ਹੁੰਦਾ ਹੈ ਤਾਂ ਉਸਦਾ ਕੋਈ ਇਲਾਜ ਨਹੀਂ ਬਚਦਾ। ਕੁੱਝ ਅਜਿਹਾ ਹੀ ਰਾਹੁਲ ਸਿੰਹਾ ਦੇ ਨਾਲ ਹੋਇਆ ਅਤੇ ਉਨ੍ਹਾਂ ਦੀ ਪਤਨੀ ਉਨ੍ਹਾਂ ਨੂੰ ਇਸ ਭਰੇ ਪੂਰੇ ਸੰਸਾਰ ਵਿੱਚ ਇਕੱਲਾ ਛੱਡ ਕੇ ਚੱਲ ਵਸੀ।

ਰਾਹੁਲ ਸਿੰਹਾ ਕਦੇ ਵੀ ਕਮਜੋਰ ਹਿਰਦੇ ਦੇ ਨਹੀਂ ਰਹੇ, ਇਸ ਲਈ ਹੌਲੀ – ਹੌਲੀ ਆਪਣੇ ਆਪ ਨੂੰ ਸੰਭਾਲਿਆ ਕਿਉਂਕਿ ਜ਼ਿੰਦਗੀ ਨੂੰ ਤਾਂ ਤੁਸੀ ਚਾਹੋ ਜਾਂ ਨਹੀਂ ਚਾਹੋ ਜਿਉਣਾ ਹੀ ਪਵੇਗਾ ਅਤੇ ਜੇਕਰ ਜਿਉਣਾ ਜਰੂਰੀ ਹੈ ਤਾਂ ਕਿਉਂ ਨਾ ਪੂਰੀ ਤਰਾਂ ਜਿਉਂਇਆ। ਇਹ ਸੀ ਰਾਹੁਲ ਸਿੰਹਾ ਦੀ ਸੋਚ ਅਤੇ ਉਨ੍ਹਾਂ ਨੇ ਇੱਕ ਨਵੀਂ ਚੁਣੋਤੀ ਦੇ ਲਈ ਆਪਣੇ ਆਪ ਨੂੰ ਤਿਆਰ ਕੀਤਾ। ਆਪਣੇ ਇਕੱਲੇਪਨ ਨਾਲ ਲੜਨਾ ਕਿਸੇ ਵੀ ਇਨਸਾਨ ਲਈ ਸਭ ਤੋਂ ਔਖਾ ਕੰਮ ਹੁੰਦਾ ਹੈ ਪਰ ਉਨ੍ਹਾਂ ਨੇ ਜਿਵੇਂ ਠਾਣ ਲਿਆ ਕਿ ਮੇਰਾ ਇਕੱਲਾਪਣ ਮੈਨੂੰ ਮੂੰਹ ਚਿੜ੍ਹਾਵੇ ਉਸ ਤੋਂ ਪਹਿਲਾਂ ਮੈਂ ਉਸਨੂੰ ਕੋਲ ਫਟਕਣ ਦਾ ਵਕਤ ਹੀ ਨਹੀਂ ਦੇਣਾ।

ਅਤੇ ਇਸ ਸੋਚ ਦਾ ਨਤੀਜਾ ਇਹ ਨਿਕਲਿਆ ਕਿ ਉਨ੍ਹਾਂ ਨੇ ਇੱਕ ਵਾਰ ਫਿਰ ਭਾਰਤ ਦਾ ਰੁਖ਼ ਕੀਤਾ ਕਿਉਂਕਿ ਜੜ੍ਹਾਂ ਤੋਂ ਕੋਈ ਪੌਦਾ ਕਦੋਂ ਤੱਕ ਦੂਰ ਰਹਿ ਸਕਦਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਲੇਖਣੀ ਵਿੱਚ ਡੋਬ ਦਿੱਤਾ ਅਤੇ ਇੱਕ ਤੋਂ ਬਾਅਦ ਇੱਕ ਨਾਵਲ ਲਿਖਣ ਲੱਗੇ ਅਤੇ ਭਾਰਤ ਵਿੱਚ ਉਹ ਛਪਣ ਲੱਗੇ ਇੱਥੇ ਤੱਕ ਕਿ ਉਨ੍ਹਾਂ ਨੇ ਆਪਣੀ ਇੱਕ ਵੱਖ ਪਹਿਚਾਣ ਬਣਾ ਲਈ ਕਿ ਜੇਕਰ ਕੋਈ ਨਾਵਲ ਪੜ੍ਹੇ ਤਾਂ ਰਾਹੁਲ ਸਿੰਹਾ ਦੇ ਵਰਨਾ ਨਾ ਪੜ੍ਹੇ। ਇੱਕ ਅਜਿਹਾ ਬਦਲਾਅ ਉਨ੍ਹਾਂ ਆਪਣੇ ਆਪ ਵਿੱਚ ਲਿਆਂਦਾ ਕਿ ਹੁਣ ਆਪਣੇ ਆਪ ਨੂੰ ਮਿਲਣ ਦਾ ਵੀ ਉਨ੍ਹਾਂ ਦੇ ਕੋਲ ਸਮਾਂ ਨਹੀਂ ਰਿਹਾ।

ਪਤਾ ਨਹੀਂ ਕਿਹੜਾ ਜਨੂੰਨ ਸੀ ਜੋ ਉਨ੍ਹਾਂ ਵਿੱਚ ਏਨੀ ਤਾਜ਼ਗੀ ਅਤੇ ਇੰਨੀ ਸਰਗਰਮੀ ਭਰ ਰਿਹਾ ਸੀ ਕਿ ਭਾਰਤ ਹੋਵੇ ਜਾਂ ਅਮਰੀਕਾ ਉਨ੍ਹਾਂ ਨੂੰ ਦੂਰੀ ਲੱਗਦੀ ਹੀ ਨਹੀਂ ਸੀ। ਇੱਕ ਪੈਰ ਇੱਥੇ ਤਾਂ ਇੱਕ ਉੱਥੇ ਰਹਿੰਦਾ ਪਰ ਥਕਾਨ ਦਾ ਕੋਈ ਚਿੰਨ੍ਹ ਉਨ੍ਹਾਂ ਦੇ ਚਿਹਰੇ ਉੱਤੇ ਨਾ ਦਿਸਦਾ ਅਤੇ ਉਹ ਸਭ ਦੇ ਲਈ ਇੱਕ ਉਤਸੁਕਤਾ ਭਰਿਆ ਪਾਤਰ ਬਣ ਗਏ ਸਨ ਕਿ ਅਖੀਰ ਕੋਈ ਤਾਂ ਵਕਤ ਹੁੰਦਾ ਹੋਵੇਗਾ ਜ਼ਿੰਦਗੀ ਵਿੱਚ ਜਦੋਂ ਉਨ੍ਹਾਂ ਨੂੰ ਉਨ੍ਹਾਂ ਦਾ ਇਕੱਲਾਪਣ ਸਤਾਉਂਦਾ ਹੋਵੇਗਾ ਉਦੋਂ ਉਹ ਕਿਵੇਂ ਨਜਾਤ ਪਾਉਂਦੇ ਹੋਣਗੇ ਕਿਉਂਕਿ ਘਰ ਉਹ ਜੰਗਲ ਸੀ ਜਿੱਥੇ ਚਹਿਕਣ ਲਈ ਇੱਕ ਚਿੜੀ ਵੀ ਨਹੀਂ ਸੀ, ਜਿੱਥੇ ਜੇਕਰ ਆਪਣੀ ਆਵਾਜ਼ ਵੀ ਸੁਣਨੀ ਹੋਵੇ ਤਾਂ ਇਨਸਾਨ ਤਰਸ ਜਾਵੇ, ਜੇਕਰ ਘਰ ਤੋਂ ਬਾਹਰ ਨਹੀਂ ਨਿਕਲੇ ਜਾਂ ਕਿਸੇ ਨਾਲ ਗੱਲ ਨਾ ਕਰੇ।

ਪਰ ਰਾਹੁਲ ਸਿੰਹਾ ਨੇ ਜਿਵੇਂ ਆਪਣੇ ਆਪ ਨਾਲ ਇੱਕ ਵਾਦਾ ਕਰ ਲਿਆ ਸੀ ਕਿ ਬਸ ਹਾਰ ਨਹੀਂ ਮੰਨਣੀ. ਸ਼ਾਇਦ ਇਹੀ ਉਹ ਜਜ਼ਬਾ ਸੀ ਜਿਸਨੇ ਉਮਰ ਦੀ ਆਖਰੀ ਦਹਿਲੀਜ਼ ਉੱਤੇ ਵੀ ਸਰਗਰਮੀ ਬਣਾਈ ਹੋਈ ਸੀ। ਹਰ ਛੋਟੇ ਵੱਡੇ ਨੂੰ ਆਪਣਾ ਬਣਾ ਲੈਣਾ ਉਨ੍ਹਾਂ ਲਈ ਖੱਬੇ ਹੱਥ ਦਾ ਖੇਲ ਸੀ। ਪਰ ਪਤਾ ਨਹੀਂ ਕਿਉਂ ਮੈਨੂੰ ਕਦੇ ਕਦੇ ਲੱਗਦਾ ਕਿ ਉਹ ਜੋ ਖਿੜਿਆ ਖਿੜਿਆ ਦਿਸਦਾ ਹੈ, ਕਿਤੇ ਨਾ ਕਿਤੇ ਅਸਲ ਵਿਚ ਉਹ ਕਿੰਨਾ ਇਕੱਲਾ ਅਤੇ ਉਦਾਸ ਹੈ। ਸ਼ਾਇਦ ਲੇਖਣੀ ਹੀ ਉਹ ਮਾਧਿਅਮ ਸੀ ਉਨ੍ਹਾਂ ਦੇ ਲਈ ਜਿਸ ਵਿੱਚ ਉਹ ਆਪਣੇ ਸਾਰੇ ਦਰਦ ਸਾਰੀ ਨਿਰਾਸ਼ਾ ਅਤੇ ਸਾਰਾ ਇਕੱਲਾਪਣ ਖਾਲੀ ਕਰ ਸਕਦੇ ਸਨ। ਜਦੋਂ ਵੀ ਮੈਂ ਪੁੱਛਣਾ ਚਾਹਿਆ ਹੱਸ ਕੇ ਟਾਲ ਜਾਂਦੇ, "ਓਏ ਯਾਰ ਕਿੱਥੋਂ ਤੈਨੂੰ ਉਦਾਸ ਅਤੇ ਤਨਹਾ ਲੱਗਦਾ

ਹਾਂ ਦੱਸ ਤਾਂ ਭਲਾ" ਅਤੇ ਜ਼ੋਰ ਦੀ ਖਿੜਖਿੜਾ ਕੇ ਹੱਸਦੇ ਤਾਂ ਮੈਨੂੰ ਉਸ ਹਾਸੇ ਵਿੱਚ ਸਾਰੀ ਉਮਰ ਦਾ ਦਰਦ ਹੀ ਨਜ਼ਰ ਆਉਂਦਾ ਜਿਸਨੂੰ ਉਹ ਹੋਰ ਸਭ ਤੋਂ ਤਾਂ ਲੁਕਾ ਸਕਦੇ ਸਨ ਪਰ ਮੇਰੇ ਤੋਂ ਨਹੀਂ. ਮੈਂ ਲੱਖ ਕੋਸ਼ਿਸ਼ ਕਰਦਾ ਮਗਰ ਉਨ੍ਹਾਂ ਨੇ ਕਦੇ ਮੈਨੂੰ ਆਪਣੇ ਏਕਾਂਤ ਵਿੱਚ ਦਾਖਲ ਨਹੀਂ ਹੋਣ ਦਿੱਤਾ।

ਅੱਜ ਉਹ ਨਹੀਂ ਹਨ ਕਿਤੇ ਵੀ ਅਤੇ ਮੈਂ ਉਨ੍ਹਾਂ ਦੇ ਘਰ ਵਿੱਚ ਹਾਂ, ਉਨ੍ਹਾਂ ਨੂੰ ਲਭ ਰਿਹਾ ਹਾਂ ਤਾਂ ਲੱਗਦਾ ਹੈ ਹੁਣੇ ਉਸ ਕਮਰੇ ਵਲੋਂ ਨਿਕਲਣਗੇ ਅਤੇ ਕਹਿਣਗੇ, "ਅਰੇ ਸ਼ਰਮਾ ਜੀ ਕਿਸ ਨੂੰ ਲਭ ਰਹੇ ਹੋ, ਸ਼ਰਮਾ ਜੀ ਇੱਥੇ ਮੇਰੇ ਸਿਵਾ ਤੁਹਾਨੂੰ ਕੁੱਝ ਨਹੀਂ ਮਿਲੇਗਾ " ਕਿੰਨਾ ਸੱਚ ਕਿਹਾ ਸੀ ਕਿਉਂਕਿ ਹਰ ਜਗ੍ਹਾ ਉਨ੍ਹਾਂ ਦੇ ਚਿੰਨ੍ਹ ਮੌਜੂਦ ਹਨ।ਸ਼ੋ-ਕੇਸ ਭਰਿਆ ਪਿਆ ਹੈ ਉਨ੍ਹਾਂ ਦੇ ਅਵਾਰਡਾਂ ਨਾਲ ਤਾਂ ਮੇਜ ਉੱਤੇ ਉਨ੍ਹਾਂ ਦੇ ਨਾਵਲ, ਕਲਮ ਅਤੇ ਡਾਇਰੀ ਪਏ ਹਨ।

ਡਾਇਰੀ ਦਾ ਪਹਿਲਾ ਪੰਨਾ ਖੋਲ੍ਹਦਾ ਹਾਂ ਮੈਂ ਤੇ ਪੜ੍ਹਦਾ ਹਾਂ , 'ਸੁਮੀ ਤੇਰੇ ਬਿਨਾਂ ਵੇਖ ਕਿਵੇਂ ਹੋ ਗਿਆ ਹਾਂ, ਵੇਖ ਤੂੰ ਚਾਹੁੰਦੀ ਸੀ ਨਾ ਕਿ ਮੈਂ ਹਮੇਸ਼ਾ ਹੱਸਦਾ ਰਹਾਂ, ਖੁਸ਼ ਰਹਾਂ, ਦੇਖ ਰਹਿ ਰਿਹਾ ਹਾਂ ਕਿ ਨਹੀਂ ?'

ਦੂਜਾ ਪੰਨਾ, ਸੁਮੀ, ਉਂਜ ਤਾਂ ਜ਼ਿੰਦਗੀ ਦਾ ਕੋਈ ਪਲ ਅਜਿਹਾ ਨਹੀਂ ਜਿਸ ਵਿੱਚ ਤੂੰ ਸ਼ਾਮਿਲ ਨਾ ਰਹੀ ਹੋਵੇਂ, ਪਰ ਅੱਜ ਜਦੋਂ ਮੈਨੂੰ ਪਦਮ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਤਾਂ ਅੱਖਾਂ ਵਹਿ ਤੁਰੀਆਂ ਕਿਉਂਕਿ ਅਜਿਹੇ ਪਲਾਂ ਵਿੱਚ ਤੇਰੇ ਤੋਂ ਦੂਰੀ ਸਹੀ ਨਹੀਂ ਜਾਂਦੀ, ਤੇਰੀ ਬਹੁਤ ਜ਼ਰੂਰਤ ਮਹਿਸੂਸ ਹੁੰਦੀ ਹੈ।

ਤੀਜਾ ਪੰਨਾ, ਸੁਮੀ ਇਹ ਸ਼ਰਮਾ ਹੈ ਨਾ, ਬਹੁਤ ਤੰਗ ਕਰਦਾ ਹੈ ਸਾਲਾ ਹਮੇਸ਼ਾ ਮੇਰੀ ਦੁਖਦੀ ਰਗ ਉੱਤੇ ਹੀ ਹੱਥ ਰੱਖਦਾ ਹੈ, ਕਿੰਨਾ ਵੀ ਉਸਨੂੰ ਸਮਝਾਵਾਂ ਬੁਝਾਵਾਂ ਪਰ ਉਹ ਛੇੜੇ ਬਿਨਾਂ ਨਹੀਂ ਹਟਦਾ। ਸੱਚ ਸੁਮੀ ਤੇਰੇ ਜਾਣ ਤੋਂ ਬਾਅਦ ਇੱਕ ਸ਼ਰਮਾ ਹੀ ਤਾਂ ਐਸਾ ਹੈ ਜਿਸਨੂੰ ਮੈਂ ਤੇਰੇ ਜਾਣ ਤੋਂ ਬਾਅਦ ਆਪਣਾ ਕਹਿ ਸਕਦਾ ਹਾਂ, ਜੋ ਮੈਨੂੰ ਮੇਰੇ ਤੋਂ ਜ਼ਿਆਦਾ ਜਾਣਦਾ ਹੈ. ਇਸ ਲਈ ਚਾਹੁੰਦਾ ਹੈ ਕਿ ਮੈਂ ਆਪਣਾ ਗਮ ਉਸ ਨੂੰ ਕਹਿ ਕੇ ਗਲਤ ਕਰਾਂ,ਪਰ ਉਹ ਨਹੀਂ ਜਾਣਦਾ- ਤੂੰ ਹੈਂ ਨਾ ਮੇਰੇ ਨਾਲ ਹਰ ਪਲ ਫਿਰ ਮੈਂ ਹੋਰ ਮੋਢਾ ਕਿਉਂ ਲਭਾਂ ?

ਚੌਥਾ ਪੰਨਾ, ਸੁਮੀ ਮੈਂ ਸੋਚਿਆ ਹੈ ਕੁੱਝ, ਦੱਸਦਾ ਹਾਂ ਤੈਨੂੰ, ਸੁਮੀ ਜ਼ਿੰਦਗੀ ਦਾ ਹੁਣ ਕੀ ਭਰੋਸਾ ਕਦੋਂ ਮੂੰਹ ਫੇਰ ਲਵੇ। ਵੇਖ ਤੇਰਾ ਪੁੱਤਰ ਤਾਂ ਉਂਜ ਵੀ ਮਹੀਨੇ ਵਿੱਚ ਸਿਰਫ ਇੱਕ ਵਾਰ ਮਹਿਮਾਨਾਂ ਦੀ ਤਰ੍ਹਾਂ ਆਉਂਦਾ ਹੈ ਮਿਲਣ ਲਈ ਅਤੇ ਮੇਰੀ ਧੀ ਉਂਜ ਹੀ ਦੂਜੇ ਸ਼ਹਿਰ ਵਿੱਚ ਹੈ ਤਾਂ ਉਸ ਨਾਲ ਕੀ ਗਿਲਾ ਸ਼ਿਕਵਾ ਕਰਾਂ, ਇਸ ਲਈ ਮੈਂ ਸੋਚਿਆ ਹੈ ਕਿ ਆਪਣੀ ਵਸੀਅਤ ਕਰ ਜਾਂਵਾਂ।

ਓਏ ਨਹੀਂ ਸੁਮੀ, ਤੂੰ ਚਿੰਤਾ ਨਾ ਕਰ , ਤੇਰੇ ਬੱਚਿਆਂ ਦਾ ਕੋਈ ਹੱਕ ਨਹੀਂ ਮਰਾਂਗਾ, ਜਿਨ੍ਹਾਂ ਦਾ ਜੋ ਹੈ ਉਹ ਉਸਨੂੰ ਮਿਲੇਗਾ. ਉਂਜ ਵੀ ਕੌਣ ਆਪਣੇ ਨਾਲ ਕੁੱਝ ਲੈ ਕੇ ਗਿਆ ਹੈ ਜੋ ਮੈਂ ਲੈ ਜਾਵਾਂਗਾ, ਬਸ ਹੈ ਇੱਕ ਅਮਾਨਤ ਮੇਰੀ, ਜਿਸਦੀ ਹੋਰ ਕੋਈ ਕਦਰ ਕਰੇ ਨਾ ਕਰੇ ਪਰ ਮੈਨੂੰ ਪਤਾ ਹੈ ਕਿ ਕੌਣ ਕਰੇਗਾ। ਬਸ ਇਸ ਲਈ ਕਹਿ ਰਿਹਾ ਹਾਂ।

ਪੰਜਵਾਂ ਪੰਨਾ, ਸੁਮੀ ਅੱਜ ਮੈਂ ਨਿਸ਼ਚਿੰਤ ਹੋ ਗਿਆ ਹਾਂ. ਹੁਣ ਜਦੋਂ ਚਾਹਾਂ ਇਹ ਦੁਨੀਆਂ ਛੱਡ ਕੇ ਜਾ ਸਕਦਾ ਹਾਂ ਅਤੇ ਦੇਖੋ ਮੈਂ ਆਉਣ ਵਾਲਾ ਹਾਂ ਤੇਰੇ ਕੋਲ। ਇੱਕ ਅਰਸਾ ਹੋ ਗਿਆ ਹੈ ਸਾਨੂੰ ਵਿੱਛੜੇ ਹੋਏ, ਹਾਂ ਦੇਖ ਮੈਨੂੰ ਪਛਾਣ ਤਾਂ ਲਵੇਂਗੀ ਨਾ. ਸੁਮੀ ਹਾਂ ਮੈਂ ਅੱਜ ਆਪਣੀ ਵਸੀਅਤ ਕਰ ਦਿੱਤੀ ਹੈ ਜਿਸ ਵਿੱਚ ਸਾਰੀ ਪ੍ਰਾਪਰਟੀ, ਪੈਸੇ ਬਚਿਆਂ ਨੂੰ ਦੇ ਦਿੱਤੇ ਹਨ...ਹੁਣ ਤਾਂ ਖੁਸ਼ ਹੈਂ ਨਾ !

ਛੇਵਾਂ ਪੰਨਾ, ਸੁਮੀ, ਮੈਂ ਜਾਣਦਾ ਹਾਂ ਉਨ੍ਹਾਂ ਦੇ ਲਈ ਇਸਦੀ ਕੋਈ ਕੀਮਤ ਨਹੀਂ, ਕੋਈ ਕਦਰ ਨਹੀਂ। ਉਹ ਇੱਕ ਅਜਿਹੀ ਦੁਨੀਆਂ ਵਿੱਚ ਕਾਲੀ ਐਨਕ ਲਾ ਕੇ ਗੁਆਚੇ ਹੋਏ ਹਨ ਜਿਸਦੇ ਅੱਗੇ ਜਾਂ ਪਿੱਛੇ ਉਨ੍ਹਾਂ ਨੂੰ ਹੋਰ ਕੁੱਝ ਨਹੀਂ ਦਿਸਦਾ। ਇਸ ਲਈ ਉਨ੍ਹਾਂ ਨੂੰ ਉਸਦਾ ਜ਼ਿਕਰ ਨਹੀਂ ਕੀਤਾ ਨਾ ਹੀ ਉਨ੍ਹਾਂ ਨੂੰ ਇਸ ਬਾਰੇ ਕੁਝ ਦੱਸਿਆ ਹੈ, ਕਿਉਂਕਿ ਉਨ੍ਹਾਂ ਦੇ ਲਈ ਉਸਦੀ ਕੋਈ ਵੈਲਿਊ ਨਹੀਂ ਪਰ ਮੇਰੇ ਲਈ ਹੈ ਅਤੇ ਰਹੇਗੀ. ਮੇਰੇ ਜਾਣ ਤੋਂ ਬਾਅਦ ਵੀ ਮੈਂ ਜਿਉਂਦਾ ਰਹਿਣਾ ਚਾਹੁੰਦਾ ਸੀ, ਇਸ ਲਈ ਮੈਂ ਆਪਣੇ ਸਾਰੇ ਨਾਵਲ ਅਤੇ ਕਿਤਾਬਾਂ ਅਤੇ ਉਨ੍ਹਾਂ ਤੋਂ ਮਿਲਣ ਵਾਲੀ ਸਾਰੀ ਰਾਇਲਟੀ ਉਨ੍ਹਾਂ ਨਵੇਂ ਲਿਖਣ ਵਾਲਿਆਂ ਦੀ ਸਹਾਇਤਾਅਰਥ ਕਰ ਦਿੱਤੀ ਹੈ ਜੋ ਪੈਸਾ ਨਾ ਹੋਣ ਦੀ ਵਜ੍ਹਾ ਨਾਲ ਅੱਗੇ ਨਹੀਂ ਵਧ ਸਕਦੇ, ਜਿਨ੍ਹਾਂ ਦੀ ਲੇਖਣੀ ਕੁਵੇਲੇ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ। ਮੇਰਾ ਇਹ ਪੈਸਾ ਅਜਿਹੇ ਲੇਖਕਾਂ ਦੇ ਕੰਮ ਆਵੇਗਾ ਅਤੇ ਮੈਂ ਇੱਥੋਂ ਜਾਣ ਤੋਂ ਬਾਅਦ ਵੀ ਉਨ੍ਹਾਂ ਸਭ ਦੇ ਦਿਲਾਂ ਵਿੱਚ ਜਿਉਂਦਾ ਰਹਾਗਾਂ ਅਤੇ ਇਸ ਸਾਰੇ ਕਾਰਜ ਦੀ ਜ਼ਿੰਮੇਵਾਰੀ ਮੈਂ ਸ਼ਰਮਾ ਨੂੰ ਸੌਂਪੀ ਹੈ ਅਤੇ ਉਸਨੂੰ ਇਸਦਾ ਟਰਸਟੀ ਬਣਾ ਦਿੱਤਾ ਹੈ। ਹੁਣ ਉਹ ਇਸ ਸਭ ਦੀ ਦੇਖਭਾਲ ਕਰੇਗਾ ਅਤੇ ਇਹੀ ਉਸਦੀ ਮੇਰੇ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਸੱਤਵਾਂ ਪੰਨਾ, ਓਏ ਸ਼ਰਮਾ, ਸਾਲੇ ਕਰੇਂਗਾ ਨਹੀਂ ਮੇਰੀ ਇਹ ਆਖਰੀ ਇੱਛਾ ਪੂਰੀ ?

ਸ਼ਰਮਾ ਦੀਆਂ ਅੱਖਾਂ ਵਿਚੋਂ ਟਪ ਟਪ ਡਿੱਗਦੇ ਅੱਥਰੂ ਡਾਇਰੀ ਦੇ ਪੰਨਿਆਂ ਨੂੰ ਭਿਉਂਦੇ ਰਹੇ ਅਤੇ ਅੱਖਰ ਧੁੰਧਲੇ ਪੈਣ ਲੱਗੇ। ਸ਼ਾਇਦ ਅੱਜ ਅੱਖਰਾਂ ਦੇ ਵੀ ਹੰਝੂ ਵਗ ਰਹੇ ਸਨ। ਆਪਣੀ ਪੂਜਾ ਕਰਨ ਨੂੰ ਉਨ੍ਹਾਂ ਦੀ ਇਹੀ ਅੰਤਿਮ ਸ਼ਰਧਾਂਜਲੀ ਸੀ।

## ਹਰਜੀਤ ਅਟਵਾਲ – ਬ੍ਰਿਟਿਸ਼ ਬੌਰਨ ਦੇਸੀ / ਨਾਰੀ ਮਸਲੇ ਤੇ ਸਰੋਕਾਰ / ਡਾ. ਸੁਖਵਿੰਦਰ ਕੌਰ

ਹਰਜੀਤ ਅਟਵਾਲ (1952) ਇੰਗਲੈਂਡ ਵਸਦਾ ਪਰਵਾਸੀ ਪੰਜਾਬੀ ਲੇਖਕ ਹੈ। ਜਿਸ ਨੇ ਕਹਾਣੀ ਅਤੇ ਨਾਵਲ ਰਚਨਾ ਰਾਹੀਂ ਪਰਵਾਸੀ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾਇਆਂ ਹੈ। ਹਰਜੀਤ ਅਟਵਾਲ ਹੁਣ ਤੱਕ ਪੰਜ ਕਹਾਣੀ ਸੰਗ੍ਰਹਿ, ਨਾਵਲ ਸੰਗ੍ਰਹਿ, ਇੱਕ ਕਾਵਿ ਸੰਗ੍ਰਹਿ, ਇੱਕ ਸਫ਼ਰਨਾਮਾ ਲਿਖ ਚੁੱਕਾ ਹੈ। ਉਸ ਦੇ ਪ੍ਰਕਾਸ਼ਤ ਹੋਏ ਨਾਵਲਾਂ ਵਿਚ ਵਨ ਵੇਅ , ਰੇਤ , ਸਵਾਰੀ ,ਸਾਊਥਾਲ , ਬ੍ਰਿਟਿਸ਼ ਬੌਰਨ ਦੇਸੀ , ਸ਼ਾਮਿਲ ਹਨ।

ਵਿਚਾਰ ਅਧੀਨ ਨਾਵਲ ' ਬ੍ਰਿਟਿਸ਼ ਬੌਰਨ ਦੇਸੀ ' ਬੇਸ਼ਕ ਸਾਊਥਾਲ ਨਾਵਲ ਦੀ ਲੜੀ ਨੂੰ ਹੀ ਅਗਾਂਹ ਤੋਰਦਾ ਹੈ ਪਰ ਇਸ ਨਾਵਲ ਵਿਚ ਵਿਸ਼ੇਸ਼ ਤੌਰ ਤੇ ਇੰਗਲੈਂਡ ਵਿਚ ਜੰਮੀ-ਪਲੀ ਪਰਵਾਸੀ ਪੰਜਾਬੀਆਂ ਦੀ ਅਗਲੀ ਪੀੜ੍ਹੀ ਦੀ ਤਸਵੀਰ ਪੇਸ਼ ਕੀਤੀ ਗਈ ਹੈ ਜਿਹੜੀ ਉਸ ਮੁਲਕ ਵਿਚ ਜੰਮੀ ਤੇ ਪ੍ਰਵਾਨ ਚੜ੍ਹੀ ਹੈ। ਪਰਵਾਸੀ ਹੋਣ ਕਰਕੇ ਜੋ ਸਮੱਸਿਆਵਾਂ ਪਹਿਲੀ ਪੀੜ੍ਹੀ ਨੂੰ ਹੰਢਾਉਣੀਆਂ ਪਈਆਂ,ਉਹ ਹੁਣ ਭਾਂਵੇ ਉਹੋ ਜਿਹੀਆਂ ਨਹੀਂ ਰਹੀਆਂ ਪਰ ਉਹਨਾਂ ਸਮੱਸਿਆਵਾਂ ਦਾ ਚਰਿੱਤਰ ਬਦਲ ਗਿਆ ਹੈ । ਪਹਿਲੀ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦਿਆਂ ਪਰਵਾਸੀ ਪੰਜਾਬੀਆਂ ਦੇ ਮੂਲ ਸਰੋਕਾਰਾਂ ਵਿਚ ਇੱਕ ਵੱਡਾ ਪਰਿਵਰਤਨ ਆ ਗਿਆ ਹੈ। ਪਹਿਲੀ ਪੀੜ੍ਹੀ ਦਾ ਦੁਖਾਂਤ ਉਹਨਾਂ ਦੇ ਭੂ-ਹੇਰਵੇ ਅਤੇ ਅਜਨਬੀ ਵਲੋਂ ਕੀਤੇ ਨਸਲੀ ਵਿਤਕਰੇ ਵਿਚੋਂ ਪੈਦਾ ਹੋਇਆ ਸੀ । ਬ੍ਰਿਟਿਸ਼ ਬੌਰਨ ਦੇਸੀ ਪੀੜ੍ਹੀ ਦਾ ਆਪਣੇ ਸੱਭਿਆਚਾਰ ਤੋਂ ਬੇਮੁਖ ਹੋਣ ਦਾ ਸੱਭਿਆਚਾਰਕ ਸੰਕਟ ਵੀ ਪਹਿਲੀ ਪੀੜ੍ਹੀ ਨੂੰ ਭੋਗਣਾ ਪੈ ਰਿਹਾ ਹੈ ।ਬ੍ਰਿਟਿਸ਼ ਬੌਰਨ ਪੰਜਾਬੀ ਪੀੜ੍ਹੀ ਦੇ ਸਾਹਮਣੇ ਕੋਈ ਭੂ -ਹੇਰਵਾ ਨਹੀਂ, ਨਸਲੀ ਵਿਤਕਰਾ ਵੀ ਇਕ ਨਵੇਂ ਪਰਿਪੇਖ ਵਿਚ ਸਾਹਮਣੇ ਆ ਰਿਹਾ ਹੈ। ਪਹਿਲੀ ਪੀੜ੍ਹੀ ਅਜਨਬੀ ਮੁਲਕ ਵਿਚ ਪਰਾਈ ਸੀ ਜਦੋਂ ਕਿ ਦੂਜੀ ਪੀੜ੍ਹੀ ਉੱਥੇ ਹੀ ਪੈਦਾ ਹੋਈ ਹੈ ਪਰ ਏਸ਼ੀਆਈ ਮੂਲ ਹੋਣ ਕਰਕੇ ਇੱਕ ਵੱਖਰੀ ਤਰ੍ਹਾਂ ਦਾ ਨਸਲੀ ਵਿਤਕਰਾ ਹੰਢਾ ਰਹੀ ਹੈ। ਅਸਲ ਵਿਚ ਇਹ ਪੀੜ੍ਹੀ ਦੋ ਪਾਸਿਆਂ ਤੋਂ ਘਿਰੀ ਹੋਈ ਹੈ। ਇਸ ਪੀੜ੍ਹੀ ਦਾ ਟਕਰਾਓ ਪੱਛਮੀ ਲੋਕਾਂ ਤੱਕ ਤਾਂ ਹੈ ਹੀ, ਪਰ ਨਾਲ ਆਪਣੀ ਪਹਿਲੀ ਪੀੜ੍ਹੀ ਨਾਲ ਵੀ ਹੈ ਜੋ ਕਿ ਆਪਣੇ ਮੂਲ ਸੱਭਿਆਚਾਰ ਨੂੰ ਭੁਲਾ ਨਹੀਂ ਸਕੇ ।

ਨਾਵਲ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਅਤੇ ਬ੍ਰਿਟਿਸ਼ ਬੌਰਨ ਨਵੀਂ ਪੀੜ੍ਹੀ ਵਿਚਕਾਰ ਪੈਦਾ ਹੋਏ ਪੀੜ੍ਹੀ-ਪਾੜ੍ਹੇ ਦੇ ਮਸਲੇ ਨੂੰ ਬੜੀ ਹੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਨਾਵਲ ਵਿਚ ਪੇਸ਼ ਨਾਰੀ ਸਰੋਕਾਰਾਂ ਦੀ ਕਈ ਪੱਖਾਂ ਤੋਂ ਥਾਹ ਪੈਂਦੀ ਹੈ। ਵਿਦੇਸ਼ ਵਿਚ ਆ ਕੇ ਪਹਿਲੀ ਪੀੜ੍ਹੀ ਦੀ ਪਰਵਾਸੀ ਪੰਜਾਬੀ ਨਾਰੀ ਪੰਜਾਬ ਨਾਲੋਂ ਵਿਦੇਸ਼ ਨੂੰ ਤਰਜੀਹ ਦਿੰਦੀ ਹੋਈ ਮੂਲੋਂ ਹੀ ਭੂਹੇਰਵੇ ਨੂੰ ਨਕਾਰਦੀ ਹੈ ਜਿਵੇਂ ਨਾਵਲੀ ਬ੍ਰਿਤਾਂਤ ਵਿਚ ਪੰਜਾਬ ਕੁਝ ਦੇਰ ਲਈ ਗਏ ਤੇ ਖਾੜਕੂਆਂ ਹੱਥੋਂ ਤੰਗ ਹੋ ਕੇ ਵਾਪਸ ਇੰਗਲੈਂਡ ਪਰਤੇ ਪ੍ਰਦੁਮਣ ਸਿੰਘ ਦੀ ਪਤਨੀ ਕਾਰੇ ਨੂੰ ਕਹਿੰਦੀ ਹੈ," ਕਾਰਿਆਂ ਬਹੁਤ ਮਾੜੀ ਲੈਫ ਆ,ਜੀਣ ਦਾ ਕੋਈ ਹੱਜ ਨਹੀਂ ਉੱਥੇ, ਮੈਂ ਤਾਂ ਇੱਥੇ ਪਹੁੰਚ ਕੇ ਇੰਗਲੈਡ ਦੀ ਧਰਤੀ ਨੂੰ ਨਮਸਕਾਰ ਕੀਤਾ ਤੇ ਰੱਬ ਦਾ ਸ਼ੁਕਰ ਕੀਤਾ ਕਿ ਘਰ ਪਹੁੰਚੇ।"1

ਗਿਆਨ ਕੌਰ ਵਲੋਂ ' ਘਰ ਪਹੁੰਚੇ 'ਦਾ ਉਚਾਰਿਆ ਗਿਆ ਵਾਕ ਪਹਿਲੀ ਪੀੜ੍ਹੀ ਦੀ ਉਸ ਬਦਲ ਚੁੱਕੀ ਸੋਚ ਦੀ ਪੈਰਵੀ ਕਰਦਾ ਹੈ ਜੋ ਪਿੱਛੇ ਨੂੰ ਛੱਡ ਚੁੱਕੇ ਹਨ ਜਾਂ ਜਿਹਨਾਂ ਨੂੰ ਹੁਣ ਪਿਛਲਿਆਂ ਦਾ ਕੋਈ ਮੋਹ ਨਹੀਂ ਰਿਹਾ।

ਪਰਵਾਸ ਵਿਚ ਵਿਚਰ ਰਹੇ ਪਰਵਾਸੀ ਪੰਜਾਬੀਆਂ ਲਈ ਸੱਭਿਆਚਾਰਕ ਪਾੜਾ ਵੱਡੇ ਦੁੱਖ ਦਾ ਕਾਰਣ ਬਣਦਾ ਹੈ ਜਦੋਂ ਉਹਨਾਂ ਦੀ ਉੱਥੋ ਦੀ ਜੰਮਪਲ ਔਲਾਦ ਮਾਂ- ਬਾਪ ਦੇ ਅਧੀਨ ਹੋਣ ਦੀ ਬਜਾਇ ਬਾਗੀ ਸੁਰ ਅਖ਼ਤਿਆਰ ਕਰਦੀ ਹੋਈ ਘਰ -ਬਾਰ ਛੱਡ ਜਾਂਦੀ ਹੈ ਅਤੇ ਆਪਣੀ ਪੱਛਮੀ ਜੀਵਨ ਅਨੁਸਾਰੀ ਚੱਲਣਾ ਲੋਚਦੀ ਹੈ । ਮਾਪੇ ਘਰਾਂ ਵਿਚ ਦੇਸੀ ਜਵਾਈ ਤੇ ਦੇਸੀ ਨੂੰਹਾਂ ਸਹੇੜਨਾ ਲੋਚਦੇ ਹਨ ਤੇ ਔਲਾਦ ਗੋਰਿਆਂ ਤੇ ਜਮੀਕਿਆਂ ਵਿਚੋਂ ਆਪਣੇ ਸਾਥੀ ਤਲਾਸ਼ ਕਰ ਰਹੀ ਹੈ । ਮਾਪੇ ਵਿਵਸਥਿਤ ਵਿਆਹ ਦੇ ਸਮਰਥਕ ਹਨ ਤੇ ਔਲਾਦ ਇਸ ਦੇ ਘੋਰ ਖਿਲਾਫ਼ ।ਜਿਵੇਂ ਨਾਵਲ ਵਿਚ ਸਾਧੂ ਸਿੰਘ,ਪ੍ਰਦੁਮਣ ਸਿੰਘ, ਗੁਰਦਿਆਲ ,ਪਾਲਾ,ਕਾਰਾ,ਸੁਦਾਗਰ ਸਿੰਘ ਦੀਆਂ ਧੀਆਂ ਨੇ ਵਿਆਹ ਕਰਨ ਜਾਂ ਘੁੰਮਣ ਫਿਰਨ ਲਈ ਮੁੰਡੇ ਆਪਣੀ ਪਸੰਦ ਦੇ ਚੁਣੇ ਬੇਸ਼ਕ ਅਜਿਹਾ ਕਦਮ ਪੁਟਣ ਤੇ ਇਹਨਾਂ ਕੁੜੀਆਂ ਨੂੰ ਕਿਤੇ ਤਾਂ ਆਪਣੇ ਪਿਉ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਕਿਤੇ ਆਪਣੇ ਆਪ ਨੂੰ ਵਿਦਰੋਹੀ ਬਣਾਉਂਣਾ ਪਿਆ। ਪੰਜਾਬੀ ਕਦਰਾਂ ਕੀਮਤਾਂ ਨਾਲ ਲੈੱਸ ਪਰਵਾਸੀ ਪੰਜਾਬੀ ਪਿਉ ਮੁੰਡਿਆਂ ਦੇ ਮੁਕਾਬਲੇ ਵਿਸ਼ੇਸ਼ਕਰ ਆਪਣੀਆਂ ਧੀਆਂ ਦੇ ਅਜਿਹਾ ਕਰਮ ਕਰਨ ਉੱਤੇ ਕਿਸੇ ਪ੍ਰਕਾਰ ਦਾ ਸਮਝੌਤਾ ਕਰਨ ਲਈ ਤਿਆਰ ਨਹੀਂ ਹੁੰਦੇ । ਮਿਸਾਲ ਦੇ ਤੌਰ ਤੇ ਨਾਵਲੀ ਬਿਰਤਾਂਤ ਵਿਚ ਸਾਧੂ ਸਿੰਘ ਦੁਆਰਾ ਆਪਣੀ ਧੀ ਸੁੱਖੀ ਦਾ ਹਸਨ ਨਾਂ ਦੇ ਮੁੰਡੇ ਨਾਲ ਮੇਲ ਜੋਲ ਦੇਖ ਕੇ ਤਲਵਾਰ ਨਾਲ ਕਤਲ ਕਰ ਦੇਣ ਦੀ ਘਟਨਾ ਦਾ ਹਵਾਲਾ ਮਿਲਦਾ ਹੈ । ਇਸੇ ਤਰ੍ਹਾਂ ਇੱਕ ਵਾਰ ਤਾਂ ਪਾਲਾ ਸਿੰਘ ਵੀ ਆਪਣੀ ਧੀ ਮਨਿੰਦਰ ਦਾ ਮੁਸਲਮਾਨ ਮੁੰਡੇ ਨਾਲ ਮੇਲ ਜੋਲ ਬਾਰੇ ਸੁਣ ਕੇ ਆਪੇ ਤੋਂ ਬਾਹਰ ਹੁੰਦਾ ਹੋਇਆਂ ਉਸ ਨੂੰ ਜਾਨੋ ਮਾਰਨ ਬਾਰੇ ਸੋਚਦਾ ਹੈ ਉਹ ਆਪਣੀ ਆਤਮਾ ਨੂੰ ਸਾਧੂ ਸਿੰਘ ਦੇ ਰਸਤੇ ਉਪਰ ਚੱਲਣ ਲਈ ਝੰਜੋੜਦਾ ਹੈ ਪਰ ਅਜਿਹਾ ਨਾ ਕਰ ਸਕਣ ਦੀ ਸੂਰਤ ਵਿਚ ਉਹ ਮਨਿੰਦਰ ਨੂੰ ਮਰੀ ਮੁੱਕੀ

ਸਮਝਦਾ ਹੋਇਆ ਰਿਸ਼ਤਾ ਹੀ ਖਤਮ ਸਮਝ ਲੈਂਦਾ ਹੈ ਪਰ ਪੱਛਮੀ ਪ੍ਰਸਥਿੱਤੀਆਂ ਦੇ ਅਨੁਕੂਲ ਅਖੀਰ ਇਹੀ ਪਾਲਾ ਸਿੰਘ ਬੇਬਸ ਨਜ਼ਰ ਨਹੀਂ ਆਉਂਦਾ ਸਗੋਂ ਹਰ ਧੀ ਦਾ ਪਿਉ ਸਾਧੂ, ਪਾਲਾ, ਗੁਰਦਿਆਲ, ਸੁਦਾਗਰ ਸਿੰਘ ਵਰਗੇ ਹਾਲਾਤ ਅੱਗੇ ਲਾਚਾਰ ਤੇ ਬੇਬਸ ਨਜ਼ਰ ਆਉਂਦੇ ਹਨ। ਜਿਸ ਦੀ ਮਿਸਾਲ ਨਾਵਲੀ ਬਿਰਤਾਂਤ ਵਿਚ ਸਾਧੂ ਸਿੰਘ ਦੁਆਰਾਂ ਜੇਲ ਤੋਂ ਵਾਪਸ ਆ ਕੇ ਆਪਣੀ ਧੀ ਸੁੱਖੀ ਦੀ ਮੌਤ ਦਾ ਭੋਗ ਪੁਆਉਣ ਬਾਰੇ ਮਨ ਬਣਾਉਣ ਤੋਂ ਮਿਲਦੀ ਹੈ। ਪਾਲਾ ਸਿੰਘ ਆਪਣੀ ਪੂਰਬੀ ਕਦਰਾਂ -ਕੀਮਤਾਂ ਵਾਲੀ ਮਾਨਸਿਕਤਾ ਤਿਆਗ ਕੇ ਆਪਣੇ ਬੱਚਿਆਂ ਦੇ ਅਨੁਸਾਰੀ ਚੱਲਣ ਲਈ ਰਜ਼ਾਮੰਦ ਹੋ ਜਾਂਦਾ ਹੈ । ਸੁਦਾਗਰ ਸਿੰਘ ਆਪਣੀ ਹੀ ਧੀ ਸ਼ੈਰਨ ਦੇ ਨਜ਼ਾਇਜ਼ ਮੁੰਡੇ ਨੂੰ ਗੋਦ ਲੈ ਕੇ ਆਪਣੇ ਮੁੰਡਾ ਨਾ ਹੋਣ ਦੀ ਕਮੀ ਨੂੰ ਪੂਰਿਆਂ ਕਰਦਾ ਹੈ। ਇਸ ਪ੍ਰਕਾਰ ਨਾਵਲ ਦੀ ਸਭ ਤੋਂ ਵੱਧ ਪ੍ਰਭਾਵੀ ਸੁਰ ਬ੍ਰਿਟਿਸ਼ ਬੌਰਨ ਕੁੜੀਆਂ ਦੀ ਆਪਣੇ ਪਿਉ ਦੇ ਵਿਰੋਧ ਵਿਚ ਖੜ੍ਹਦੀ ਹੈ।

"ਪੱਛਮੀ ਸਮਾਜ ਜਿਹੜਾ ਨਾਰੀ ਦੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਅਧਿਕ ਸੰਵੇਦਨ ਅਤੇ ਵਿਹਾਰਕ ਰਿਹਾ ਹੈ ਅਤੇ ਜਿੱਥੇ ਪੁਲਿਸ ਕਾਨੂੰਨ ਤੇ ਸਮਾਜਕ ਸੁਰੱਖਿਆ ਅਤੇ ਨਾਰੀ ਸੰਗਠਨ ਏਡੇ ਸੰਕ੍ਰਿਯ ਤੇ ਸਕਤੀਸ਼ਾਲੀ ਹਨ ,ਨੇ ਪੰਜਾਬੀ ਬੰਦੇ ਨੂੰ ਵੀ ਮਜ਼ਬੂਰ ਕੀਤਾ ਹੈ ਕਿ ਉਹ ਨਾਰੀ ਪ੍ਰਤਿ ਆਪਣੇ ਪ੍ਰਤੀਮਾਨਾਂ ਨੂੰ ਵੀ ਨਵਾਂ ਰੂਪ ਦੇਵੇ। ਇਹ ਨਵਾਂ ਰੂਪ ਕੰਮ ਵੰਡ ਤੋਂ ਲੈ ਕੇ ਸਮੁੱਚੇ ਰਵੱਈਏ ਤਕ ਵਿਸਥਾਰ ਪਾਉਂਦਾ ਹੈ ।"2

ਹਾਲਾਤੀ ਮਜ਼ਬੂਰੀ ਅਧੀਨ ਨਾਵਲ ਵਿਚਲਾ ਪਰਵਾਸੀ ਪੰਜਾਬੀ ਜੱਟ ਸਮਾਜ ਆਪਣੇ ਬੱਚਿਆਂ ਦਾ ਵਿਆਹ ਅੰਤਰਨਸਲੀ ਵੀ ਕਰਨ ਲਈ ਬੇਬਸ ਹੋ ਗਏ ਹਨ। ਜਿਵੇਂ ਕਿ ਸੱਤੇ ਦਾ ਗੋਰੇ ਮਾਈਕ ਨਾਲ,ਅਮਰ ਦਾ ਗੋਰੀ ਸਾਂਡਰਾ ਨਾਲ ਅਤੇ ਪੰਨਾ 16 ਤੇ ਗਿੱਲਾਂ ਤੇ ਕੁੰਦੀਆਂ ਦੇ ਵਿਆਹ ਦਾ ਹਵਾਲਾ ਨਾਵਲੀ ਬਿਰਤਾਂਤ ਵਿਚ ਮਿਲਦਾ ਹੈ ਬ੍ਰਿਟਿਸ਼ ਬੌਰਨ ਪੰਜਾਬੀ ਕੁੜੀਆਂ ਵਿਆਹ ਦੇ ਮਾਮਲੇ ਵਿਚ ਆਪਣੇ ਮਾਂ -ਪਿਉ ਦੀ ਸਹਿਮਤੀ ਲੈਣ ਦੀ ਬਜਾਇ 'ਗੋਰਾ ਮੁੰਡਾ ਲੱਭ ਲਿਆ' ਦਾ ਫੈਸਲਾ ਸੁਣਾਉਂਦੀ ਕਹਿੰਦੀ ਹੈ; " ਡੈਡੀ ਨਾ ਮੰਨੇ ਤਾਂ ਨਾ ਸਹੀ ਪਰ ਮੈਂ ਵਿਆਹ ਮਾਈਕ ਨਾਲ ਹੀ ਕਰਾਉਂਣਾ । "3 ਇੱਥੇ ਪੱਛਮ ਦੀ ਜੰਮਪਲ ਸੱਤੀ ਆਪਣੇ ਪਿਉ ਨਾਲ ਕਿਸੇ ਵੀ ਕਿਸਮ ਦੀ ਭਾਵੁਕ ਸਾਂਝ ਨੂੰ ਮੂਲੋਂ ਹੀ ਰੱਦ ਕਰਦੀ ਹੋਈ ਜੋ ਉਸ ਲਈ ਲਾਭਦਾਇਕ ਹੈ ਜਾਂ ਜੋ ਉਸ ਨੂੰ ਚੰਗਾ ਲੱਗਦਾ ਹੈ,ਨੂੰ ਤਰਜੀਹ ਦੇ ਆਧਾਰ ਤੇ ਰੱਖਦੀ ਹੈ। ਇਹ ਪੀੜ੍ਹੀ,ਪਹਿਲੀ ਪੀੜ੍ਹੀ ਦੀ ਕਿਸੇ ਵੀ ਕਿਸਮ ਦੀ ਸੋਚ ਦੇ ਦਾਇਰੇ ਵਿਚ ਆਪਣੇ ਆਪ ਨੂੰ ਬੰਨਣ ਤੋਂ ਅਸਮਰੱਥ ਦਿਖਾਈ ਦਿੰਦੀ ਹੈ ।

ਨਾਵਲ ਪਰਵਾਸੀ ਪੰਜਾਬੀ ਵਿਸ਼ੇਸ਼ਕਰ ਜੱਟ ਭਾਈਚਾਰੇ ਨੂੰ ਆਪਣੀਆਂ ਧੀਆਂ ਦੁਆਰਾ ਅੰਤਰਨਸਲੀ ਵਿਆਹ ਕਰਨ ਦੇ ਸਿਲਸਿਲੇ ਨੂੰ ਇੱਕ ਘੋਰ ਸੰਤਾਪ ਵਾਂਗ ਭੋਗਦਿਆਂ ਪੇਸ਼ ਕਰਦਾ ਹੈ। ਇੱਕ ਦੂਜੇ ਦੀਆਂ ਧੀਆਂ ਪੁੱਤਰਾਂ ਵਲ ਦੇਖ ਕੇ ਉਹਨਾਂ ਨੂੰ ਆਪਣਾ ਫੈਸਲਾ ਬਦਲਣ ਦਾ ਹੌਸਲਾ ਮਿਲਦਾ ਹੈ ਤਾਂ ਉਹ ਬ੍ਰਿਟਿਸ਼ ਬੌਰਨ ਪੰਜਾਬੀ ਕੁੜੀਆਂ ਦੁਆਰਾ ਅੰਤਰਨਸਲੀ ਵਿਆਹ(ਵਿਸ਼ੇਸ਼ਕਰ ਗੋਰੀ ਨਸਲ)ਨੂੰ ਅਣਮੰਨੇ ਮਨ ਨਾਲ ਸਵੀਕਾਰ ਕਰਨ ਲਈ ਤਿਆਰ ਹੋ ਜਾਂਦੇ ਹਨ ਪਰ ਅੰਤਰਜਾਤੀ ਵਿਆਹ (ਖਾਸ ਕਰ ਛੋਟੀ ਜਾਤ) ਲਈ ਕਦੇ ਵੀ ਨਹੀਂ। ਵਿਚਾਰ ਅਧੀਨ ਨਾਵਲ ਵਿਚ ਸੁਦਾਗਰ ਸਿੰਘ ਆਪਣੀ ਧੀ ਸੱਤੀ ਦੇ ਗੋਰੇ ਨਾਲ ਵਿਆਹ ਵਾਲੀ ਗੱਲ ਆਪਣੇ ਭਰਾ ਗੁਰਮੁਖ ਨਾਲ ਸਾਝਿਆਂ ਕਰਨ ਤੇ ਰਾਜ਼ੀ ਹੋ ਜਾਂਦਾ ਹੈ ਕਿਉਂ ਜੋ ਪ੍ਰੰਪਰਕ ਗੁਲਾਮੀ ਕਾਰਣ ਗੋਰਾ ਰੰਗ ਪੰਜਾਬੀਆਂ ਦੇ ਮਨਾਂ ਉਪਰ ਕਿਤੇ ਨਾ ਕਿਤੇ ਸ਼੍ਰੇਸ਼ਟਤਾ ਦਾ ਪ੍ਰਤੀਕ ਬਣਿਆ ਹੋਇਆ ਹੈ। ਅੰਤਰਜਾਤੀ ਵਿਆਹ ਦੇ ਮੁੱਦੇ ਤੇ ਇਹੀ ਸੁਦਾਗਰ ਸਿੰਘ ਆਪਣੀ ਤੀਜੀ ਕੁੜੀ ਗੁਰੀ ਵਲੋਂ ਚਮਾਰ ਮੁੰਡੇ ਨਾਲ ਵਿਆਹ ਕਰਾਉਂਣ ਦੀ ਪੇਸ਼ਕਸ਼ ਨੂੰ ਮੂਲੋਂ ਹੀ ਹਜ਼ਮ ਨਹੀਂ ਕਰ ਪਾਉਂਦਾ । ਨਾਵਲੀ ਬਿਰਤਾਂਤ ਇਸ ਅੰਤਰਜਾਤੀ ਵਿਆਹ ਬਾਰੇ ਵਿਰੋਧੀ ਤਕਰੀਰਾਂ ਪੇਸ਼ ਕਰਦਾ ਹੋਇਆ ਇਸ ਨੂੰ ਕਿਸੇ ਨਿਸ਼ਚਿਤ ਸਿੱਟੇ ਤੇ ਪਹੁੰਚਾਉਂਣ ਤੋਂ ਅਸਮਰੱਥ ਹੁੰਦਾ ਹੋਇਆ ਅੱਧ ਵਿਚਕਾਰੇ ਹੀ ਛੱਡ ਦਿੰਦਾ ਹੈ।

"ਦੂਸਰੀ ਪੀੜ੍ਹੀ ਦੇ ਪਰਵਾਸੀ ਪਾਤਰ ਪੂੰਜੀਵਾਦੀ ਸਮਾਜ ਵਿਚ ਜੰਮੇ ਪਲੇ ਤੇ ਟੈਲੀਵਿਜਨ,ਵੀਡੀਓ ਅਤੇ ਰਾਕਟਾਂ ਦੇ ਯੁੱਗ ਵਿਚ ਜਵਾਨ ਹੋਏ ਹਨ । ਉਹਨਾਂ ਨੇ ਗਲੀਆਂ ਬਜਾਰਾਂ ਅਤੇ ਖੇਡ ਦੇ ਮੈਦਾਨਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਜੋ ਸਿੱਖਿਆ ਹੈ ਉਹ ਉਹਨਾਂ ਦੇ ਮਾਪਿਆਂ ਦੇ ਵਿਚਾਰਾਂ, ਇੱਛਾਵਾਂ ਤੇ ਭਾਵਾਂ ਦੇ ਅਵਚੇਤਨ ਤੇ ਸੱਭਿਆਚਾਰਕ ਚੇਤਨਾ ਦੇ ਬਿਲਕੁਲ ਉਲਟ ਹੈ । ਉਹਨਾਂ ਨੂੰ ਆਪਣੇ ਮਾਪਿਆਂ ਦੇ ਜਾਤਾਂ , ਗੋਤਾਂ ,ਧਰਮਾਂ ਆਦਿ ਦੇ ਵਿਚਾਰਾਂ ਨਾਲ ਕੋਈ ਸਾਂਝ ਨਹੀਂ ਲੱਭਦੀ ।ਇਸ ਲਈ ਉਹਨਾਂ ਦਾ ਆਪਣੇ ਮਾਪਿਆਂ ਦੇ ਇਹਨਾਂ ਭੂਤਮੁਖੀ ਵਿਚਾਰਾਂ ਤੋਂ ਬਾਗੀ ਹੋ ਜਾਣਾ ਕੁਦਰਤੀ ਵੀ ਹੈ ਤੇ ਪ੍ਰਸੰਗਿਕ ਵੀ।"4

ਨਾਵਲ ਪੰਜਾਬੀਆਂ ਦੀ ਉਸ ਸੋਚ ਦੀ ਪੇਸ਼ਕਾਰੀ ਵੀ ਕਰਦਾ ਹੈ ਜਿਸ ਅਧੀਨ ਪੰਜਾਬ ਰਹਿੰਦੇ ਪੰਜਾਬੀ ਲੋਕਾਂ ਦੇ ਮਨਾਂ ਵਿਚ ਪੱਛਮ ਦੀ ਬਾਹਰੀ ਚਕਾਚੌਂਧ ਏਨਾ ਘਰ ਕਰ ਚੁੱਕੀ ਹੈ ਕਿ ਉਹ ਪਰਵਾਸ ਕਰਨ ਜਾਂ ਪਰਵਾਸੀਆਂ ਨਾਲ ਆਪਣੀਆਂ ਧੀਆਂ ਨੂੰ ਵਿਆਹੁਣ ਲਈ ਏਨੇ ਉਤਾਵਲੇ ਹੋ ਜਾਂਦੇ ਹਨ ਕਿ ਆਪਣੀ ਧੀ ਦੇ ਹਾਣ/ ਪ੍ਰਮਾਣ ਦੀ ਪਰਵਾਹ ਨਾ ਕਰਦੇ ਹੋਏ ਉਹਨਾਂ ਨੂੰ ਵਿਦੇਸ਼ੀ ਪੰਜਾਬੀ ਲਾੜਿਆਂ ਦੇ ਲੜ ਲਾ ਦਿੰਦੇ ਹਨ। ਕਈ ਹਾਲਤਾਂ ਵਿਚ ਪਰਵਾਸ ਧਾਰਨ ਪਿੱਛੇ ਕੁੜੀ ਦੀ ਆਪਣੀ ਵਿਦੇਸ਼ ਜਾਣ ਦੀ ਲਾਲਸਾ ਵੀ ਪ੍ਰਧਾਨ ਹੋ ਨਿਬੜਦੀ ਹੈ। ਮਿਸਾਲ ਦੇ ਤੌਰ ਤੇ ਨਾਵਲੀ ਬ੍ਰਿਤਾਂਤ ਵਿਚ ਸੁਦਾਗਰ ਸਿੰਘ ਦੀ ਪਤਨੀ ਦਿਲਰਾਜ ਕੌਰ ਸੋਚਦੀ ਹੈ ਕਿ ਉਹ ਇੱਕ ਪੜ੍ਹੀ -ਲਿਖੀ ਔਰਤ ਹੈ ਜੋ ਕਿ ਇੰਗਲੈਂਡ ਖ਼ਾਤਿਰ ਜਾਂ ਆਪਣੇ ਮਾਪਿਆਂ ਖ਼ਾਤਿਰ

ਵਿਆਹੀ ਇੰਗਲੈਂਡ ਆਈ ਨਹੀਂ ਤਾਂ ਸੁਦਾਗਰ ਸਿੰਘ ਉਸ ਦੇ ਮੁਕਾਬਲੇ ਦਾ ਪਤੀ ਨਹੀਂ ਸੀ । ਦਿਲਰਾਜ ਕੌਰ ਨੂੰ ਆਪਣੇ ਹਾਣ ਦਾ ਸਾਥੀ ਨਾ ਮਿਲਣ ਦਾ ਝੋਰਾ ਹਮੇਸ਼ਾ ਰਹਿੰਦਾ ਹੈ। ਆਪਣੀਆਂ ਧੀਆਂ ਵਲੋਂ ਪਸੰਦ ਦੇ ਸਾਥੀ ਚੁਣਨ ਤੇ ਉਹ ਜਿੱਥੋਂ ਤਕ ਸੰਭਵ ਹੋ ਸਕਦਾ ਹੈ ਉਹਨਾਂ ਦੀ ਪੂਰੀ ਮਦਦ ਕਰਦੀ ਹੈ । ਇਸ ਤਰ੍ਹਾਂ ਕਰਨ ਨਾਲ ਉਸ ਨੂੰ ਆਪਣੀ ਅਧੂਰੀ ਰਹੀ ਚੁੱਕੀ ਰੀਝ ਕਾਰਨ ਮਾਨਸਿਕ ਖੁਸ਼ੀ ਮਿਲਦੀ ਹੈ। ਨਾਵਲੀ ਬ੍ਰਿਤਾਂਤ ਪੰਜਾਬ ਰਹਿੰਦੇ ਲਾਲਚੀ/ ਮਜ਼ਬੂਰ /ਬੇਬਸ ਮਾਪਿਆਂ ਦੀ ਪੇਸ਼ਕਾਰੀ ਵੀ ਕਰਦਾ ਹੈ ਜਿਨ੍ਹਾਂ ਨੂੰ ਆਪਣੀਆਂ ਧੀਆਂ ਦੇਣ ਦੇ ਬਦਲੇ ਕੁਝ ਨਾ ਕੁਝ ਮਿਲਦਾ ਰਹੇ ਉਹ ਹੀ ਬਹੁਤ ਹੈ । ਇਸ ਨਾਲ ਉਹਨਾਂ ਦਾ ਕੋਈ ਸਰੋਕਾਰ ਨਹੀਂ ਕਿ ਉਹਨਾਂ ਦੀ ਧੀ ਜਿਸ ਪਰਵਾਸੀ ਦੇ ਲੜ ਲਾਈ ਗਈ ਹੈ ਉਹ ਖੁਸ਼ ਵੀ ਹੈ ਜਾਂ ਨਹੀਂ । ਜਿਵੇਂ ਪ੍ਰਦੁਮਣ ਸਿੰਘ ਆਪਣੇ ਵਿਗੜ ਚੁੱਕੇ ਨਸ਼ੇੜੀ ਮੁੰਡੇ ਰਾਜਵਿੰਦਰ ਨੂੰ ਠੀਕ ਰਸਤੇ ਤੇ ਲਿਆਉਂਣ ਲਈ ਪੰਜਾਬ ਤੋਂ ਗਰੀਬ ਘਰ ਦੀ ਕੁੜੀ ਜੋਤੀ ਨੂੰ ਵਿਆਹ ਲਿਆਉਂਦੇ ਹਨ। ਪਰਵਾਸ ਵਿਚ ਜੋਤੀ ਦਾ ਆਪਣਾ ਕੋਈ ਨਾ ਹੋਣ ਕਾਰਣ ਉਹ ਹਾਲਾਤ ਅੱਗੇ ਬੇਬਸ ਤੇ ਲਾਚਾਰ ਬਣ ਕੇ ਰਹਿ ਜਾਂਦੀ ਹੈ । ਉਸ ਨੂੰ ਆਪਣੇ ਮਾਪਿਆਂ ਦੁਆਰਾ ਸਵਾਰਥੀ ਬਣਨ ਦਾ ਰੋਸ ਹੈ ਜਦੋਂ ਉਹ ਨਾਵਲੀ ਬ੍ਰਿਤਾਂਤ ਵਿਚ ਕੇਸਰ ਨੂੰ ਕਹਿੰਦੀ ਹੈ: " ਪੰਜਾਹ ਵਾਰੀ ਦੱਸ ਚੁੱਕੀ ਹਾਂ, ਪਰ ਉਹਨਾਂ ਦੇ ਕੰਨ ਤੇ ਜੂੰ ਨਹੀਂ ਸਰਕਦੀ, ਉਹ ਲਾਲਚੀ ਬਣੇ ਹੋਏ ਆ,ਇਹ ਥੋੜੇ ਬਹੁਤ ਪੈਸੇ ਭੇਜ ਦਿੰਦੇ ਹਨ ਤੇ ਉਹ ਚੁੱਪ ਰਹਿੰਦੇ ਹਨ ।"5 ਅਖ਼ੀਰ ਜੋਤੀ ਪੱਛਮੀ ਸਮਾਜ ਤੇ ਔਰਤ ਪੱਖੀ ਕਾਨੂੰਨ ਤੋਂ ਜਾਣੂ ਹੁੰਦੀ ਹੋਈ ਆਪਣੇ ਆਪ ਨੂੰ ਨਿਡਰ ਬਣਾਉਂਦੀ ਹੈ। ਉਹ ਆਪਣੇ ਹੱਕਾਂ ਪ੍ਰਤਿ ਜਾਗਰੂਕ ਹੋ ਕਿ ਕਿਸੇ ਵੀ ਕਿਸਮ ਦੇ ਸ਼ੋਸ਼ਣ ਨੂੰ ਬਰਦਾਸ਼ਤ ਕਰਨ ਤੋਂ ਇਨਕਾਰੀ ਹੁੰਦੀ ਹੈ । ਨਾਵਲ ਵਿਚ ਪ੍ਰਦੁਮਣ ਸਿੰਘ ਜਦੋਂ ਜੋਤੀ ਨੂੰ ਹੱਥ ਪਾਉਂਣ ਲੱਗਦਾ ਹੈ ਤਾਂ ਚੇਤੰਨ ਜੋਤੀ ਉਸ ਨੂੰ ਵੰਗਾਰ ਪਾਉਦੀ ਹੋਈ ਕਹਿੰਦੀ ਹੈ : "ਡੈਡੀ ਜੀ ,ਇੱਕ ਗੱਲ ਸੁਣ ਲਉ ਧਿਆਨ ਨਾਲ,ਮੁੜ ਕੇ ਜੇ ਮੈਨੂੰ ਟੱਚ ਕੀਤਾ ਤਾਂ ਮੈਂ ਥੋਡੀਆਂ ਦੋਨਾਂ ਧੀਆਂ ਤੇ ਨੂੰਹ ਨੂੰ ਬਿਠਾ ਕੇ ਸਾਰੀ ਗੱਲ ਦੱਸ ਦੇਊ,ਆਪਣਾ ਪੜ੍ਹਿਆ ਵਿਚਾਰ ਕੇ ਮੈਨੂੰ ਹੱਥ ਲਾਇਉ ।"6 ਇਸੇ ਤਰ੍ਹਾਂ ਦੇਵਿਕਾ ਵੀ ਪੰਜਾਬ ਤੋਂ ਧੋਖੇ ਨਾਲ ਵਿਆਹ ਕੇ ਲਿਆਂਦੀ ਜਾਂਦੀ ਹੈ ।ਉਸ ਦੇ ਪਤੀ ਨੇ ਪਹਿਲਾਂ ਹੀ ਬਾਹਰ ਕੁੜੀ ਰੱਖੀ ਹੋਈ ਹੈ । ਉਸ ਦੇ ਸਹੁਰਿਆਂ ਵਲੋਂ ਉਸ ਨੂੰ ਵਿਦੇਸ਼ ਵਿਚ ਲਿਆ ਕੇ ਹਾਲਾਤ ਦੇ ਸਹਾਰੇ ਛੱਡ ਦਿੱਤਾ ਜਾਂਦਾ ਹੈ। ਉਹ ਪੱਛਮੀ ਸਮਾਜ ਵਿਚ ਪ੍ਰਦੁਮਣ ਵਰਗੇ ਜਿਨਸੀ ਸ਼ੋਸ਼ਣ ਕਰਨ ਵਾਲੇ ਬੰਦਿਆਂ ਤੋਂ ਬਚਦੀ ਹੋਈ ਅਖੀਰ ਆਪਣੇ ਆਪ ਨੂ ਹਾਲਾਤ ਦਾ ਮੁਕਾਬਲਾ ਕਰਨ ਦੇ ਸਮਰੱਥ ਬਣਾਉਂਦੀ ਹੈ ਉਹ ਔਰਤਾਂ ਦੇ ਹੱਕਾਂ ਵਿਚ ਕੰਮ ਕਰ ਰਹੀਆਂ ਔਰਤਾਂ ਦੀਆਂ ਜੰਥੇਬੰਦੀਆਂ ਵਿਚ ਸ਼ਾਮਿਲ ਹੋ ਜਾਂਦੀ ਹੈ । ਇਸ ਪ੍ਰਕਾਰ ਨਾਵਲ ਜੋਤੀ ਤੇ ਦੇਵਿਕਾ ਵਰਗੀਆਂ ਕੁੜੀਆਂ ਦੇ ਜਰ੍ਹੀਏ ਇਹ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਹੁਣ ਪੰਜਾਬ ਤੋਂ ਗਈਆਂ ਕੁੜੀਆਂ ਹਾਲਾਤ ਅੱਗੇ ਲਾਚਾਰ ਤੇ ਬੇਬਸ ਨਹੀਂ ਰਹਿੰਦੀਆਂ ਸਗੋਂ ਪੱਛਮੀ ਔਰਤ ਪੱਖੀ ਕਾਨੂੰਨ ਦੀ ਹਿਫਾਜ਼ਤ ਵਿਚ ਇਹਨਾਂ ਨੇ ਆਪਣੇ ਆਪ ਨੂੰ ਨਿਡਰ ਤੇ ਦਲੇਰ ਬਣਾਇਆਂ ਹੈ ਜੋ ਕਿ ਮੁਸ਼ਕਿਲ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਹਨ।

ਪਰਵਾਸੀ ਪੰਜਾਬੀ ਮਰਦ ਨਾਲ ਪੱਛਮੀ ਔਰਤ ਦੇ ਵਿਆਹ ਦੇ ਸੰਦਰਭ ਵਿਚ ਨਾਵਲੀ ਬਿਰਤਾਂਤ ਨਸਲਵਾਦੀ ਸੁਰ ਅਖ਼ਤਿਆਰ ਕਰਦਾ ਹੈ ਇੰਗਲੈਂਡ ਦਾ ਏਸ਼ੀਅਨ ਦੇਸ਼ਾਂ ਉਪ ਰਾਜ ਹੋਣ ਕਾਰਣ ਇੱਥੋ ਦੇ ਮੂਲ ਵਾਸੀ ਲੋਕ ਆਪਣੇ ਆਪ ਨੂੰ ਉਤਮ ਸਮਝਦੇ ਹਨ। ਉਹ ਕਿਸੇ ਵੀ ਹਾਲਤ ਵਿਚ ਏਸ਼ੀਅਨ ਲੋਕਾਂ ਨਾਲ ਕਿਸੇ ਕਿਸਮ ਦਾ ਰਿਸ਼ਤਾ ਸਥਾਈ ਰੂਪ ਵਿਚ ਬਣਾਉਂਣ ਦੇ ਹੱਕ ਵਿਚ ਨਹੀਂ। ਨਾਵਲ ਵਿਚ ਸਾਂਡਰਾ ਜਦੋਂ ਆਪਣੇ ਨਸਲਵਾਦੀ ਪਿਉ ਨੂੰ ਪਰਵਾਸੀ ਪੰਜਾਬੀ ਪਾਲਾ ਸਿੰਘ ਦੇ ਮੁੰਡੇ ਅਮਰ ਜੋ ਕਿ ਪੱਛਮ ਦਾ ਜੰਮਪਲ ਹੈ, ਨਾਲ ਵਿਆਹ ਕਰਾਉਂਣ ਦੀ ਗੱਲ ਸਾਂਝੀ ਕਰਦੀ ਹੈ ਤਾਂ ਉਸ ਦਾ ਨਸਲਵਾਦੀ ਪਿਉ ਆਪਣੀ ਉੱਚੀ ਸ਼ਾਨ ਦੇ ਹਵਾਲੇ ਦੇ ਕੇ ਆਪਣੀ ਧੀ ਨੂੰ ਅਧੀਨ ਸਾਮਰਾਜ ਦੇ ਵਾਸੀ ਨਾਲ ਵਿਆਹ ਕਰਨੋ ਰੋਕਦਾ ਹੈ ਪਰੰਤੂ ਨਵੇਂ ਮਾਹੌਲ ਦੀ ਧਾਰਨੀ ਸਾਂਡਰਾ ਨਸਲਵਾਦੀ ਸੁਰਾਂ ਦੀ ਧਾਰਨੀ ਨਹੀਂ ਉਹ ਖੁਲ੍ਹੇ ਅਜ਼ਾਦ ਖਿਆਲਾਂ ਵਾਲੀ ਕੁੜੀ ਹੈ । ਪਿਉ ਦੁਆਰਾ ਬੱਚਿਆਂ ਦੇ ਰੰਗ ਬਾਰੇ ਪੁੱਛਣ ਤੇ ਉਹ ਆਪਣੇ ਵਿਚਾਰ ਪੇਸ਼ ਕਰਦੀ ਹੋਈ ਕਹਿੰਦੀ ਹੈ, "ਅਸੀਂ ਆਪਣੇ ਬੱਚਿਆਂ ਨੂੰ ਚੰਗੇ ਸ਼ਹਿਰੀ ਬਣਾਉਣ ਦੀ ਕੋਸ਼ਿਸ਼ ਕਰਾਂਗੇ, ਉਹਨਾਂ ਨੂੰ ਉਹਨਾਂ ਦੇ ਰੰਗ ਤੋਂ ਉਪਰ ਚੁਕਣ ਦੇ ਯਤਨ ਵਿਚ ਰਹਾਂਗੇ।"7

'ਬ੍ਰਿਟਿਸ਼ ਬੌਰਨ ਦੇਸੀ' ਨਾਵਲ ਪੱਛਮੀ ਔਰਤ ਦੀ ਵਿਆਹ ਬੰਧਨ ਵਿਚ ਬੱਝਣ ਦੀ ਬਜਾਇ ਪਾਰਟਨਰਸ਼ਿਪ ਦੇ ਤੌਰ ਤੇ ਰਹਿਣ ਦੀ ਸੋਚ ਦੀ ਪੇਸ਼ਕਾਰੀ ਵੀ ਕਰਦਾ ਹੈ । ਮਿਸਾਲ ਦੇ ਤੌਰ ਤੇ ਪੱਛਮੀ ਔਰਤ ਆਈਰੀਨ ,ਅਮਰ ਨਾਲ ਸਾਂਡਰਾ ਦੇ ਵਿਆਹ ਦੇ ਵਿਰੋਧ ਵਿਚ ਤਰਕ ਪੇਸ਼ ਕਰਦੀ ਹੋਈ ਪੰਨਾ –39 ਤੇ ਕਹਿੰਦੀ ਹੈ, "ਵਿਆਹ ਕਰਾ ਕੇ ਲੋਕ ਜ਼ਿੰਦਗੀ ਮੁਸ਼ਕਲ ਕਰ ਲੈਂਦੇ ਆਂ ,ਵਿਆਹ ਤੋਂ ਬਿਨਾ ਪਿਆਰ ਜਿਆਦਾ ਰਹਿੰਦਾ ਐ। " ਇਸ ਪ੍ਰਕਾਰ ਨਾਵਲ ਵਿਚ ਪੇਸ਼ ਪੱਛਮੀ ਔਰਤ ਆਈਰੀਨ ਵਿਆਹ ਦੇ ਵਿਰੋਧ ਵਿਚ ਭੁਗਤਦੀ ਹੋਈ ਪਾਰਟਨਰਸ਼ਿਪ ਦੇ ਤੌਰ ਤੇ ਰਹਿਣ ਨੂੰ ਪਹਿਲ ਦੇ ਆਧਾਰ ਤੇ ਰੱਖਦੀ ਹੈ ਉਹਨਾਂ ਲਈ ਵਿਆਹ ਕੋਈ ਬੰਧਨ ਨਹੀਂ,ਜਿਸ ਵਿਚ ਬੱਝੇ ਰਹਿਣਾ ਕੋਈ ਮਜ਼ਬੂਰੀ ਹੋਵੇ ਉਹ ਸੁਤੰਤਰ ਰਿਸ਼ਤੇ ਬਣਾਉਂਣ ਦੇ ਹੱਕ ਵਿਚ ਹੈ ਜਿਸ ਨੂੰ ਜਦੋਂ ਨਾ ਨਿਭੇ ਤੋੜਿਆ ਜਾ ਸਕੇ।

ਇਸ ਤਰ੍ਹਾਂ 'ਬ੍ਰਿਟਿਸ਼ ਬੌਰਨ ਦੇਸੀ' ਨਾਵਲ ਵਿਚ ਪਰਵਾਸੀ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਨਾਲ ਉਭਰਦਾ

## ਕਵਿਤਾ / ਸੇਕ / ਡਾ. ਵਿਕਰਮਜੀਤ

ਹੰਢਾਉਂਦਾ ਹਾਂ ਸੇਕ
ਨਿੱਘੀ ਧੁੱਪ ਦਾ-
ਆਪਣੀ ਚੁੱਪ ਦਾ
ਸੇਕ ਹੰਢਾਉਂਦਾ ਹਾਂ
ਆਪਣੇ ਬੀਤੇ ਦਾ-
ਆਉਣ ਵਾਲੇ ਕੱਲ੍ਹ ਦਾ

ਸੇਕ ਹੰਢਾਉਂਦਾ ਹਾਂ
ਬਚਪਨ ਤੇ ਜਵਾਨੀ ਦੀ
ਚੰਚਲਤਾ ਦਾ
ਬਿਰਧ ਜੂਨ ਦੀ ਸਿਥਲਤਾ ਦਾ
ਚੇਤਿਆਂ 'ਚ ਵਸੇ
ਪੁਰਖਿਆਂ ਦੀ ਸੋਹਬਤ ਦਾ
ਸੇਕ ਹੰਢਾਉਂਦਾ ਹਾਂ



ਬਲਦੀ ਅੱਗ
ਵਿਚ ਮਨੁੱਖੀ ਹੋਂਦ ਦਾ
ਜ਼ਹਿਰੀਲੀ ਸੋਚ ਦਾ

ਸੇਕ ਹੰਢਾਉਂਦਾ ਹਾਂ
ਮਾਂ ਦੀ ਕੁੱਖ ਦਾ-
ਮਮਤਾ ਦੀ ਭੁੱਖ ਦਾ

ਰਿਸ਼ਤਿਆਂ ਦੇ ਦੁੱਖ ਦਾ

ਸੇਕ ਹੰਢਾਉਂਦਾ ਹਾਂ
ਆਪਣੇ ਵਜੂਦ ਦਾ-
ਸੋਚਾਂ ਦੇ ਜਮੂਦ ਦਾ
ਸੇਕ ਹੰਢਾਉਂਦਾ ਹਾਂ
ਪਲ ਪਲ
ਕਿਰਦੀ ਆਸ ਦਾ
ਕਈ ਕੁਝ
ਵਾਪਰਨ ਪਿੱਛੋਂ ਵੀ
ਨਾ ਹੋਣ ਵਾਲੇ ਅਹਿਸਾਸ ਦਾ

ਸੇਕ ਮੈਨੂੰ ਜੋੜਦਾ
ਮੇਰੀ ਚੁੱਪ ਨੂੰ ਤੋੜਦਾ...।

ਤਣਾਓ ਅਤੇ ਦੂਜੀ ਪੀੜ੍ਹੀ ਦਾ ਪੰਜਾਬੀ ਸੱਭਿਆਚਾਰ ਤੋਂ ਬਿਲਕੁਲ ਹੀ ਬੇਮੁਖ ਹੋ ਜਾਣ ਦਾ ਥੀਮ ਮਿਲਦਾ ਹੈ । ਨਾਵਲ ਪਰਵਾਸ ਵਿਚ ਜੰਮੀ ਤੇ ਪ੍ਰਵਾਨ ਚੜ੍ਹੀ ਪੀੜ੍ਹੀ ਦੀ ਗਾਥਾ ਵਿਸ਼ੇਸ਼ ਤੌਰ ਤੇ ਪੇਸ਼ ਕਰਦਾ ਹੈ। ਇਹ ਪੀੜ੍ਹੀ ਜੰਮਣਸਾਰ ਹੀ ਪੱਛਮੀ ਸੱਭਿਆਚਾਰ ਵਿਚ ਘਿਰ ਜਾਂਦੀ ਹੈ। ਉਹਨਾਂ ਦੀਆਂ ਰੁਚੀਆਂ, ਦਿਲਚਸਪੀਆਂ, ਕਦਰਾਂ ਕੀਮਤਾਂ, ਪੰਜਾਬੀ ਸੱਭਿਆਚਾਰ ਨਾਲੋਂ ਬਿਲਕੁਲ ਹੀ ਅਲੱਗ ਕਿਸਮ ਦੀਆਂ ਹੋ ਜਾਂਦੀਆਂ ਹਨ। ਪੰਜਾਬੀ ਸੱਭਿਆਚਾਰ ਨੂੰ ਆਤਮਸਾਤ ਕਰੀ ਬੈਠਾ ਪਰਵਾਸੀ ਪੰਜਾਬੀ ਭਾਈਚਾਰੇ ਦਾ ਪਿਤਾ ਰੂਪ ਅਜੇ ਵੀ ਪੁੱਤਰ ਵਲੋਂ ਆਪਣੀ ਮਰਜੀ ਦਾ ਸਾਥੀ ਚੁਣਨ ਤੇ ਕੋਈ ਵਿਰੋਧ ਨਹੀਂ ਕਰਦਾ ਪਰ ਧੀ ਵਲੋਂ ਅਜਿਹਾ ਚੁੱਕਿਆ ਗਿਆ ਕਦਮ ਪੂਰੇ ਖਾਨਦਾਨ ਨੂੰ ਕਲੰਕਿਤ ਹੋਇਆ ਮੰਨਦਾ ਹੈ ਜੋ ਉਸ ਅਨੁਸਾਰ ਪੀੜ੍ਹੀ ਦਰ ਪੀੜ੍ਹੀ ਵਾਚਿਆ ਜਾਣਾ ਲਾਜ਼ਮੀ ਹੈ ਪਰੰਤੂ ਪੂਰਬੀ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਲੈੱਸ ਹੁੰਦੇ ਹੋਏ ਵੀ ਅਖੀਰ ਇਹ ਮਾਪੇ ਹਾਲਾਤ ਅਨੁਕੂਲ ਢਲ ਜਾਣਾ ਹੀ ਮੁਨਾਸਿਬ ਸਮਝਦੇ ਹਨ ਕਿਉਂ ਜੋ ਉਹਨਾਂ ਨੂੰ ਜਾਪਦਾ ਹੈ ਕਿ ਜਦ ਪੱਛਮ ਦੀ ਹਵਾ ਹੀ ਅਜਿਹੀ ਚਲ ਪਈ ਹੈ ਤਾਂ ਉਹਨਾਂ ਦੇ ਕੱਖ ਕਾਨਿਆਂ ਦਾ ਉੱਡਣਾ ਵੀ ਲਾਜ਼ਮੀ ਹੈ। ਇਸ ਤੋਂ ਇਲਾਵਾ ਪੱਕੇ ਹੋਣ ਦੀ ਵੱਧ ਰਹੀ ਲਾਲਸਾ ਨੇ ਪਰਵਾਸੀ ਪੰਜਾਬੀ ਕੁੜੀਆਂ ਨੂੰ ਵੇਸ਼ਵਾਗਮਨੀ ਦਾ ਧੰਦਾ ਅਖ਼ਤਿਆਰ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ ਪੱਛਮ ਵਿਚ ਬਿਨ ਵਿਆਹੀਆਂ ਮਾਵਾਂ ਜਾਂ ਵਿਆਹ ਬਾਹਰੀ ਜਿਨਸੀ ਸੰਬੰਧ ਕੋਈ ਅਲੋਕਾਰੀ ਗੱਲ ਨਹੀਂ ਰਹਿ ਗਏ। ਪੰਜਾਬੀ ਮੂਲ ਦੀਆਂ ਕੁੜੀਆਂ ਵੀ ਇਸ ਦੀ ਗ੍ਰਿਫ਼ਤ ਵਿਚ ਫਸ ਚੁਕੀਆਂ ਹਨ । ਸੋ ਪਰਵਾਸ ਵਿਚ ਜਾ ਕੇ ਪਰਵਾਸੀ ਪੰਜਾਬੀ ਮਾਪਿਆਂ ਦੀ ਪਦਾਰਥਕ ਸੁੱਖਾਂ ਦੀ ਤਾਂ ਪੂਰਤੀ ਹੋ ਜਾਂਦੀ ਹੈ ਪਰੰਤੂ ਮਾਨਸਿਕ ਅਸ਼ਾਂਤੀ ਵਧ ਜਾਂਦੀ ਹੈ । ਉਹ ਆਪਣੀ ਹੋਂਦ ਨੂੰ ਅਣਹੋਂਦ ਵਿਚ ਬਦਲਦਿਆਂ ਤੱਕ ਕੇ ਬੇਚੈਨ ਹੋ ਉਠਦੇ ਹਨ।

### ਹਵਾਲੇ ਅਤੇ ਟਿੱਪਣੀਆਂ


1. ਹਰਜੀਤ ਅਟਵਾਲ, ਸਾਊਥਾਲ,ਪੰਨਾ-18
2. ਡਾ.ਧਨਵੰਤ ਕੌਰ,'ਪਰਵਾਸੀ ਪੰਜਾਬੀ ਗਲਪ : ਨਾਰੀਵਾਦੀ ਪਰਿਪੇਖ', ਪਰਵਾਸੀ ਪੰਜਾਬੀ ਸਾਹਿਤ : ਵਰਤਮਾਨ ਪਰਿਪੇਖ, ਸੰਪਾ. ਰਾਜਵਿੰਦਰ ਕੌਰ ਹੁੰਦਲ, ਪੰਨਾ-60
3. ਹਰਜੀਤ ਅਟਵਾਲ, ਬ੍ਰਿਟਿਸ਼ ਬੌਰਨ ਦੇਸੀ, ਪੰਨਾ-14
4. ਹਰਚੰਦ ਸਿੰਘ ਬੇਦੀ ,ਬਰਤਾਨਵੀ ਪੰਜਾਬੀ ਗਲਪ ਨਸਲਵਾਦੀ ਪਰਿਪੇਖ, ਪੰਨਾ-225
5. ਹਰਜੀਤ ਅਟਵਾਲ, ਬ੍ਰਿਟਿਸ਼ ਬੌਰਨ ਦੇਸੀ, ਪੰਨਾ-101-102
6. ਉਹੀ, ਪੰਨਾ-102
7. ਉਹੀ, ਪੰਨਾ- 34



**ਅਸਿਸਟੈਂਟ ਪ੍ਰੋਫੈਸਰ,**
**ਸੈਣੀਬਾਰ ਕਾਲਜ, ਬੁਲ੍ਹੋਵਾਲ**
**ਜ਼ਿਲ੍ਹਾ ਹੋਸ਼ਿਆਰਪੁਰ**

## ਤਿੰਨ ਕਵਿਤਾਵਾਂ / ਹਰਪ੍ਰੀਤ ਕੌਰ ਸੰਧੂ



ਤੇਰਾ ਕੱਦ
ਜ਼ਿੰਦਗੀ ਤੋਂ ਵੱਡਾ ਜਾਪਦਾ
ਇੰਨੀ ਸਮਝ ਬੂਝ
ਸੰਜੀਦਗੀ, ਸਲੀਕਾ, ਠਰੰਮਾ
ਕਈ ਵਾਰ ਇਨਸਾਨ ਨਾ ਹੋ
ਕਿਸੇ ਹੋਰ ਦੁਨੀਆਂ
'ਚੋਂ ਆਇਆ ਲੱਗਦਾ
ਕਿਵੇਂ ਹੋ ਜਾਵਾਂ ਤੇਰੇ ਮੇਚ ਦੀ
ਮੇਰੇ ਕੋਲ ਤੈਨੂੰ ਪਾ ਲੈਣ ਦੀ ਇੱਛਾ
ਤੋਂ ਸਿਵਾ ਕੁਝ ਵੀ ਨਹੀਂ
ਕੁਝ ਬੁਰਾਈਆਂ ਅਪਣਾ
ਇੱਕੋ ਜਿਹੇ ਹੋ ਜਾਈਏ
ਮੈਥੋਂ ਤੇਰੇ ਜਿੰਨਾ
ਚੰਗਾ ਨ੍ਹੀਂ ਹੋਇਆ
ਤੂੰ ਹੀ ਮੇਰੇ ਵਰਗਾ ਹੋ ਜਾ

....

ਅਜੀਬ ਗੱਲ ਹੈ
ਦੁਨੀਆਂ ਵਿੱਚ ਲੋਕ
ਦੂਜਿਆਂ ਤੋਂ ਦੁਖੀ ਨੇ
ਪਰ ਮੈਂ ਤਾਂ ਆਪਣੇ ਆਪ ਤੋਂ ਹੀ
ਪਰੇਸ਼ਾਨ ਹਾਂ
ਮੇਰੇ ਜਜ਼ਬਾਤ
ਮੇਰੇ ਅਹਿਸਾਸ
ਮੇਰੀ ਮਹਿਸੂਸ ਕਰਨ ਦੀ
ਸ਼ਕਤੀ
ਮੇਰੀ ਤਾਕਤ
ਹੁੰਦਿਆਂ ਹੋਇਆਂ ਵੀ
ਕਿਤੇ ਮੇਰੀ ਕਮਜ਼ੋਰੀ ਬਣ ਗਈ
ਕਿੰਨੀ ਵਾਰ
ਇਹ ਸੁਣਿਆ
ਤੇਰਾ ਆਪਣੇ ਜਜ਼ਬਾਤਾਂ ਤੇ
ਕਾਬੂ ਨਹੀਂ
ਕੀ ਇਹ ਕੋਈ ਗੁਨਾਹ ਹੈ
ਮਹਿਸੂਸ ਕਰਨਾ ਕੋਈ ਪਾਪ ਹੈ
ਆਪਣੇ ਜਜ਼ਬਾਤ ਨੂੰ
ਬਿਆਨ ਕਰ ਦੇਣਾ
ਕੀ ਹਮੇਸ਼ਾ ਗਲਤ ਹੁੰਦਾ
ਸ਼ਾਇਦ ਜੋ ਅੱਜ
ਮੇਰੇ ਜਜ਼ਬਾਤੀ ਹੋਣ ਨੂੰ
ਮੇਰੀ ਕਮਜ਼ੋਰੀ ਸਮਝਦੇ ਨੇ
ਨਹੀਂ ਜਾਣਦੇ
ਜਜ਼ਬਾਤ ਜਦੋਂ ਸੁੱਕ ਜਾਂਦੇ ਨੇ
ਦਿਲਾਂ ਦੇ ਕਬਰਿਸਤਾਨ ਵਿਚ
ਦੱਬੇ ਜਾਂਦੇ ਨੇ
ਫਿਰ ਸੁੱਕ ਜਾਂਦੀਆਂ ਨੇ ਅੱਖਾਂ
ਚੁੱਪ ਰਹਿੰਦੀ ਹੈ ਜ਼ੁਬਾਨ
ਫ਼ਰਕ ਨਹੀਂ ਪੈਂਦਾ
ਕੀ ਵਾਪਰ ਰਿਹਾ
ਆਲੇ ਦੁਆਲੇ
ਇਹੀ ਲੋਕ ਫਿਰ ਮੈਨੂੰ
ਪੱਥਰ ਆਖਣਗੇ
ਮਨਜ਼ੂਰ ਹੈ ਮੈਨੂੰ
ਪੱਥਰ ਬਣਨਾ
ਦੁਨੀਆਂ ਵਿੱਚ
ਪੱਥਰ ਹੀ ਪੂਜੇ ਜਾਂਦੇ ਨੇ।

....

ਇਛਾਵਾਂ ਦਾ ਕੀ ਹੈ
ਆਕਾਸ਼ ਮੰਗਦੀਆਂ ਨੇ

ਕੁੜੀਆਂ ਦਾ ਕੀ ਹੈ
ਪਰਵਾਜ਼ ਮੰਗਦੀਆਂ ਨੇ

ਰੂਹਾਂ ਦਾ ਕੀ ਹੈ
ਅਹਿਸਾਸ ਮੰਗਦੀਆਂ ਨੇ

ਲੋੜਾਂ ਦਾ ਕੀ ਹੈ
ਪਰਵਾਸ ਮੰਗਦੀਆਂ ਨੇ

ਲੋਥਾਂ ਦਾ ਕੀ ਹੈ
ਸਵਾਸ ਮੰਗਦੀਆਂ ਨੇ।

## ਮਨ ਦੀਆਂ ਅੱਖਾਂ / ਪੂਨਮ ਕੁਮਾਰੀ

ਮਨ ਦੀਆਂ ਅੱਖਾਂ ਬੰਦ ਕਰ
ਰੱਬ ਦਾ ਕਦੀ ਦੀਦਾਰ ਕਰ
ਥੋੜ ਚਿਰ ਦਾ ਹਨੇਰਾ
ਫਿਰ ਇਲਾਹੀ ਨੂਰ ਦਾ
ਇੰਤਜ਼ਾਰ ਕਰ
ਕੁੱਝ ਨਹੀਂ ਮੋਹ ਮਾਇਆ ਵਿੱਚ
ਸਭ ਨਾਲ ਪਿਆਰ ਕਰ

ਜ਼ਿੰਦਗੀ ਹੈ ਬਹੁਤ ਥੋੜ੍ਹੀ
ਨਾ ਕਿਸੇ ਨਾਲ ਵੈਰ ਕਰ
ਮੈਂ ਮੈਂ ਕਰਦੇ ਤੁਰ ਜਾਣਾ ਸਭਨਾਂ
ਆਪਣੇ ਆਪ ਨੂੰ ਵੀ
ਤੂੰ ਤਿਆਰ ਕਰ

ਸੌਂਪ ਆਪਣੀਆਂ ਉਲਝਣਾਂ ਮੈਨੂੰ
ਤੂੰ ਜਾ ਜ਼ਰਾ ਅਰਾਮ ਕਰ
ਤੇਰਾ ਹੈ ਜੋ ਅਸਲ ਠਿਕਾਣਾ
ਬਸ ਉਸ ਵੱਲ ਤੂੰ ਧਿਆਨ ਕਰ

ਛੱਡ ਦੇ ਸਭੇ ਸਿਆਣਪਾਂ
ਸੱਚ ਦੀ ਤਲਾਸ਼ ਕਰ
ਕੀ ਖੋਇਆ ਤੇ ਕੀ ਪਾਇਆ
ਕਦੀ ਇਸਦਾ ਤੂੰ ਹਿਸਾਬ ਕਰ
ਮਨ ਦੀਆਂ ਅੱਖਾਂ ਬੰਦ ਕਰ
ਰੱਬ ਦਾ ਕਦੀ ਦੀਦਾਰ ਕਰ।



# ਇੱਕ ਸੈਕਸ ਵਰਕਰ ਦੀ ਸਵੈਜੀਵਨੀ : ਸਵੈਜੀਵਨੀਮੂਲਕ ਅਧਿਐਨ / ਰਾਜਵੀਰ ਕੌਰ

**(ਨਾਲਿਨੀ ਜਮੀਲਾ ਦੀ ਸਵੈਜੀਵਨੀ 'ਇੱਕ ਸੈਕਸ ਵਰਕਰ ਦੀ ਆਤਮਕਥਾ' ਦੇ ਪ੍ਰਸੰਗ ਵਿੱਚ)**

ਸਵੈਜੀਵਨੀ ਬਿਰਤਾਂਤਕ ਸਾਹਿਤ ਦਾ ਅਜਿਹਾ ਰੂਪ ਹੈ ਜਿਹੜਾ ਕਥ-ਮੂਲਕ ਦੀ ਥਾਂ ਤੱਥ-ਮੂਲਕ ਹੁੰਦਾ ਹੈ। ਸਵੈਜੀਵਨੀ ਰੂਪ-ਵਿਧਾ ਦਾ ਸਭ ਤੋਂ ਵੱਡਾ ਵਿਰੋਧਾਭਾਸ ਇਹ ਹੈ ਕਿ ਇਸ ਦਾ ਕਰਤਾ ਤੇ ਕਰਮ ਦੋਵੇਂ ਹੀ ਸਵੈਜੀਵਨੀ ਦਾ ਲੇਖਕ ਹੈ। ਉਹ ਖ਼ੁਦ ਸਵੈਜੀਵਨੀ ਦੀ ਵਸਤ ਵੀ ਹੈ ਅਤੇ ਉਸ ਵਸਤ ਨੂੰ ਕਾਲ ਅਤੇ ਨਿੱਜਤਾ ਦੀ ਦੂਰੀ ਤੋਂ ਵੇਖਣ ਵਾਲਾ ਨਿਰੀਖਕ ਵੀ। ਇਸ ਤੋਂ ਇਲਾਵਾ ਸਵੈਜੀਵਨੀ ਬਾਰੇ ਭਾਵੇਂ ਸਰਲ ਰੂਪ ਵਿੱਚ ਇਹ ਕਿਹਾ ਜਾਂਦਾ ਹੈ ਕਿ ਸਵੈਜੀਵਨੀ ਸਵੈ ਦੁਆਰਾ ਸਵੈ ਦੀ ਬਿੰਬਾਕਾਰੀ ਹੈ ਪ੍ਰੰਤੂ ਇਹ ਵੀ ਸੱਚ ਹੈ ਕਿ ਹਰ ਸਵੈ ਆਪਣੇ ਸਮਾਜ ਨਾਲ ਅਨੇਕਾਂ ਤਰ੍ਹਾਂ ਦੇ ਸੰਬੰਧਾਂ ਲੋੜਾਂ ਅਤੇ ਪ੍ਰਭਾਵਾਂ ਕਰਕੇ ਅੰਤਰ-ਸੰਬੰਧਿਤ ਵੀ ਹੈ। ਕੋਈ ਸਮਾਜ ਵਿਅਕਤੀ ਤੋਂ ਬਿਨ੍ਹਾਂ ਨਹੀਂ ਹੁੰਦਾ ਹੈ ਅਤੇ ਨਾ ਹੀ ਕਿਸੇ ਵਿਅਕਤੀ ਦੀ ਸਮਾਜ ਤੋਂ ਬਿਨ੍ਹਾਂ ਹੋਂਦ ਸੰਭਵ ਹੈ। ਸਪੱਸ਼ਟ ਹੈ ਜਦੋਂ ਕੋਈ ਵੀ ਲੇਖਕ ਆਪਣੇ ਸਵੈ ਦੀ ਪੇਸ਼ਕਾਰੀ ਕਰਦਾ ਹੈ ਤਾਂ ਸਮਾਜ ਵੀ ਉਸ ਕਥਾ ਦੇ ਤਾਣੇ-ਬਾਣੇ ਵਿੱਚ ਸ਼ਾਮਿਲ ਹੋਇਆ ਹੁੰਦਾ ਹੈ। ਦੂਜੇ ਅਰਥਾਂ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਵੈਜੀਵਨੀ ਸਮਾਜ ਵਿਚ ਵਿਚਰ ਰਹੇ ਸਵੈ ਦੀ ਖੋਜ ਦਾ ਇੱਕ ਜਟਿਲ ਬਿਰਤਾਂਤਿਕ ਪ੍ਰਬੰਧ ਹੈ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੇ ਸ਼ਬਦਾਂ ਵਿੱਚ :

ਸਵੈ-ਜੀਵਨੀ ਦੀ ਰੂਪ ਵਿਧਾ ਸਵੈ ਤੇ ਸਮੂਹ ਵਿਚਕਾਰ ਦੇ ਪਰਸਪਰ ਸੰਬੰਧਾਂ ਸੰਘਰਸ਼ਾਂ ਟਕਰਾਵਾਂ ਅਤੇ ਸਮਝੌਤਿਆਂ ਦੇ ਅਨੁਭਵ ਨੂੰ ਪੇਸ਼ ਕਰਨ ਦੀ ਕਲਾ ਹੈ। 1

ਸਵੈਜੀਵਨੀ ਦੀ ਇੱਕ ਹੋਰ ਸਮੱਸਿਆ ਇਹ ਵੀ ਹੈ ਕਿ ਇਸ ਦੇ ਕਰਤਾ ਨੇ ਆਪਣੇ ਜਨਮ ਤੋਂ ਸਵੈਜੀਵਨੀ ਲਿਖਣ ਤੱਕ ਦੇ ਅਨੁਭਵ ਵਿੱਚ ਆਈਆ ਅਨੇਕ ਸਿਮਰਤੀਆਂ ਘਟਨਾਵਾਂ ਭਾਵਾਂ ਸੰਕਟਾਂ ਸਮੱਸਿਆਵਾਂ ਪ੍ਰਾਪਤੀਆਂ ਅਪ੍ਰਾਪਤੀਆਂ ਅਤੇ ਪ੍ਰਭਾਵਾਂ ਆਦਿ ਵਿਚੋਂ ਦੀ ਗੁਜ਼ਰਨਾ ਹੁੰਦਾ ਹੈ। ਇਹੀ ਨਹੀਂ ਉਸ ਦੇ ਅਨੁਭਵ ਵਿੱਚ ਅਨੇਕ ਰਿਸ਼ਤਿਆਂ ਦੇ ਅਨੇਕਾਂ ਰੰਗ-ਰੂਪਾਂ ਦੀਆਂ ਪਗਡੰਡੀਆਂ ਵੀ ਹਨ। ਇਨ੍ਹਾਂ ਸਮੂਹ ਅਨੁਭਵਾਂ ਨੂੰ ਸਵੈਜੀਵਨੀ ਦੀ ਰੂਪ-ਵਿਧਾ ਵਿੱਚ ਕਿਵੇਂ ਵਿਉਂਤਣਾ ਹੈ? ਵਾਸਤਵ ਵਿੱਚ ਇਹ ਲੇਖਕ ਦੀ ਸਿਰਜਣਾਤਮਕ ਯੋਗਤਾ ਉਤੇ ਨਿਰਭਰ ਕਰਦਾ ਹੈ। ਇਸ ਲਈ ਲੇਖਕ ਆਪਣੇ ਜੀਵਨ ਦੇ ਵਿਸ਼ਾਲ ਅਨੁਭਵਾਂ ਵਿਚੋਂ ਚੋਣ ਕਰਦਾ ਹੈ। ਜੇ ਉਹ ਸਧਾਰਣ ਤੇ ਆਮ ਅਨੁਭਵਾਂ ਦੀ ਥਾਂ ਵਿਸ਼ੇਸ਼ ਤੇ ਵਿਲੱਖਣ ਅਨੁਭਵਾਂ ਨੂੰ ਚੁਣਦਾ ਹੈ ਤਾਂ ਸਵਾਲ ਫਿਰ ਖੜਾ ਹੋ ਜਾਂਦਾ ਹੈ ਕਿ ਵਿਅਕਤੀ ਜੀਵਨ ਵਿੱਚ ਕਈ ਵਾਰ ਸਧਾਰਨ ਤੇ ਨਿਗੁਣੀਆਂ ਦਿਖਣ ਵਾਲੀਆਂ ਘਟਨਾਵਾਂ ਜਾਂ ਪ੍ਰਭਾਵਾਂ ਦਾ ਦੂਰ ਦਰਾਜ਼ ਪ੍ਰਭਾਵ ਹੁੰਦਾ ਹੈ। ਜਦੋਂ ਕਿ ਵਿਸ਼ੇਸ਼ ਤੇ ਵਿਲੱਖਣ ਘਟਨਾਵਾਂ ਜਾਂ ਕਾਰਜਾਂ ਦਾ ਮਹੱਤਵ ਨਿਗੁਣਾ ਪ੍ਰਤੀਤ ਹੁੰਦਾ ਹੈ। ਇਸ ਸਮੱਸਿਆ ਦਾ ਸਮਾਧਾਨ ਲੇਖਕ ਆਪਣੀ ਸਵੈਜੀਵਨੀ ਲਿਖਣ ਦੇ ਉਦੇਸ਼ ਨਾਲ ਜੋੜ ਕੇ ਕਰਦਾ ਹੈ। ਕਿਉਂਕਿ ਹਰ ਸਵੈਜੀਵਨੀਕਾਰ ਜਦੋਂ ਆਪਣੇ ਜੀਵਨ ਦੇ ਅਨੁਭਵਾਂ ਦੀ ਬਿਰਤਾਂਤਕਾਰੀ ਲਈ ਅੱਗੇ ਆਉਂਦਾ ਹੈ ਤਾਂ ਉਸ ਦੇ ਅੱਗੇ ਕੋਈ ਉਦੇਸ਼ ਜਾਂ ਮਨੋਰਥ ਹੁੰਦਾ ਹੈ। ਇਸ ਲਈ ਉਹ ਆਪਣੇ ਵਿਸ਼ਾਲ ਅਨੁਭਵਾਂ ਦੇ ਖੇਤਰ ਵਿੱਚੋਂ ਸਿਰਫ਼ ਉਨ੍ਹਾਂ ਅਨੁਭਵਾਂ ਨੂੰ ਹੀ ਚੁਣਦਾ ਹੈ ਜਿਹੜੇ ਉਸ ਦੇ ਉਦੇਸ਼ ਨਾਲ ਤਰਕਮੂਲਕ ਰੂਪ ਵਿੱਚ ਜੁੜੇ ਹੋਏ ਹੁੰਦੇ ਹਨ।

ਸਵੈਜੀਵਨੀ ਦੀ ਇਕ ਹੋਰ ਸਮੱਸਿਆ ਬਾਲਮਨ ਦੀ ਮਸੂਮੀਅਤ ਸਮੇਂ ਦੇ ਭਾਵਾਂ ਕਾਰਜਾਂ ਪ੍ਰਭਾਵਾਂ ਅਤੇ ਘਟਨਾਵਾਂ ਦੀ ਅਨੁਭੂਤੀ ਦੇ ਪੁਨਰ-ਸਿਰਜਣ ਦੀ ਹੈ। ਬਾਲਮਨ ਤੇ ਉਸ ਦੇ ਪ੍ਰਭਾਵਾਂ ਨੂੰ ਪ੍ਰੌਢਮਨ ਅਤੇ ਪ੍ਰੌਢ-ਸੋਚ ਨਾਲ ਨਹੀਂ ਸਮਝਿਆ ਜਾ ਸਕਦਾ। ਇਹ ਪ੍ਰਸ਼ਨ ਬਾਲਮਨ ਦੀ ਮਸੂਮੀਅਤ ਦੇ ਮਨੋਵਿਗਿਆਨ ਨਾਲ ਜੁੜਿਆ ਹੈ। ਦੁਨੀਆਂ ਦੇ ਸਾਹਿਤ ਵਿਚ ਬਹੁਤ ਘੱਟ ਸਵੈਜੀਵਨੀਆਂ ਅਜਿਹੀਆਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਬਾਲਮਨ ਦੀ ਇਸ ਮਸੂਮੀਅਤ ਸੱਚ ਦਾ ਸਵੈਜੀਵਨੀਕਾਰ ਨੇ ਪ੍ਰਮਾਣਿਕ ਸਿਰਜਨ ਕੀਤਾ ਹੋਵੇ। ਬਹੁਤੀਆਂ ਸਵੈਜੀਵਨੀਆਂ ਵਿੱਚ ਬਾਲ ਅਵੱਸਥਾ ਦੇ ਸਮੇਂ ਦੀਆਂ ਕੁਝ ਕੁ ਵਿਸ਼ੇਸ਼ ਘਟਨਾਵਾਂ ਦਾ ਜ਼ਿਕਰ ਆਉਂਦਾ ਹੈ ਪਰੰਤੂ ਉਸ ਦੀ ਸੰਵੇਦਨਸ਼ੀਲਤਾ ਗੁੰਮ ਹੁੰਦੀ ਹੈ।

ਸਵੈਜੀਵਨੀ ਦੇ ਸਾਹਿਤਕ ਅਧਿਐਨ ਦੇ ਪ੍ਰਸੰਗ ਵਿੱਚ ਇੱਕ ਸਮੱਸਿਆ ਇਹ ਵੀ ਹੈ ਕਿ ਸਵੈਜੀਵਨੀ ਦਾ ਅਜੇ ਤੱਕ ਕੋਈ ਨਿਸ਼ਚਿਤ ਕਾਵਿਸ਼ਾਸਤਰ ਨਹੀਂ ਸਿਰਜਿਆ ਜਾ ਸਕਿਆ। ਇਹੀ ਕਾਰਨ ਹੈ ਕਿ ਜਦੋਂ ਅਸੀਂ ਸਵੈਜੀਵਨੀ ਦੀ ਪਰਿਭਾਸ਼ਾ ਅਤੇ ਲੱਛਣਾ ਬਾਰੇ ਗੱਲ ਕਰਦੇ ਹਾਂ ਤਾਂ ਵੱਖਰੇ-ਵੱਖਰੇ ਵਿਦਿਵਾਨਾਂ ਨੇ ਇਸ ਨੂੰ ਵੱਖਰੇ-ਵੱਖਰੇ ਢੰਗ ਨਾਲ ਪਰਿਭਾਸ਼ਤ ਕੀਤਾ ਹੈ। ਕਿਉਂਕਿ ਸਵੈਜੀਵਨੀ ਇੱਕ ਕਲਾਤਮਕ ਸਿਰਜਣਾ ਹੈ ਇਸ ਲਈ ਕੋਈ ਵੀ ਸਵੈਜੀਵਨੀਕਾਰ ਆਪਣੀ ਸਵੈਜੀਵਨੀ ਦਾ ਵਰਣਨ ਸੂਚਨਾ-ਮੂਲਕ ਭਾਸ਼ਾ ਰਾਹੀਂ ਨਹੀਂ ਕਰ ਸਕਦਾ ਸਗੋਂ ਉਸ ਨੂੰ ਸਾਹਿਤਕ ਭਾਸ਼ਾ ਦੀ ਜਾਂਚ ਹੋਣੀ ਚਾਹੀਦੀ ਹੈ। ਕਾਰਣ ਇਹ ਹੈ ਕਿ ਸਵੈਜੀਵਨੀ ਦੇ ਕੇਂਦਰ ਵਿੱਚ ਆਤਮ-ਪ੍ਰਕਾਸ਼ ਨੂੰ ਪੁਨਰ-ਜੀਵਿਤ ਕਰਕੇ ਜੀਵਨ ਦੇ ਸਾਤਵਿਕ ਸੁਹਜ ਨੂੰ ਕਲਾਤਮਕ ਸੁਹਜ ਵਿੱਚ ਰੂਪਾਂਤਰਣ ਕਰਨਾ ਹੁੰਦਾ ਹੈ।

ਆਂਦਰੇ ਮੋਰਾਇਸ ਦੇ ਅਨੁਸਾਰ :-

ਸਵੈਜੀਵਨੀ ਵਾਸਤਵ ਵਿੱਚ ਸਵੈ ਦੇ ਸੱਚ ਦੀ ਸਾਹਿਤਕ ਖੋਜ ਹੈ। 2

ਜੋਨਸਨ ਨੇ ਸਵੈਜੀਵਨੀ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ :- ਇਸ ਵਿੱਚ ਸੱਚ ਅਤੇ ਈਮਾਨਦਾਰੀ ਉੱਤੇ ਜ਼ੋਰ ਦਿੰਦੇ ਹੋਏ ਅਸਧਾਰਣ 'ਅੰਤਰ ਦ੍ਰਿਸ਼ਟੀ' ਦੀ ਮੰਗ ਕਰਦਾ ਹੈ।3

ਪੰਜਾਬੀ ਸਾਹਿਤ ਕੋਸ਼ ਵਿੱਚ ਸਵੈਜੀਵਨੀ ਬਾਰੇ ਲਿਖਿਆ ਹੈ :- ਆਤਮ ਕਥਾ ਲੇਖਕ ਦੇ ਜੀਵਨ ਦਾ ਕ੍ਰਮਬੱਧ ਬਿਰਤਾਂਤ ਹੈ ਜਿਸ ਵਿੱਚ ਉਸ ਨੇ ਆਤਮ ਚਿੰਤਨ ਜਾਂ ਜ਼ਿੰਦਗੀ ਦੀ ਵਿਸ਼ਾਲ ਪਿੱਠਭੂਮੀ ਵਿੱਚ ਉਸ ਦੀ ਹੋਂਦ ਦੀ ਮਹੱਤਤਾ ਦਿੱਤੀ ਜਾਂਦੀ ਹੈ। 4

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸਵੈਜੀਵਨੀ ਇੱਕ ਅਜਿਹੀ ਸੁਤੰਤਰ ਤੇ ਨਿਵੇਕਲੀ ਰੂਪ ਵਿਧਾ ਹੈ ਜਿਹੜੀ ਇਸ ਦੇ ਕਰਤਾ ਦੇ ਅਤੀਤਦਰਸ਼ੀ ਜੀਵਨ ਅਨੁਭਵ ਦੀ ਉਸ ਦੇ ਸਮਾਜ ਸਭਿਆਚਾਰ ਪਰਿਪੇਖ ਵਿੱਚ ਕਲਾਤਮਕ ਉਸਾਰੀ ਕਰਦੀ ਹੈ। ਇਹ ਵਿਅਕਤੀ ਦੀ ਕਹਾਣੀ ਮਾਤਰ ਨਹੀਂ ਸਗੋਂ ਉਸ ਦੇ ਆਪੇ ਦੀ ਖੋਜ ਦੀ ਪੁਨਰ-ਉਸਾਰੀ ਹੈ। ਇਸ ਪੁਨਰ ਉਸਾਰੀ ਵਿੱਚ ਕਰਤਾ ਦਾ ਸਵੈ ਆਪਣੇ ਸੰਪੂਰਣ ਪ੍ਰਭਾਵਾਂ ਅੰਤਰ-ਸੰਬੰਧਤਾ ਅਤੇ ਅੰਤਰ-ਵਿਰੋਧਾਂ ਨਾਲ ਸਾਹਮਣੇ ਆਉਂਦਾ ਹੈ

ਏਕ ਸੈਕਸ ਵਰਕਰ ਦੀ ਆਤਮ-ਕਥਾ ਨਲਿਨੀ ਜਮੀਲਾ ਦੀ ਸਵੈਜੀਵਨੀ ਹੈ ਜਿਹੜੀ 2005 ਈ. ਵਿੱਚ ਮਾਲਿਅਮ ਭਾਸ਼ਾ ਵਿੱਚ ਪਹਿਲੀ ਵਾਰ ਲਿਖੀ ਗਈ। ਇਹ ਸਵੈਜੀਵਨੀ ਇੱਕ ਸੈਕਸ ਵਰਕਰ ਦੇ ਧੰਦੇ ਨਾਲ ਸੰਬੰਧਿਤ ਹੈ। ਦੂਜੇ ਇਸ ਦੀ ਰਚਨਾਕਾਰ ਖ਼ੁਦ ਇੱਕ ਸੈਕਸ ਵਰਕਰ ਹੈ ਇਸ ਲਈ ਇਸ ਕਿੱਤੇ ਦੇ ਅੰਤਰੀਵੀ ਸੱਚ ਨੂੰ ਜਾਣਨ-ਸਮਝਣ ਲਈ ਇਸ ਪੁਸਤਕ ਦੇ ਛੱਪਣ ਤੋਂ ਸੋ ਦਿਨ੍ਹਾਂ ਵਿੱਚ ਹੀ ਇਸ ਦੀਆਂ 13000 ਕਾਪੀਆਂ ਵਿਕ ਗਈਆਂ। ਇਹੀ ਨਹੀਂ ਸਗੋਂ ਸਾਹਿਤਕ ਚਰਚਿਆ ਵਿੱਚ ਇਸ ਪੁਸਤਕ ਬਾਰੇ ਲੰਮਾ ਵਾਦ-ਵਿਵਾਦ ਵੀ ਪੈਦਾ ਹੋਇਆ। ਐਮ. ਮੁਕੰਦਨ ਵਰਗੇ ਸਾਹਿਤ ਆਲੋਚਕਾਂ ਨੇ ਇਸ ਪੁਸਤਕ ਨੂੰ ''ਪੈਸਾ ਵਟੋਰਨ ਵਾਲੀ ਕਾਮ-ਉਕਸਾਊ ਪੁਸਤਕ'' ਤਕ ਕਹਿ ਦਿੱਤਾ। ਇਸ ਉਪਰੰਤ ਇਸ ਪੁਸਤਕ ਦੀ ਕਰਤਾ ਨੇ ਇਸ ਦਾ ਸੋਧਵਾਂ ਸੰਸਕਰਨ ਪੇਸ਼ ਕੀਤਾ ਅਤੇ ਇਸ ਸੰਸਕਰਨ ਨੂੰ ਆਪਣੀ ਪ੍ਰਮਾਣਿਕ ਆਤਮ-ਕਥਾ ਕਿਹਾ। ਸਾਡੀ ਸਾਹਿਤ ਆਲੋਚਨਾ ਦਾ ਇੱਕ ਦਿਲਚਸਪ ਪੱਖ ਇਹ ਹੈ ਕਿ ਸਾਡੇ ਆਲੋਚਕ ਕਿਸੇ ਰਚਨਾ ਵਿਚਲੀ ਵਸਤ ਦੀ ਗੰਭੀਰਤਾ ਅਤੇ ਉਸ ਦੇ ਸਿਰਜਣਾਤਮਕ ਗੁਣਾਂ ਨੂੰ ਵੇਖਣ ਦੀ ਥਾਂ ਬਹੁਤੀ ਵਾਰੀ ਸਦਾਚਾਰਵਾਦੀਆਂ ਵਾਂਗ ਆਪਣੇ ਪ੍ਰਤਿਮਾਨਕ ਫੈਸਲੇ ਸੁਣਾਉਂਦੇ ਹਨ। ਕਮਲਾ ਦਾਸ ਵਰਗੀ ਉੱਚ-ਸ਼੍ਰੇਣੀ ਦੀ ਔਰਤ ਨੇ ਜਦੋਂ ਆਪਣੀ ਸਵੈ-ਜੀਵਨੀ ਮਲਿਆਲਮ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਤਾਂ ਕਮਲਾ ਦਾਸ ਨੂੰ ਨਿੰਦਣੀ ਰੂਪ ਵਿੱਚ 'ਕਾਮੁਕਤਾ ਦੀ ਰਾਣੀ' ਕਿਹਾ ਗਿਆ। ਕਮਲਾਦਾਸ ਨੇ ਆਪਣੀ ਸਵੈਜੀਵਨੀ ਦੇ ਅਨੇਕ ਸੰਸਕਰਨ ਵੇਚ ਕੇ ਆਪਣੀ ਸਵੈ-ਜੀਵਨੀ ਨੂੰ ਭਾਵੇਂ ਵਾਪਸ ਲੈ ਲਿਆ ਸੀ ਪ੍ਰੰਤੂ ਜਮੀਲਾ ਨੇ ਅਜਿਹਾ ਨਹੀਂ ਕੀਤਾ। ਇਸ ਪੁਸਤਕ ਦੇ ਛੱਪਣ ਤੋਂ ਬਾਅਦ ਉਸ ਦੇ ਅਨੇਕ ਰਿਸ਼ਤੇ ਪਰਾਏ ਹੋ ਗਏ ਅਤੇ ਮਿੱਤਰ-ਦੋਸਤ ਉਸ ਤੋਂ ਆਪਣੇ-ਆਪ ਨੂੰ ਵੱਖ ਰੱਖਣ ਲੱਗ ਪਏ। ਇਸ ਬਾਰੇ ਜਮੀਲਾ ਖ਼ੁਦ ਉੱਤਰ ਦਿੰਦੀ ਹੈ :-

ਮੈਂ ਬਿਲਕੁਲ ਵੀ ਚਿੰਤਤ ਨਹੀਂ ਹਾਂ ਕਿ ਜਿਹੜੇ ਲੋਕ ਪਹਿਲੇ ਮੇਰੇ ਨੇੜੇ ਸਨ ਅੱਜ ਉਹ ਮੈਥੋਂ ਦੂਰ ਭੱਜਦੇ ਹਨ। ਉਨ੍ਹਾਂ ਦੇ ਡਰ ਮਸ਼ਕਰੀ ਭਰੇ ਹਨ। ਦੂਜੀ ਗੱਲ ਜਿਹੜੀ ਮੈਨੂੰ ਹਾਸੋਹੀਣੀ ਲਗਦੀ ਹੈ ਉਹ ਇਹ ਹੈ ਕਿ ਮੈਨੂੰ ਅਕਸਰ ਇਹ ਪੁਛਿਆ ਜਾਂਦਾ ਹੈ ਕਿ ਮੈਂ ਆਪਣੀ ਕਥਾ ਵਿੱਚ ਆਪਣੇ ਬਾਰੇ ਹੀ ਕਿਉਂ ਲਿਖਿਆ ਹੈ ਅਤੇ ਇਸ ਵਿਚ ਸਹਿ ਸੈਕਸ ਵਰਕਰਾਂ ਦੀਆਂ ਮੁਸੀਬਤਾਂ ਨੂੰ ਸੁਆਲ ਕਿਉਂ ਨਹੀਂ ਕੀਤਾ। 5

ਇਸ ਆਤਮ-ਕਥਾ ਦੇ ਸਿਰਲੇਖ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਇਸ ਦੇ ਕੇਂਦਰ ਵਿੱਚ ਵੇਸਵਾਚਾਰੀ ਦਾ ਧੰਦਾ ਹੈ। ਪ੍ਰੰਤੂ ਸਾਡੀ ਸਮਾਜਕ-ਆਰਥਿਕ ਵਿਵਸਥਾ ਦੀ ਸਭ ਤੋਂ ਵੱਡੀ ਵਿਡੰਬਣਾ ਤੇ ਵਿਅੰਗ ਇਹ ਹੈ ਕਿ ਇਹ ਇਕ-ਸਮਾਨ ਨਹੀਂ। ਵੇਸਵਾਚਾਰੀ ਦੇ ਧੰਦੇ ਵਿੱਚ ਕੋਈ ਔਰਤ ਖ਼ੁਸ਼ੀ ਜਾਂ ਆਪਣੀ ਮਰਜ਼ੀ ਨਾਲ ਨਹੀਂ ਆਉਂਦੀ। ਇਸ ਦੇ ਕਾਰਨ ਸਾਡੀ ਸਮਾਜ-ਸਭਿਆਚਾਰ ਅਤੇ ਆਰਥਿਕਤਾ ਵਿਚਲੀ ਅਸਮਾਨਤਾ ਵਿਤਕਰੇ ਤੇ ਪਾੜੇ ਦੀਆਂ ਹਾਲਤਾਂ ਵਿੱਚ ਪਏ ਹਨ। ਦੂਜੇ ਇਹ ਧੰਦਾ ਅਜਿਹਾ ਨਹੀਂ ਜਿਹੜਾ ਅਬਦਲ ਹੈ। ਪ੍ਰੰਤੂ ਸਥਿਤੀ ਦੀ ਵਿਅੰਗ ਤੇ ਵਿਡੰਬਨਾ ਫਿਰ ਇਹ ਹੈ ਕਿ ਇਸ ਸਮੱਸਿਆ ਨੂੰ ਕਨੂੰਨੀ ਜਾਂ ਸਦਾਚਾਰ ਦੇ ਪੱਖੋਂ ਹੀ ਵੇਖਿਆ ਜਾਂਦਾ ਹੈ ਪ੍ਰੰਤੂ ਇਸ ਦੇ ਆਰਥਿਕ-ਸਮਾਜਿਕ ਕਾਰਨਾ ਨੂੰ ਅੱਖੋ-ਪਰੋਖੇ ਰਖਿਆ ਜਾਂਦਾ ਹੈ।

ਇਸ ਆਤਮ ਕਥਾ ਦੇ ਕੇਂਦਰ ਵਿੱਚ ਵੇਸਵਾਕਾਰੀ ਦਾ ਧੰਦਾ ਹੈ ਜਿਹੜਾ ਕਾਨੂੰਨ ਦੀ ਨਜ਼ਰਾਂ ਵਿੱਚ ਤਾਂ ਗੈਰ-ਕਾਨੂੰਨੀ ਹੈ ਪ੍ਰੰਤੂ ਦੁਨੀਆਂ ਦੇ ਬਹੁਤੇ ਦੇਸ਼ਾਂ ਵਿੱਚ ਇਹ ਧੰਦਾ ਇੱਕ ਸੰਗਠਿਤ ਕਾਰੋਬਾਰ ਦੀ ਤਰ੍ਹਾਂ ਚਲਦਾ ਹੈ। ਹੋਟਲ ਕਲੱਬ ਮਨੋਰੰਜਨ ਘਰ ਅਤੇ ਹੋਰ ਅਜੇਹੇ ਕਾਰੋਬਾਰੀ ਥਾਵਾਂ ਅਤੇ ਕਈ ਰੂਪਾਂ ਵਿੱਚ ਪ੍ਰਚਲਿਤ ਹੈ। ਨਿਮਨ ਕਿਸਮ ਦਾ ਇਹ ਕਾਰੋਬਾਰੀ ਧੰਦਾ ਰੈਡ-ਲਾਇਟ ਖੇਤਰਾਂ ਵਿੱਚ ਕਾਫ਼ੀ ਕੁਰੂਪ ਕਿਸਮ ਦਾ ਹੈ। ਪਰ ਇਹ ਸੱਚ ਹੈ ਕਿ ਇਹ ਧੰਦਾ ਸਮਾਜ ਦੇ ਇੱਕ ਸਬ-ਸਿਸਟਮ ਵਿੱਚ ਕਾਰਜ਼ਸ਼ੀਲ ਹੈ। ਇਸ ਧੰਦੇ ਵਿੱਚ ਪੈਸੇ ਲੈ ਕੇ ਕਾਮ ਦੀ ਪੂਰਤੀ ਹੁੰਦੀ ਹੈ। ਵੇਸਵਾ ਤੇ ਗਾਹਕ ਵਿਚਕਾਰ ਕਾਰੋਬਾਰੀ ਏਜੰਟ ਕੰਮ ਕਰਦੇ ਹਨ ਜਿਹੜੇ ਗਾਹਕਾਂ ਦੀ ਆਮਦਨ ਵਿਚੋਂ ਆਪਣਾ ਕਮਿਸ਼ਨ ਪ੍ਰਾਪਤ ਕਰਦੇ ਹਨ। ਸਥਿਤੀ ਦਾ ਵਿਅੰਗ ਇਹ ਹੈ ਕਿ ਜਿਹੜੇ ਕਾਨੂੰਨ ਦੇ ਰਾਖੇ ਜਾਂ ਰਾਜਸੀ ਨੇਤਾ ਜਾਂ ਅਖੌਤੀ ਸਮਾਜ ਸੇਵੀ ਇਸ ਦੀ ਮੁਖ਼ਾਲਫ਼ਿਤ ਕਰਦੇ ਹਨ ਜਾਂ ਨੈਤਿਕਤਾ ਦਾ ਸੰਦੇਸ਼ ਦਿੰਦੇ ਹਨ ਉਹ ਸਾਰੇ ਇਹਨਾਂ ਘਰਾਂ ਵਿੱਚ ਆ ਕੇ ਅਲਫ਼ ਨੰਗੇ ਹੁੰਦੇ ਹਨ। ਨਾਲਿਨੀ ਜਮੀਲਾ ਦੀ ਸਵੈਜੀਵਨੀ ਵਿੱਚ ਅਜਿਹੇ ਅਨੇਕਾਂ ਵੇਰਵੇ ਪ੍ਰਾਪਤ

ਹਨ ਜਿੰਨ੍ਹਾਂ ਰਾਹੀ ਅਸੀਂ ਅਜਿਹੇ ਅਖੌਤੀ ਬੰਦਿਆਂ ਦੇ ਅਸਲ ਕਿਰਦਾਰ ਨੂੰ ਸਪੱਸ਼ਟ ਰੂਪ ਵਿੱਚ ਦੇਖ ਸਕਦੇ ਹਾਂ।

ਇਸ ਧੰਦੇ ਵਿੱਚ ਆਉਣ ਵਾਲੀਆ ਜ਼ਿਆਦਾਤਰ ਲੜਕੀਆਂ ਛੋਟੀ ਉਮਰ ਦੀਆਂ ਹੁੰਦੀਆਂ ਹਨ ਅਤੇ ਇਸ ਦੇ ਗਾਹਕ ਵੀ ਔਰਤ ਦੀ ਦੇਹ ਨੂੰ ਮੰਡੀ ਦੀ ਜਿਨਸ ਸਮਝਦੇ ਹੋਏ ਅਣਲੱਗ ਜਾਂ ਘੱਟ ਹੰਢੇ ਮਾਲ ਦੀ ਮੰਗ ਕਰਦੇ ਹਨ। ਨਾਲਿਨੀ ਖ਼ੁਦ ਇਸ ਕਿੱਤੇ ਵਿੱਚ ਛੋਟੀ ਉਮਰ ਦੇ ਵਿੱਚ ਆਈ। ਉਹ ਜਿੱਥੇ ਇਸ ਕਿੱਤੇ ਦੀਆਂ ਦੁਸ਼ਵਾਰੀਆਂ ਲਾਹਣਤਾ ਅਤੇ ਕਾਨੂੰਨੀ ਅੜਚਣਾ ਆਦਿ ਬਾਰੇ ਆਪਣੇ ਨਿੱਜੀ ਅਨੁਭਵਾਂ ਨੂੰ ਪੇਸ਼ ਕਰਦੀ ਹੈ ਉਥੇ ਉਹ ਖ਼ੁਦ ਇਸ ਕਿੱਤੇ ਵਿਚੋਂ ਬਾਹਰ ਨਹੀਂ ਜਾਣਾ ਚਾਹੁੰਦੀ ਸਗੋਂ ਉਹ ਇਸ ਕਿੱਤੇ ਨੂੰ ਕਾਨੂੰਨੀ ਮਾਨਤਾ ਦਿਵਾਉਣ ਦੀ ਵਕਾਲਤ ਕਰਦੀ ਹੈ। ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਇਸ ਕਿੱਤੇ ਵਿੱਚ ਸ਼ਾਮਿਲ ਹੋਣ ਵਾਲੇ ਕੱਚੇ ਮਾਲ ਦੇ ਕਾਰਨਾਂ ਦੀ ਸਮਝ ਨਹੀਂ। ਇਸ ਦੇ ਕਾਰਨ ਵਿਅਕਤੀਮੂਲਕ ਨਹੀਂ ਸਗੋਂ ਵਿਵਸਥਾ ਮੂਲਕ ਹਨ ਪਰ ਇਸ ਦੇ ਬਾਵਜੂਦ ਨਾਲਿਨੀ ਜਮੀਲਾ ਉਹਨਾਂ ਲੋਕਾਂ ਤੋਂ ਇਹ ਸਵਾਲ ਵੀ ਪੁੱਛਦੀ ਹੈ ਜਿਹੜੇ ਸੈਕਸ ਵਰਕਰ ਦੇ ਪੁਨਰਵਾਸ ਦੀ ਗੱਲ ਕਰਦੇ ਹੋਏ ਇਹਨਾਂ ਨੂੰ ਸਮਾਜ ਦੇ ਮੁੱਖ ਪ੍ਰਵਾਹ ਵਿੱਚ ਲਿਆਉਣਾ ਚਾਹੁੰਦੇ ਹਨ :-ਉਹ ਪੁੱਛਦੀ ਹੈ ਕਿ ਇਸ ਪੁਨਰਵਾਸ ਦਾ ਕੀ ਮਤਲਬ ਹੈ? ਸੈਕਸ ਵਰਕਰਾਂ ਨੂੰ ਕਿਸੇ ਵੱਖਰੇ ਹਿੱਸੇ ਵਿੱਚ ਰਖਿਆ ਜਾ ਸਕਦਾ ਹੈ ਲੇਕਿਨ ਉਨ੍ਹਾਂ ਦੀ ਰੋਟੀ-ਰੋਜ਼ੀ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ? 6

ਉਹ ਇਹ ਵੀ ਦਸਦੀ ਹੈ ਕਿ ''ਸੈਕਸ ਵਰਕਰਾਂ ਦਾ ਸਮੂਹ ਹਮੇਸ਼ਾ ਇਕੋ ਜਿਹਾ ਨਹੀਂ ਰਹਿੰਦਾ। ਉਹ ਲੋਕ ਹਮੇਸ਼ਾ ਬਦਲਦੇ ਰਹਿੰਦੇ ਹਨ। ਕੁਝ ਲੋਕ ਛੱਡ ਕੇ ਚਲੇ ਜਾਂਦੇ ਹਨ ਤਾਂ ਕੁਝ ਨਵੇਂ ਸ਼ਾਮਿਲ ਹੋ ਜਾਂਦੇ। ਉਨ੍ਹਾਂ ਲਈ ਕੀ ਕਰ ਸਕਦੇ ਹੋ?''7

ਇਸ ਸਮੱਸਿਆ ਦੇ ਸਦੀਵੀ ਹੱਲ ਬਾਰੇ ਉਸ ਨੂੰ ਵਿਸ਼ਵਾਸ਼ ਨਹੀਂ। ਇਸ ਲਈ ਉਹ ਮੰਗ ਕਰਦੀ ਹੈ :-

ਅਸੀਂ ਮੰਗ ਰੱਖੀ ਕਿ ਸੈਕਸ ਵਰਕ ਨੂੰ ਇਕ ਅਪਰਾਧ ਨਾ ਮੰਨਿਆ ਜਾਵੇ। ਇਸ ਦਾ ਮਤਲਬ ਲਾਇਸੈਂਸ ਦੇਣ ਦਾ ਨਹੀਂ। ਇਸ ਨਾਲ ਕਈ ਨਵੀਂ ਤਰ੍ਹਾਂ ਦੀਆਂ ਉਲਝਣਾ ਪੈਦਾ ਹੋ ਜਾਂਦੀਆ ਹਨ। ਡਾਕਟਰਾਂ ਤੋਂ ਪਛਾਣ ਪੱਤਰ ਪੁਲਿਸ ਅਤੇ ਫੇਰ ਲਾਲ ਫੀਤਾਸ਼ਾਹੀ। ਇਸ ਕਾਲ ਭ੍ਰਿਸ਼ਟਾਚਾਰ ਵਧੇਗਾ। ਅਪਰਾਧ ਵਿਚ ਨਾ ਰੱਖਣ ਤੋਂ ਸਾਡਾ ਮਤਲਬ ਸੀ ਕਿ ਜੇ ਦੋ ਲੋਕ ਆਪਣੀ ਮਰਜ਼ੀ ਨਾਲ ਸੈਕਸ ਕਰਨਾ ਚਾਹੁੰਦੇ ਹਨ ਜਿਸ ਨਾਲ ਕਿਸੇ ਨੂੰ ਪਰੇਸ਼ਾਨੀ ਨਹੀਂ ਹੁੰਦੀ ਤਾਂ ਉਨ੍ਹਾਂ ਪਾਸੋ ਇਸ ਬਾਰੇ ਪੁੱਛ-ਗਿੱਛ ਨਹੀਂ ਹੋਣੀ ਚਾਹੀਦੀ। 8

ਇਸ ਆਤਮ-ਕਥਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਥਾ ਇੱਕ ਸੈਕਸ ਵਰਕਰ ਦੁਆਰਾ ਖ਼ੁਦ ਲਿਖੀ ਗਈ ਹੈ। ਇਸ ਲਈ ਉਸ ਨੇ ਆਪਣੇ ਨਿੱਜੀ ਅਨੁਭਵ ਤੋਂ ਬਿਨਾਂ ਧੰਦੇ ਦੇ ਕਰੂਰ ਅਤੇ ਕਰੂਪ ਦੁਸ਼ਵਾਰੀਆਂ ਨੂੰ ਵੇਖਿਆ ਤੇ ਝੱਲਿਆ ਹੈ। ਉਹ ਇਸ ਧੰਦੇ ਦੇ ਯਥਾਰਥ ਦੀ ਪ੍ਰਮਾਣਿਕਤਾ ਨੂੰ ਸਿੱਧ ਕਰਦੀ ਹੈ। ਦੂਜੇ ਇਹ ਆਤਮ ਕਥਾ ਸੈਕਸ ਵਰਕਰ ਵਿੱਚ ਆਈ ਉਸ ਚੇਤਨਾ ਨੂੰ ਵੀ ਪ੍ਰਤੀਬਿੰਬਤ ਕਰਦੀ ਹੈ ਜਿਸ ਰਾਹੀ ਉਹ ਭਾਵੇਂ ਅਜਿਹੀ ਵਿਵਸਥਾ ਸਿਰਜਣ ਦੀ ਚੇਤਨਾ ਨਹੀਂ ਰੱਖਦੀ ਜਿਸ ਵਿੱਚ ਇਹ ਧੰਦਾ ਪੂਰਨ ਰੂਪ ਵਿੱਚ ਸਮਾਪਤ ਹੋ ਜਾਵੇ। ਉਹ ਇਹ ਸਮਝਦੀ ਹੈ ਕਿ ਪ੍ਰਾਪਤ ਵਿਵਸਥਾ ਵਿੱਚ ਇਸ ਧੰਦੇ ਨਾਲ ਜੁੜੀਆਂ ਸੈਕਸ ਵਰਕਰਾਂ ਦੀ ਹੋਣੀ ਨੂੰ ਕਿਵੇਂ ਸੁਧਾਰਿਆ ਜਾ ਸਕਦਾ ਹੈ। ਇਸ ਕਾਰਜ ਲਈ ਉਹ ਕਿਸੇ ਹੋਰ 'ਤੇ ਨਿਰਭਰ ਹੋਣ ਦੀ ਥਾਂ ਉਹ ਖ਼ੁਦ ਸੈਕਸ ਵਰਕਰਾਂ ਦੇ ਹਿੱਤਾਂ ਲਈ ਇੱਕ ਸੰਸਥਾ 'ਜਵਾਲਾਮੁਖੀ' ਬਣਾਉਂਦੀ ਹੈ ਜਿਸ ਰਾਹੀ ਉਹ ਇਸ ਧੰਦੇ ਨਾਲ ਜੁੜੇ ਕਾਮ ਵਰਕਰਾਂ ਦੀ ਆਵਾਜ਼ ਨੂੰ ਉਠਾਉਣ ਵਿੱਚ ਕਾਮਯਾਬ ਹੁੰਦੀ ਹੈ। ਆਤਮ-ਕਥਾ ਦਾ ਇਹ ਪੱਖ ਆਤਮ-ਕਥਾ ਦੇ ਮੁੱਲ ਨੂੰ ਹੋਰ ਵਧਾਉਂਦਾ ਹੈ।

ਸਮੁੱਚੇ ਰੂਪ ਵਿੱਚ ਇਹ ਆਤਮ ਕਥਾ ਜਿਥੇ ਆਤਮ ਕੇਂਦਰਿਤ ਹੈ ਉਥੇ ਆਪਣੇ ਨਾਲ ਉਸ ਸਮੂਹ ਨੂੰ ਵੀ ਜੋੜਦੀ ਹੈ ਜਿਸ ਨਾਲ ਉਹ ਅੰਤਰ-ਸੰਬੰਧਿਤ ਹਨ। ਇਸ ਸਮੂਹ ਵਿੱਚ ਸਾਡੇ ਸਮਾਜ ਦਾ ਉਹ ਪੱਖ ਵੀ ਹੈ ਜਿਹੜਾ ਆਪਣੇ-ਆਪ ਨੂੰ ਵਿਸ਼ਸ਼ਟ ਅਖਵਾਉਂਦਾ ਹੈ ਪ੍ਰੰਤੂ ਜਦੋਂ ਸਮਾਜ ਦਾ ਇਹ ਵਿਸ਼ਸ਼ਟ ਕਹਿਲਾਉਣ ਵਾਲਾ ਵਰਗ ਇਹਨਾਂ ਸੈਕਸ ਵਰਕਰਾਂ ਦੀਆਂ ਹਨੇਰ ਕਠੋਰੀਆਂ ਵਿੱਚ ਕਾਮ ਪੂਰਤੀ ਲਈ ਆਉਂਦਾ ਹੈ ਤਾਂ ਉਹਨਾਂ ਦੇ ਆਪਣੇ ਨਿੱਜੀ ਤੇ ਬਾਹਰੀ ਜੀਵਨ ਦਾ ਸਮੁੱਚਾ ਰੂਪ ਪ੍ਰਗਟ ਹੋ ਜਾਂਦਾ ਹੈ। ਇਉਂ ਇਹ ਸਵੈਜੀਵਨੀ ਸਾਡੇ ਸਮਾਜ ਦੀ ਇਕ ਅਮਾਨਵੀ ਸਮੱਸਿਆ 'ਵੇਸਵਾਚਾਰੀ' ਨੂੰ ਆਪਣੇ ਕੇਂਦਰ ਵਿੱਚ ਲੈ ਕੇ ਜਿੱਥੇ ਇਕ ਸੈਕਸ ਵਰਕਰ ਦੇ ਆਪਣੇ ਹੰਢਾਏ ਕੌੜੇ ਸੱਚ ਨੂੰ ਪ੍ਰਮਾਣਿਕ ਰੂਪ ਵਿੱਚ ਪ੍ਰਤਿਬਿੰਬਤ ਕਰਦੀ ਹੈ ਉਥੇ ਉਹ ਸਾਡੀ ਸਮਾਜਕ-ਆਰਥਿਕ ਵਿਵਸਥਾ ਉਤੇ ਤਿੱਖਾ ਵਿਅੰਗ ਵੀ ਕਰਦੀ ਹੈ ਜਿਹੜੀ ਇਕ ਮਜ਼ਬੂਰ ਤੇ ਮਾਸੂਮ ਔਰਤ ਨੂੰ ਅਜੇ ਤੱਕ ਵੀ ਸੁਖਾਵੀ ਤੇ ਇੱਜ਼ਤਮਈ ਜ਼ਿੰਦਗੀ ਦੇਣ ਤੋਂ ਅਸਮਰਥ ਹੈ।

**ਹਵਾਲੇ**


**1.ਡਾ. ਸੰਜੀਵ ਕੁਮਾਰ ਸਵੈਜੀਵਨੀ ਸਿਧਾਂਤ ਅਤੇ ਇਤਿਹਾਸ ਪੰਨਾ 9**

**2.5 9--9, . 286**

**3.ਉਹੀ ਪੰਨਾ 287**

**4.ਪੰਜਾਬੀ ਸਾਹਿਤ ਕੋਸ਼ ਪੰਨਾ 242**

**5.ਨਾਲਿਨੀ ਜਮੀਲਾ ਏਕ ਸੈਕਸ-ਵਰਕਰ ਕੀ ਆਤਮ-ਕਥਾ ਪੰਨਾ 163**

**6.ਉਹੀ ਪੰਨਾ 100**

**7.ਉਹੀ ਪੰਨਾ 100**

**8.ਉਹੀ ਪੰਨਾ 100**



**ਖੋਜਾਰਥੀ**

**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

## ਸੁਖਪਾਲ ਕਾਵਿ: ਚੁੱਪ ਦਾ ਕਾਵਿ ਪ੍ਰਵਚਨ / ਹਰਪ੍ਰੀਤ ਕੌਰ

ਪਰਵਾਸ ਸਭਿਅਕ ਸਮਾਜ ਦਾ ਮਨੁੱਖੀ ਚੇਤਨਾ ਨਾਲ ਜੁੜਿਆ ਸਹਿਜ ਵਰਤਾਰਾ ਹੈ ਜੋ ਸਦੀਆਂ ਪੁਰਾਣਾ ਹੈ। ਪਰਵਾਸੀ ਕਾਵਿ-ਧਾਰਾ ਵਿੱਚ ਕਈ ਪੀੜ੍ਹੀਆਂ ਦੇ ਕਵੀ ਨਿਰੰਤਰ ਕਾਵਿ-ਰਚਨਾ ਕਰ ਰਹੇ ਹਨ। ਪਰਵਾਸੀ ਪੰਜਾਬੀ ਕਵਿਤਾ ਦੀ ਨਿਰੰਤਰ ਚਲੀ ਆ ਰਹੀ ਮਾਣਮੱਤੀ ਧਾਰਾ ਵਿੱਚ ਸੁਖਪਾਲ ਵਿਵੇਕਮਈ ਪ੍ਰਤਿਭਾ ਦੇ ਤੌਰ 'ਤੇ ਸ਼ਾਮਿਲ ਹਨ। ਕੈਨੇਡਾ ਵਾਸੀ ਸੁਖਪਾਲ ਇੱਕ ਸੰਵੇਦਨਸ਼ੀਲ ਅਤੇ ਚੇਤੰਨ ਕਵੀ ਹੈ। ਉਹ ਆਪਣੀ ਨਿਵੇਕਲੀ ਕਾਵਿ ਸਿਰਜਣ ਪ੍ਰਕਿਰਿਆ ਦੁਆਰਾ ਪੰਜਾਬੀ ਕਾਵਿ-ਜਗਤ ਵਿੱਚ ਪ੍ਰਵੇਸ਼ ਕਰਦਾ ਹੈ ਪਰਵਾਸੀ ਪੰਜਾਬੀ ਕਵਿਤਾ ਨੂੰ ਅਮੀਰੀ ਪ੍ਰਦਾਨ ਕਰਨ ਵਾਲੇ ਕਵੀਆਂ ਵਿੱਚੋਂ 'ਸੁਖਪਾਲ' ਇੱਕ ਸਥਾਪਿਤ ਨਾਮ ਹੈ। ਵਿਦੇਸ਼ੀ ਧਰਤੀ 'ਤੇ ਵਸਦਿਆਂ ਉਹ ਕਿਸੇ ਵਿਸ਼ੇਸ਼ ਦਾਇਰੇ ਵਿਚ ਬੱਝ ਕੇ ਕਾਵਿ-ਰਚਨਾ ਨਹੀਂ ਕਰਦਾ ਸਗੋਂ ਉਹ ਮਨੁੱਖਤਾ ਦੀ ਤਲਾਸ਼ ਦਾ ਕਵੀ ਹੈ। ਉਸਦੀ ਕਵਿਤਾ ਅਣਗੌਲੀਆਂ ਪਰਤਾਂ ਨੂੰ ਫਰੋਲਣ ਦਾ ਤਰੱਦਦ ਕਰਦੀ ਹੋਈ ਮਨੁੱਖੀ ਯਥਾਰਥ ਦੀ ਸਥਿਤੀ ਨੂੰ ਬਿਆਨ ਕਰਦੀ ਹੈ। ਸੰਵੇਦਨਸ਼ੀਲ ਹੋਣ ਕਾਰਨ ਸੁਖਪਾਲ ਦੀ ਕਵਿਤਾ ਵਿੱਚ ਮਨੁੱਖਤਾ ਲਈ ਦਰਦ ਹੈ। ਉਹ ਆਮ ਲੋਕਾਈ ਨਾਲ ਹੋ ਰਹੀ ਧੱਕੇਸ਼ਾਹੀ ਵਿਰੁੱਧ ਸਮੇਂ ਦੇ ਹਾਕਮਾਂ ਪ੍ਰਤੀ ਪ੍ਰਤੀਰੋਧ ਵਾਲੀ ਭਾਸ਼ਾ ਦੀ ਸਿਰਜਣਾ ਕਰਦਾ ਹੈ। ਉਹ ਨਿਵੇਕਲੇ ਅਤੇ ਵੱਖੋ-ਵੱਖਰੇ ਭਾਸ਼ਕ ਪ੍ਰਯੋਗਾਂ ਸਹਿਤ ਵੱਖ-ਵੱਖ ਕਾਵਿ-ਪੁਸਤਕਾਂ ਦੀ ਸਿਰਜਣਾ ਕਰਦਾ ਹੈ। ਉਸ ਦੀਆਂ ਕਾਵਿ-ਪੁਸਤਕਾਂ ਨਿਮਨਲਿਖਤ ਹਨ:-

1. ਚੁੱਪ ਚੁਪੀਤੇ ਚੇਤਰ ਚੜ੍ਹਿਆ
2. ਰਹਣੁ ਕਿਥਾਊ ਨਾਹਿ
3. ਏਸ ਜਨਮ ਨਾ ਜਨਮੇ

ਸੁਖਪਾਲ ਦੀ ਕਵਿਤਾ ਨੂੰ ਸਮਝਣ ਲਈ ਪਾਠਕ ਦਾ ਧਿਆਨ ਉਸਦੀ ਕਾਵਿ ਭਾਸ਼ਾ ਵਿਚਲੀ 'ਚੁੱਪ' ਤੇ ਪੈਂਦਾ ਹੈ ਉਹ ਅਜਿਹੀ ਚੁੱਪ ਦੀ ਸ਼ਾਇਰੀ ਦਾ ਡਾਇਰੈਕਟਰ ਹੈ। ਇਹ ਮੰਚੀ ਪੇਸ਼ਕਾਰੀ ਦੀ ਨਜ਼ਮ ਨਹੀਂ, ਇਸ ਦੀ ਪਾਠ ਪੜ੍ਹਤ ਜ਼ਰੂਰੀ ਹੈ। ਖਿਆਲ ਦੇ ਨਾਲ ਜੁਗਤ ਦੇ ਮਾਧਿਅਮ ਰਾਹੀਂ ਉਹ ਬਹੁਤ ਕੁੱਝ ਨਵਾਂ ਉਸਾਰਦਾ ਹੈ। ਉਸਦਾ ਅੰਦਰਲਾ ਖਿਆਲ ਕਾਵਿ ਭਾਸ਼ਾ ਦੀ ਚੁੱਪ ਰਾਹੀਂ ਉਸਰਦਾ ਹੈ। ਨਵੀਂ ਨਜ਼ਮ ਵਿੱਚ ਜਿਸ ਤਰ੍ਹਾਂ ਦੀ ਕਾਵਿ ਭਾਸ਼ਾ ਸੁਖਪਾਲ ਸਿਰਜਦਾ ਹੈ, ਉਹ ਵੱਖਰੀ ਹੈ ਇਸ ਵੱਖਰਤਾ ਪਿੱਛੇ ਸਿਰਜਣਕਾਰੀ ਦੀ ਸੰਰਚਨਾ ਹੈ। ਇਸ ਬਣਤਰ ਵਿੱਚ ਉਸਦੀ ਚੁੱਪ ਟਿਕੀ ਹੋਈ ਹੈ। ਇਹ ਨਜ਼ਮ ਅਰਥ ਦੇ ਇਕਹਿਰੇਪਣ ਨੂੰ ਤੋੜਦੀ ਹੈ ਉਸਦੇ ਬਹੁਤੇ ਸਮਕਾਲੀ ਇਸ ਇਕਹਿਰੇਪਣ ਦਾ ਸੰਤਾਪ ਹੰਢਾ ਰਹੇ ਹਨ। ਸੁਖਪਾਲ ਸ਼ਾਇਰੀ ਜ਼ਰੀਏ ਨਵੇਂ ਚਿੰਤਨ ਦੀ ਤਲਾਸ਼ ਵਿੱਚ ਹੈ। ਮੱਧਕਾਲੀ ਕਾਵਿ ਵਿੱਚ ਜਦੋਂ ਅਸੀਂ ਵਾਰਸ ਸ਼ਾਹ ਦੀ ਹੀਰ ਪੜ੍ਹਦੇ ਹਾਂ ਤਾਂ ਵਾਰਸ ਸ਼ਾਹ ਹੀਰ ਦੇ ਆਰੰਭ ਵਿੱਚ ਲਿਖਦਾ ਹੈ:

ਇਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ
ਜੀਭਾ ਸੋਹਣੀ ਨਾਲ ਸੁਣਾਈਏ ਜੀ।

ਇਹ ਸ਼ਾਇਰੀ ਆਪਣੇ ਪਿੱਛੇ ਸਸਪੈਂਸ ਨਹੀਂ ਛੱਡਦੀ। ਇਸ ਦਾ ਕਾਰਨ ਇਸ ਦਾ ਦੀ ਪਾਠ ਪੜ੍ਹਤ ਦੀ ਬਜਾਇ ਇਸ ਨੂੰ ਸੁਣਿਆ ਜਾਣਾ ਹੈ। ਸੁਖਪਾਲ ਚੁੱਪ ਦਾ ਜੋ ਕਾਵਿ ਪ੍ਰਵਚਨ ਉਸਾਰਦਾ ਹੈ ਉਹ 'ਸ਼ਬਦ' ਤੋਂ ਕਿਨਾਰਾ ਨਹੀਂ ਕਰਦਾ ਬਲਕਿ ਸ਼ਬਦ ਦੇ ਪਿੱਛੇ ਚੁੱਪ ਸਿਰਜਦਾ ਹੈ। ਚੁੱਪ ਦੀ ਪਿੱਠਭੂਮੀ ਵਿੱਚ ਸ਼ਬਦ ਨਿਖਰ ਕੇ ਉੱਭਰਦਾ ਹੈ।

ਚੁੱਪ ਜਿੱਥੇ ਸ਼ਬਦ ਦੀ ਗੈਰਹਾਜ਼ਰੀ ਵਿੱਚ ਪ੍ਰਵਚਨ ਉਸਰ ਰਿਹਾ ਹੈ। ਸੁਖਪਾਲ ਆਪਣੀ ਬਹੁਤੀ ਨਜ਼ਮ ਵਿੱਚ ਹਾਜ਼ਰ ਰਹਿ ਕੇ ਵੀ ਗੈਰਹਾਜ਼ਰ ਰਹਿੰਦਾ ਹੈ। ਨਜ਼ਮ ਵਿੱਚ ਸ਼ਾਇਰ ਲੁਕਿਆ ਹੁੰਦਾ ਹੈ। ਕਵਿਤਾ ਵਿਚਲੇ ਸ਼ਬਦਾਂ, ਸੰਕਲਪਾਂ, ਵਿਚਾਰਾਂ ਅੰਦਰ ਉਹ ਜਿਸ ਜੁਗਤ ਰਾਹੀਂ ਵਿੱਥ ਸਿਰਜਦਾ ਹੈ ਅਤੇ ਸ਼ਬਦਾਂ ਦੇ ਪਿੱਛੇ ਜਿਸ ਤਰ੍ਹਾਂ ਹਾਜ਼ਰ ਹੋ ਕੇ ਗੈਰ ਹਾਜ਼ਰ ਰਹਿੰਦਾ ਹੈ ਇਹ ਨਵੀਂ ਕਵਿਤਾ ਦਾ ਹਾਸਲ ਹੈ। ਇਸ ਕੋਡ ਦੀ ਡੀਕੋਡਿੰਗ ਕਰਦਾ ਪਾਠਕ ਬਹੁਤ ਵਾਰ ਅਸਫਲ ਰਹਿੰਦਾ ਹੈ। ਪਾਠਕ ਜਿਸ ਨਜ਼ਰੀਏ ਤੋਂ ਪਾਠ ਪੜ੍ਹਤ ਕਰਦਾ ਹੈ ਉਸ ਲਈ ਸਤਰਾਂ ਅੰਦਰਲੀ ਭੌਤਿਕ ਵਿੱਥ ਦਾ ਅੰਦਾਜ਼ਾ ਸੌਖਾ ਹੈ ਪਰ ਉਸ ਅੰਦਰਲੀ ਚੁੱਪ ਦੇ ਅਰਥ ਕਰਨੇ ਔਖਾ ਕਾਰਜ ਹੈ।

ਜਦੋਂ ਅਸੀਂ ਸੁਖਪਾਲ ਦੀਆਂ ਕਵਿਤਾਵਾਂ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਨੂੰ ਸਮਝਣ ਦਾ ਯਤਨ ਕਰਦੇ ਹਾਂ ਤਾਂ ਧੀਮੀ ਸੁਰ ਜਾਂ ਚੁੱਪ ਇੱਕ ਵੱਖਰੀ ਭਾਸ਼ਾਈ ਵਿਸ਼ੇਸ਼ਤਾ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ। 'ਚੁੱਪ' ਨੂੰ ਸੁਖਪਾਲ ਦੀ ਕਵਿਤਾ ਵਿੱਚੋਂ ਸਿਰਫ਼ ਸੰਕਲਪ ਵਜੋਂ ਨਹੀਂ ਸਗੋਂ ਪ੍ਰਵਚਨ ਵਜੋਂ ਪਛਾਣਿਆ ਜਾ ਸਕਦਾ ਹੈ। ਮੱਧਕਾਲੀ ਅਧਿਆਤਮਕ ਸਾਹਿਤ ਵਿੱਚ 'ਚੁੱਪ' ਦੇ ਸੰਕਲਪ ਸੰਬੰਧੀ ਅਨੇਕ ਵਿਆਖਿਆਵਾਂ ਪ੍ਰਾਪਤ ਹੋ ਜਾਂਦੀਆਂ ਹਨ, ਇਸ ਤਰ੍ਹਾਂ ਇਹ ਚੁੱਪ ਦਾ ਸੰਕਲਪ ਕੋਈ ਨਵਾਂ ਨਹੀਂ ਹੈ ਪ੍ਰੰਤੂ ਸੁਖਪਾਲ ਦੀ ਕਵਿਤਾ ਵਿੱਚ 'ਚੁੱਪ' ਦੇ ਵਿਸ਼ੇਸ਼ ਅਰਥਾਂ ਦਾ ਵਿਚਾਰ-ਪ੍ਰਵਾਹ ਉਸਦੇ ਕਾਵਿ ਪ੍ਰਵਚਨ ਦਾ ਮਹੱਤਵਪੂਰਨ ਆਧਾਰ ਬਣਦਾ ਹੈ। 'ਚੁੱਪ' ਦਾ ਸੰਕਲਪ ਭਾਵੇਂ ਪੰਜਾਬੀ ਸਾਹਿਤ ਜਗਤ ਵਿੱਚ ਪੁਰਾਤਨ ਹੈ ਪਰੰਤੂ ਸੁਖਪਾਲ ਦੀ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਉਹ 'ਚੁੱਪ' ਦੇ ਅਰਥ ਪਿਛੋਕੜ ਵਿੱਚੋਂ ਨਾ ਗ੍ਰਹਿਣ ਕਰਕੇ ਸਮਕਾਲੀ ਸੰਦਰਭ ਵਿੱਚੋਂ ਗ੍ਰਹਿਣ ਕਰਦਾ ਹੈ। ਉਸਦੀ ਕਵਿਤਾ ਵਿਚ ਇੱਕ ਧਿਰ ਦੀ ਚੁੱਪ ਦੂਸਰੀ ਨੂੰ ਮੁਖ਼ਾਤਿਬ ਹੁੰਦੀ ਹੈ। ਇਸ ਦਾ ਕਾਰਨ ਹੈ ਕਿ ਸਮਕਾਲ ਵਿਚ ਯੁੱਧ ਦੀ ਸਪੱਸ਼ਟ ਹੋਂਦ ਨਹੀਂ ਅਤੇ ਨਾ ਹੀ ਕਿਸੇ ਧਿਰ ਦਾ ਕੋਈ ਸਪੱਸ਼ਟ ਅਤੇ ਸੰਗਠਿਤ ਵਿਰੋਧੀ ਨਜ਼ਰ ਆਉਂਦਾ ਹੈ। ਇੱਥੇ ਸੁਖਪਾਲ ਦੀ ਕਾਵਿ-ਭਾਸ਼ਾ ਵਿਚਲੀ ਚੁੱਪ

ਮਸ਼ੀਨੀ ਜੀਵਨ ਦੁਆਰਾ ਪੈਦਾ ਕੀਤੇ ਸ਼ੋਰ ਦੀ ਹਿੰਸਾ ਦੇ ਪ੍ਰਤੀਰੋਧ ਵਜੋਂ ਉਭਰਦੀ ਨਜ਼ਰ ਆਉਂਦੀ ਹੈ। ਇਹ ਸ਼ੋਰ ਵਿਸ਼ਵੀਕਰਨ ਦੇ ਵਿਕਾਸ ਦਾ ਪਰਿਣਾਮ ਕਿਹਾ ਜਾ ਸਕਦਾ ਹੈ। ਇਹ ਸ਼ੋਰ ਬਾਹਰੀ ਨਾ ਹੋ ਕੇ ਸਮਕਾਲੀ ਵਿਅਕਤੀ ਦੀ ਮਾਨਸਿਕਤਾ ਨੂੰ ਆਪਣੇ ਕਲੇਵਰ ਵਿੱਚ ਲੈ ਰਿਹਾ ਹੈ। ਇਸ ਸੰਬੰਧੀ ਸੁਖਪਾਲ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਮਨ ਨੂੰ ਫਰੋਲਿਆਂ ਉਸ ਵਿੱਚ ਸ਼ੋਰ ਦਾ ਅਟੁੱਟ ਪਰਵਾਹ ਦਿਸਦਾ ਹੈ। ਇਹ ਸ਼ੋਰ ਯਾਦਾਂ, ਕਲਪਨਾਵਾਂ, ਦੁੱਖ-ਸੁੱਖ, ਦੂਜਿਆਂ ਦੇ ਆਪੇ ਚੰਗੇ-ਮੰਦੇ ਬੋਲਾਂ ਦਾ ਹੈ। ਇਹ ਆਪਣੇ ਆਪ ਹੁੰਦਾ ਹੈ, ਮੇਰੀ ਇੱਛਾ ਨਾਲ ਨਾ ਆਰੰਭ ਹੁੰਦਾ ਹੈ ਨਾ ਏਸਦਾ ਅੰਤ। ਜੀਵਨ ਨੂੰ ਗਹਿਰਾਈ ਨਾਲ ਜਾਣਨ ਵਾਲਿਆਂ ਦਾ ਆਪਣਾ ਹੈ: ਆਮ ਬੰਦੇ ਨੂੰ 'ਰੱਜ ਕੇ ਜੀਣ' ਦਾ ਕੋਈ ਅਨੁਭਵ ਨਹੀਂ। ਉਹ ਆਪਣੀ ਜੀਅ ਸਕਣ ਦੀ ਸੰਪੂਰਨ ਸੰਭਾਵਨਾ ਤੋਂ ਬਹੁਤ ਹੇਠਾਂ ਜਾਂ ਵਿਰਲੇ ਰਹਿ ਕੇ ਜ਼ਿੰਦਗੀ ਮੁਕਾ ਜਾਂਦੇ ਨੇ। ਇਸ ਦਾ ਵੱਡਾ ਕਾਰਣ ਮਨ ਅੰਦਰਲਾ ਇਹ ਸ਼ੋਰ ਹੀ ਹੈ। ਜੇ ਇਹ ਬੰਦ ਹੋਵੇ ਤਾਂ ਜੀਵਨ ਦੀ ਊਰਜਾ, ਪੂਰੀ ਤਰ੍ਹਾਂ ਮਨੁੱਖ ਅੰਦਰ ਪ੍ਰਗਟ ਹੋ ਸਕੇ। ਉਸ ਅਨੁਭਵ ਨੂੰ ਹੀ ਨਿਰਵਾਣ ਕਿਹਾ ਗਿਆ ਹੈ। "ਅਧਿਆਤਮਕ ਦ੍ਰਿਸ਼ਟੀਕੋਣ ਤੋਂ ਬਿਨਾਂ ਵੀ-ਜੇ ਕੋਈ ਸਾਰਥਕ ਕੰਮ ਮਿੱਥ ਕੇ ਕਰਨਾ ਹੋਏ ਤਾਂ ਇਹ ਸ਼ੋਰ ਉਸ ਵਿੱਚ ਰੁਕਾਵਟ ਪਾਉਂਦਾ ਹੈ। ਸ਼ੋਰ ਇਕਾਗਰਤਾ ਵਿੱਚ ਰੁਕਾਵਟ ਹੈ। ਏਸ ਕਰਕੇ ਮੌਨ ਦੀ ਲੋੜ ਹੈ।"1 ਕਵੀ ਸ਼ੋਰ ਤੋਂ ਪਾਰ ਅਜਿਹੇ ਮਾਨਵ/ਵਿਅਕਤੀ ਦੀ ਤਲਾਸ਼ ਵਿੱਚ ਹੈ ਜੋ ਇਸ ਸ਼ੋਰ ਦਾ ਜਵਾਬ ਚੁੱਪ ਰਾਹੀਂ ਦੇ ਸਕੇ:

ਆਪਣੇ ਆਪ ਨੂੰ ਸਵੀਕਾਰ ਕਰਾਂ-
ਮੇਰੇ ਅੰਦਰ ਤਰਤੀਬ ਪਰਤ ਆਵੇ...
ਅੰਤਰ ਦੀ ਸ੍ਰਿਸ਼ਟੀ ਵਿੱਚ
ਚੁੱਪ ਬਣ ਕੇ ਪਸਰ ਜਾਵੇ...

ਜਦੋਂ ਚੁੱਪ ਬੋਲੇਗੀ-
ਤਾਂ ਸ਼ਬਦ ਸੰਗੀਤ ਬਣ ਕੇ ਗੂੰਜਣਗੇ
ਕਵਿਤਾ ਬਣ ਉਤਰਣਗੇ
ਫਿਰ ਕਵਿਤਾ-
ਮੈਨੂੰ 'ਬਹਿ ਕੇ ਲਿਖਣੀ' ਨਹੀਂ ਪਏਗੀ
ਪਲ ਪਲ ਵਾਪਰੇਗੀ...... (ਚੁੱਪ ਅਤੇ ਸ਼ਬਦ)

ਇੱਥੇ ਕਵੀ ਦਾ ਉਹ ਵਿਚਾਰ-ਪ੍ਰਵਾਹ ਉਭਰਦਾ ਨਜ਼ਰ ਆਉਂਦਾ ਹੈ ਜਿਸ ਰਾਹੀਂ ਉਹ ਆਪਣੀ ਰਚਨਾ ਨੂੰ ਜਨਮਦਾ ਹੈ। ਇਸਦੇ ਨਾਲ ਹੀ ਕਵਿਤਾ ਵਿੱਚ 'ਅਸੀ' ਅਤੇ 'ਤੁਸੀ' ਵਰਗੇ ਪੜਨਾਵਾਂ ਦੀ ਥਾਂ 'ਮੈਂ' ਅਤੇ 'ਤੂੰ' ਦਾ ਕਾਵਿ ਪ੍ਰਵਚਨ ਲੈ ਰਿਹਾ ਹੈ। 'ਮੈਂ' ਅਤੇ 'ਤੂੰ' ਦੇ ਪੜਨਾਵਾਂ ਦੀ ਵਰਤੋਂ ਵੀ 'ਚੁੱਪ ਦੇ ਪ੍ਰਵਚਨ' ਦੀ ਕਾਵਿ-ਭਾਸ਼ਾਈ ਜੁਗਤ ਦਾ ਹਿੱਸਾ ਬਣ ਉਭਰਦੀ ਹੈ। ਸੁਖਪਾਲ ਦੀ ਕਾਵਿ-ਭਾਸ਼ਾ ਸੱਤਾ ਦੇ ਪ੍ਰਵਚਨ ਦੁਆਰਾ ਸਿਰਜੀ ਗਈ 'ਤੂੰ' ਨਾਲ ਸੰਵਾਦ ਰਚਾਉਂਦੀ ਹੈ। ਉਸ ਦੀ ਕਵਿਤਾ ਵਿਚਲੇ ਸ਼ਬਦ ਮੂਕ ਵਾਰਤਾਲਾਪ ਕਰਦੇ ਨਜ਼ਰ ਆਉਂਦੇ ਹਨ। ਸੁਖਪਾਲ ਗੁਰੂ ਗੋਬਿੰਦ ਸਿੰਘ ਜੀ ਦੀ ਅੰਦਰਲੀ ਚੁੱਪ ਦਾ ਵਰਣਨ ਕਰਦਾ ਹੈ । ਗੁਰੂ ਜੀ ਭਾਵੇਂ ਯੁੱਧ ਦੇ ਮੈਦਾਨ ਵਿੱਚ ਹੋਣ ਪ੍ਰੰਤੂ ਉਨ੍ਹਾਂ ਅੰਦਰ ਵੈਰ ਵਿਰੋਧ ਦੀ ਭਾਵਨਾ ਨਹੀਂ ਜਾਗਦੀ। ਗੁਰੂ ਜੀ ਨੇ ਭਾਈ ਘਨ੍ਹੱਈਏ ਨੂੰ ਜ਼ਖ਼ਮੀਆਂ ਦੀ ਮੱਲ੍ਹਮ ਪੱਟੀ ਕਰਨ ਦਾ ਆਦੇਸ਼ ਦਿੱਤਾ ਕਿਉਂਕਿ ਉਨ੍ਹਾਂ ਅੰਦਰ ਲੋਕਾਈ ਦਾ ਫਿਕਰ ਸੀ। ਨਿੱਜੀ ਫ਼ਿਕਰ ਅੰਦਰੋਂ ਚੁੱਪ ਹੋ ਗਏ ਸਨ। ਕਵਿਤਾ 'ਗੋਬਿੰਦ' ਦੀਆਂ ਆਖਰੀ ਸਤਰਾਂ ਹਨ :

ਉਸ ਦੇ ਚਾਰ ਚੁਫੇਰੇ ਤਲਵਾਰਾਂ ਖੜਕਦੀਆਂ
ਨਗਾਰੇ ਗੂੰਜਦੇ ਜੈਕਾਰੇ ਵੱਜਦੇ
ਪਰ ਉਸ ਅੰਦਰ ਗਹਿਰੀ ਚੁੱਪ ਹੈ
ਇਸੇ ਲਈ ਉਹ ਜੰਗਾਂ ਹਾਰ ਮਗਰੋਂ ਵੀ
ਜ਼ਫਰਨਾਮਾ ਲਿਖਦਾ ਹੈ ।

ਬੰਦਾ ਸਵੈ ਵਾਰਤਾਲਾਪ ਦੁਆਰਾ ਸੱਤਾ ਦੇ ਖ਼ਿਲਾਫ਼ ਪ੍ਰਤੀਰੋਧ ਸਿਰਜਦਾ ਹੈ। ਜਿੱਥੇ ਕਵੀ ਦੀ ਕਾਵਿ-ਭਾਸ਼ਾ ਧੀਮੀ ਸੁਰ ਦੁਆਰਾ ਸ਼ੋਰ ਤੋਂ ਟੁੱਟਦੀ ਨਜ਼ਰ ਆਉਂਦੀ ਹੈ, ਉੱਥੇ ਕਵੀ ਪਾਠਕ ਨੂੰ ਸ਼ੋਰ ਨਾਲੋਂ ਤੋੜਦਾ ਹੋਇਆ ਚਿੰਤਨ ਨਾਲ ਜੋੜਦਾ ਹੈ। ਹਰਵਿੰਦਰ ਭੰਡਾਲ ਦੀ ਸੁਖਪਾਲ ਦੀ ਕਵਿਤਾ ਵਿਚਲੀ ਚੁੱਪ ਸੰਬੰਧੀ ਰਾਇ ਹੈ ਕਿ "ਸੁਖਪਾਲ ਸ਼ੋਰ ਨੂੰ ਨਕਾਰਦਾ ਹੋਇਆ ਉਸ ਮੌਨ ਤੱਕ ਪੁੱਜ ਜਾਂਦਾ ਹੈ, ਜੋ ਸ਼ੂਨਯ ਦਾ ਹੀ ਇੱਕ ਰੂਪ ਹੈ। ਅਧਿਆਤਮਕ ਭਰਮ ਜਾਂ ਮਾਇਆ-ਜਾਲ ਉਸਨੂੰ ਸ਼ੋਰ ਦੇ ਵਧੇਰੇ ਸਾਰਥਕ ਬਦਲ 'ਸੁਰ' ਤੱਕ ਨਹੀਂ ਪਹੁੰਚਣ ਦਿੰਦਾ।"2

ਸੁਖਪਾਲ ਧਰਮ-ਕਰਮ ਦੇ ਪ੍ਰਵਚਨ ਸੁਣਨ ਨਾਲੋਂ ਉਸ 'ਤੇ ਅਮਲ ਕਰਨ ਦਾ ਪ੍ਰਵਚਨ ਸਿਰਜਦਾ ਹੈ। 'ਆਪੂੰ ਥਾਪੇ ਗੁਰੂ' ਦੇ ਪ੍ਰਵਚਨ ਸੁਣਨ ਨਾਲੋਂ ਮਨੁੱਖ ਨੂੰ ਆਪਣੂ ਮਨ-ਮਸਤਕ ਦੀਆਂ ਗਹਿਰਾਈਆ ਅੰਦਰ ਉੱਤਰਨਾ ਚਾਹੀਦਾ ਹੈ ਅਤੇ ਅੰਦਰਲੇ ਮੌਨ ਤੱਕ ਪਹੁੰਚ ਕਰਕੇ ਸਹਿਜ ਗੁਣ ਅਪਣਾਉਣਾ ਚਾਹੀਦਾ ਹੈ। "ਜਪਾਨ ਵਿਚ ਧਨੁਰ - ਵਿਦਿਆ ਰਾਹੀਂ ਧਿਆਨ - ਸਾਧਨਾ ਸਿਖਾਉਣ ਦੀ ਰਵਾਇਤ ਹੈ। ਉਹਦਾ ਨਿਯਮ ਹੈ: ਨਿਸ਼ਾਨੇ ਤੇ ਤੀਰ ਲਗਣਾ ਤੀਰ - ਅੰਦਾਜ਼ ਦਾ ਮਕਸਦ ਨਹੀਂ। ਤੀਰ ਤਾਂ ਭੁੱਲ ਚੁੱਕ ਨਾਲ ਵੀ ਸਹੀ ਥਾਵੇਂ ਲੱਗ ਸਕਦਾ ਹੈ। ਅਸਲ ਮਕਸਦ ਹੈ - ਤੀਰ ਛੱਡਣ ਵੇਲੇ ਉਹਦਾ ਸਾਰਾ ਆਪਣਾ ਆਪ ਚੁੱਪ ਅਤੇ ਇਕਾਗਰ ਹੋਵੇ। ਏਹਦੀ ਨਿਸ਼ਾਨੀ ਹੈ - ਤੀਰ ਛਡਣ ਵੇਲੇ ਸਰੀਰ ਦੇ ਕਿਸੇ ਅੰਗ ਵਿਚ ਕੋਈ ਤਣਾਅ ਨਾ ਹੋਵੇਗਾ, ਖੂਬਸੂਰਤੀ ਇਹ ਹੈ - ਜਦੋਂ ਸੰਪੂਰਨ ਇਕਾਗਰਤਾ ਵਿਚ ਤੀਰ ਛੁਟਦਾ ਹੈ ਤਾਂ ਨਿਸ਼ਾਨੇ ਤੋਂ ਬਿਨਾ ਹੋਰ ਕਿਧਰੇ ਜਾਂਦਾ ਹੀ ਨਹੀਂ।"3 ਇਸ ਦ੍ਰਿਸ਼ਟੀ ਸੰਬੰਧੀ ਨਿਮਨ ਸਤਰਾਂ ਹਵਾਲੇ

ਵਜੋਂ ਦੇਖੀਆ ਜਾ ਸਕਦੀਆਂ ਹਨ:-

ਮੈਂ ਮੌਨ ਉਤੇ ਪ੍ਰਵਚਨ ਸੁਣਿਆ
ਅਸਹਿਜ ਹੋ ਗਿਆ
ਮੈਂ ਆਪ ਮੌਨ ਹੋਇਆ
ਸਹਿਜ ਪਰਤ ਆਇਆ  **(ਮੌਨ ਅਤੇ ਪ੍ਰਵਚਨ)**

ਪਰੰਤੂ ਡਾ. ਯੋਗਰਾਜ ਇਹਨਾਂ ਕਾਵਿ-ਸਤਰਾਂ ਦੇ ਅਰਥਾਂ ਨੂੰ ਵਿਅੰਗ ਨਾਲ ਜੋੜ ਕੇ ਸਮਝਦੇ ਹਨ, ਉਹਨਾਂ ਦੀ ਧਾਰਨਾ ਹੈ ਕਿ "ਅਸਲ ਵਿੱਚ ਇਹ ਕਵਿਤਾ ਉਨ੍ਹਾਂ ਮਹਾਂਪੁਰਸ਼ਾਂ ਨੂੰ ਸੰਬੋਧਿਤ ਹੈ ਜਿਹੜੇ ਸ਼ੋਰ ਦੀ ਭਾਸ਼ਾ 'ਚ ਮੌਨ 'ਤੇ ਪ੍ਰਵਚਨ ਕਰ ਰਹੇ ਹਨ ਇਸ ਕਵਿਤਾ ਦਾ ਵਸਤੂ ਵਰਤਮਾਨ ਸ਼ੋਰ ਹੈ ਜਿਹੜਾ ਪ੍ਰਵਚਨ ਕਰਨ ਵਾਲੇ ਮਹਾਂਪੁਰਸ਼ਾਂ ਵੱਲੋਂ ਧਰਮ/ਅਧਿਆਤਮ/ਸਦੀਵੀ ਸ਼ਾਂਤੀ/ਮੁਕਤੀ ਦੇ ਨਾਂ 'ਤੇ ਕੀਤਾ ਜਾ ਰਿਹਾ ਹੈ। ਸੋ ਸੁਖਪਾਲ ਦੀ ਕਵਿਤਾ ਵਿੱਚ ਚੁੱਪ ਦੇ ਪ੍ਰਵਚਨ ਨੂੰ ਪਰੰਪਰਕ ਸੂਝ ਦੇ ਨੁਕਤੇ ਤੋਂ ਨਹੀਂ ਪੜ੍ਹਿਆ ਜਾ ਸਕਦਾ। ਉਸਦੀ ਕਵਿਤਾ ਵਿੱਚ ਗੁਰਮਤਿ ਵਿਚਾਰਧਾਰਾ ਦੀ ਜਿਹੜੀ ਧੁਨੀ ਸੁਣਾਈ ਦਿੰਦੀ ਹੈ, ਉਨ੍ਹਾਂ ਦੀ ਸਾਰਥਕਤਾ ਨੂੰ ਵਰਤਮਾਨ ਸੰਦਰਭ ਨਾਲ ਜੋੜ ਕੇ ਦੇਖਣ ਦਾ ਕਾਵਿ-ਮਨੋਰਥ ਸੁਖਪਾਲ ਦੀ ਕਵਿਤਾ ਵਿੱਚ ਸਪੱਸ਼ਟ ਦਿਖਾਈ ਦਿੰਦਾ ਹੈ।"4

ਸੁਖਪਾਲ ਦੀਆਂ ਤਿੰਨਾਂ ਕਾਵਿ ਪੁਸਤਕਾਂ ਵਿੱਚ 'ਚੁੱਪ ਦਾ ਕਾਵਿ ਪ੍ਰਵਚਨ' ਇਕਹਿਰੇਪਣ ਦੀ ਬਜਾਇ ਆਪਣੇ ਅੰਦਰ ਅਰਥ ਲੁਕੋਈ ਬੈਠਾ ਹੈ।ਉਸਦੀ ਪਹਿਲੀ ਪੁਸਤਕ ਦੀ ਪਾਠ ਪੜ੍ਹਤ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੀ ਵੱਖਰਤਾ ਬਾਰੇ ਸੁਚੇਤ ਹੈ ਪਰ ਅਗਲੀਆਂ ਪੁਸਤਕਾਂ ਵਿੱਚ ਸਪੱਸ਼ਟ ਹੁੰਦਾ ਹੈ ਕਿ ਉਸਦੀ ਕਾਵਿ ਭਾਸ਼ਾ ਅੰਦਰਲੀ ਚੁੱਪ ਸਵੈ-ਪ੍ਰਮੋਸ਼ਨ ਦੀ ਜੁਗਤ ਵਜੋਂ ਨਹੀਂ ਉਸਰਦੀ ਬਲਕਿ ਨਵੇਂ ਸਮੇਂ ਅੰਦਰਲੀ ਰਮਜ਼ ਨੂੰ ਨਵੀਂ ਤਕਨੀਕ ਰਾਹੀਂ ਫੜ੍ਹਦੀ ਹੈ। ਉਹ ਆਪਣੀ ਨਜ਼ਮ ਵਿੱਚ ਪ੍ਰਕਿਰਤਕ ਜਗਤ ਦੇ ਸਮਾਨਾਂਤਰ ਸਾਂਸਕ੍ਰਿਤਕ ਜਗਤ ਉਸਾਰਦਾ ਹੈ।ਪ੍ਰਕਿਰਤਕ ਜਗਤ ਅੰਦਰਲੀ ਹਰ ਵਸਤ ਨੂੰ ਵਿਸ਼ੇਸ਼ ਸਾਂਸਕਰਿਤ ਮਾਡਲ ਵਿੱਚ ਰੱਖ ਕੇ ਪੇਸ਼ ਕਰਨ ਦਾ ਹੁਨਰ ਉਹ ਬਾਖੂਬੀ ਜਾਣਦਾ ਹੈ।

**ਹਵਾਲੇ ਅਤੇ ਟਿੱਪਣੀਆਂ**


1. ਸੁਖਪਾਲ, ਚੁੱਪ ਚੁਪੀਤੇ ਚੇਤਰ ਚੜ੍ਹਿਆ, ਪੰਨਾ 71.
2. ਹਰਵਿੰਦਰ ਭੰਡਾਲ, ਸਮਕਾਲੀ ਪੰਜਾਬੀ ਕਵਿਤਾ ਪ੍ਰਵਚਨ ਤੇ ਪ੍ਰਸ਼ਨ, ਪੰਨਾ 52.
3. ਗੁਰਬਚਨ(ਸੰਪਾ.), ਫ਼ਿਲਹਾਲ-7, ਪੰਨਾ 51
4. ਡਾ. ਯੋਗਰਾਜ, ਨਵੀਂ ਪੰਜਾਬੀ ਸ਼ਾਇਰੀ: ਸਮਕਾਲੀ ਸੰਦਰਭ, ਪੰਨਾ 256.



**ਖੋਜਾਰਥੀ,**
**ਪੰਜਾਬੀ ਅਧਿਐਨ ਸਕੂਲ,**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**


## ਤੇਰਾ ਹੱਸਣਾ / ਡਾ. ਪ੍ਰਭਾ ਕੁਮਾਰੀ



ਤੇਰਾ ਹੱਸਣਾ
ਇਵੇਂ ਪਹਿਲੀ ਬਾਰਿਸ਼ ਵਿਚ
ਤਨ ਦਾ ਭਿੱਜਣਾ
ਝਰਨਿਆਂ ਦਾ ਡਿੱਗਣਾ
ਡਿੱਗ ਕੇ ਠਹਿਰ ਕੇ
ਫੇਰ ਮਚਲ ਕੇ ਵਗਣਾ

ਘੁੱਪ ਹਨ੍ਹੇਰੀ ਰਾਤ ਵਿਚ
ਜਿਵੇਂ ਕਈ ਦੀਵਿਆਂ ਦਾ ਜਗਣਾ
ਜਾਂ ਅਸੰਖ ਦੀਵਿਆਂ ਦੇ ਵਿਚਾਲੇ
ਕਿਸੇ ਅਪਸਰਾ ਦਾ ਨ੍ਰਿਤ ਕਰਨਾ

ਤੇਰਾ ਹੱਸਣਾ
ਜਿਵੇਂ ਚਿੱਟੇ ਮੋਤੀਆਂ ਦਾ ਬਿਖਰਨਾ
ਨੀਲੇ ਗਗਨ ਵਿਚ ਜਿਵੇਂ
ਕਈ ਪਤੰਗਾਂ ਦਾ
ਇੱਕੋ ਵੇਲੇ ਉੱਡਣਾ
ਜਾਂ ਰੋਂਦੇ ਬੱਚੇ ਨੂੰ
ਇਕ ਗੁਬਾਰਾ ਫੜਾ ਕੇ ਹਸਾ ਦੇਣਾ

ਤੇਰਾ ਹੱਸਣਾ
ਜਿਵੇਂ ਚਾਹ ਦੀ ਖੁਸ਼ਬੂ ਵਿਚ
ਸ਼ਾਮ ਦਾ ਭਰ ਜਾਣਾ
ਜਾਂ ਨੰਗੇ ਪੈਰ ਘਾਹ ਤੇ
ਚੱਲਣ ਦਾ ਮਖਮਲੀ ਅਹਿਸਾਸ
ਤੇਰਾ ਹੱਸਣਾ....

# ਸ੍ਰੀ ਮਹਾਰਾਣੀ ਸ਼ਰਾਬ ਕੌਰ : ਭਾਸ਼ਾਈ ਵਿਲੱਖਣਤਾਵਾਂ / ਡਾ. ਕਿਰਨ

ਇਤਿਹਾਸਿਕ ਗੌਰਵ ਤੇ ਸਾਹਿਤਕ ਬਿਰਤੀਆਂ ਵਾਲੇ ਉੱਘੇ ਪਰਿਵਾਰ ਵਿਚ ਡਾ. ਚਰਨ ਸਿੰਘ ਦਾ ਜਨਮ 1853 ਈ: ਨੂੰ ਬਾਬਾ ਕਾਹਨ ਦੇ ਘਰ ਹੋਇਆ ਜਿਹੜੇ ਆਪਣੇ ਸਮੇਂ ਦੇ ਪ੍ਰਸਿਧ ਕਵੀ ਤੇ ਸੰਸਕ੍ਰਿਤ ਦੇ ਵੱਡੇ ਵਿਦਵਾਨ ਸਨ। ਡਾ. ਚਰਨ ਸਿੰਘ ਪੰਜਾਬੀ ਸਾਹਿਤ ਦੇ ਉੱਘੇ ਲੇਖਕ ਭਾਈ ਵੀਰ ਸਿੰਘ ਦੇ ਪਿਤਾ, ਸੰਸਕ੍ਰਿਤ, ਹਿੰਦੀ, ਬ੍ਰਜੀ ਦੇ ਵਿਦਵਾਨ ਤੇ ਫ਼ਾਰਸੀ ਤੇ ਅੰਗ੍ਰੇਜੀ ਭਾਸ਼ਾ ਦੇ ਚੰਗੇ ਗਿਆਤਾ ਸਨ। ਇਸ ਬਹੁਭਾਸ਼ਾਈ ਗਿਆਨ ਤੇ ਸਾਹਿਤਕ ਲਗਨ ਨੇ ਆਪ ਨੂੰ ਆਪਣੇ ਸਮੇਂ ਦਾ ਪ੍ਰਤੀਨਿਧ ਲੇਖਕ ਬਣਾ ਦਿੱਤਾ। ਜਿਸ ਦਾ ਪ੍ਰਮਾਣ ਵੱਖ-ਵੱਖ ਵਿਸ਼ਿਆ ਸੰਬੰਧੀ ਉਹਨਾਂ ਦੁਆਰਾ ਲਿਖੀਆਂ ਅਨੇਕਾ ਪ੍ਰਸਿਧ-ਪੁਸਤਕਾਂ ਹਨ। ਡਾ. ਚਰਨ ਸਿੰਘ ਦਾ ਮਨੋਰਥ ਸਿੱਖੀ ਪ੍ਰਚਾਰ ਤੇ ਕੋਮੀ ਸੁਧਾਰ ਸੀ, ਜਿਸ ਦੀ ਪੂਰਤੀ ਲਈ ਆਪਨੇ ਵਿਦਿਅਕ, ਸੁਧਾਰਕ ਤੇ ਧਾਰਮਿਕ ਵਿਸ਼ਿਆਂ ਨੂੰ ਆਪਣੀ ਲਿਖਤ ਦਾ ਮੁਖ ਆਧਾਰ ਬਣਾਇਆ। ਡਾ. ਪਰਮਿੰਦਰ ਸਿੰਘ (ਪੰਜਾਬੀ ਸਾਹਿਤ ਤੇ ਮੂਲ ਲੱਛਣ ਤੇ ਪ੍ਰਮੁੱਖ ਪ੍ਰਵਿਰਤੀਆਂ 1849-1900) ਅਨੁਸਾਰ ਆਪਦੀਆਂ ਉੱਘੀਆਂ ਰਚਨਾਵਾਂ ਵਿਚੋਂ ਸ੍ਰੀ ਮਹਾਰਾਣੀ ਸ਼ਰਾਬ ਕੌਰ' ਅਤੇ ਕਾਲੀਦਾਸ ਦੇ ਪ੍ਰਸਿਧ ਨਾਟਕ ਸੰਕੁਤਲਾਂ ਦਾ ਪੰਜਾਬੀ ਅਨੁਵਾਦ ਵਰਣਨਯੋਗ ਹੈ। ਇਸ ਤੋਂ ਇਲਾਵਾ ਆਪ ਦੀਆਂ ਰਚਨਾਵਾਂ ਵਿਚ ਹੀਰ, ਭਾਈ ਗੁਰਦਾਸ, ਇਕ ਟੇਢੀਚਾਲ, ਹੋਲੀ ਹੈ, ਜੰਗ ਮੜੋਲੀ, ਹੂੜ ਮਤਿ, ਜੈ ਜੈ ਸੀਤਾ ਰਾਮ, ਸ਼ਾਮ ਸੁੰਦਰ ਮਿਲਦੀਆਂ ਹਨ। ਡਾ. ਚਰਨ ਸਿੰਘ ਦੀ ਵਾਰਤਕ ਰਚਨਾ ਦਾ ਕੇਂਦਰੀ ਮਨੋਰਥ ਸਿਖ ਧਰਮ ਦਾ ਪ੍ਰਚਾਰ ਅਤੇ ਸਮਾਜਿਕ ਕੁਰੀਤੀਆਂ ਦਾ ਸੁਧਾਰ ਕਰਨਾ ਸੀ।

'ਸ੍ਰੀ ਮਹਾਰਾਣੀ ਸ਼ਰਾਬ ਕੌਰ' ਪੁਸਤਕ ਅਜਿਹੇ ਸਮਾਜਿਕ ਵਿਸ਼ੇ ਨਾਲ ਸੰਬੰਧਿਤ ਹੈ ਜੋ ਉਸ ਸਮੇਂ ਦੇ ਸਮਾਜ ਲਈ ਹੀ ਨਹੀਂ ਸਗੋਂ ਅੱਜ ਦੇ ਸਮਾਜ ਲਈ ਵੀ ਓਨੀ ਹੀ ਲਾਹੇਵੰਦ ਹੈ। ਇਸ ਪੁਸਤਕ ਦਾ ਸਿਰਲੇਖ 'ਸ੍ਰੀ ਮਹਾਰਾਣੀ ਸ਼ਰਾਬ ਕੌਰ' ਲੇਖਕ ਨੇ ਸਮਾਜਿਕ ਵਿਅੰਗ ਵਜੋਂ ਵਰਤਿਆ ਹੈ। ਭਾਵੇਂ ਕਿ ਲੇਖਕ ਅਤੇ ਲੇਖਕ ਦੇ ਸਮਕਾਲੀ ਲੇਖਕਾਂ ਦੇ ਵਿਸ਼ੇ ਕੇਵਲ ਨਿਤ ਦੇ ਕਾਰ ਵਿਹਾਰ, ਇਤਿਹਾਸਕ, ਧਾਰਮਿਕ, ਸਭਿਆਚਾਰਕ ਸਨ ਪਰੰਤੂ ਪਹਿਲੀ ਵਾਰੀ ਡਾ. ਚਰਨ ਸਿੰਘ ਨੇ ਆਧੁਨਿਕ ਪੰਜਾਬੀ ਵਾਰਤਕ ਦੇ ਸਾਹਿਤਕ ਰੂਪ ਵਿਚ ਮਹਾਰਾਣੀ ਸ਼ਰਾਬ ਕੌਰ ਲਿਖ ਕੇ ਨਸ਼ਿਆਂ ਦੇ ਔਗੁਣਾਂ ਨੂੰ ਪਾਠਕਾਂ ਦੇ ਸਾਹਮਣੇ ਦ੍ਰਿਸ਼ਟੀਗੋਚਰ ਕੀਤਾ। ਇਹਨਾਂ ਨੇ ਆਪਣੀ ਵਿਅੰਗਮਈ ਤੇ ਹਾਸਰਸੀ ਸ਼ੈਲੀ ਵਿਚ ਨਸ਼ਿਆ ਦਾ ਸੇਵਨ ਕਰਨ ਵਾਲਿਆ ਦਾ ਵਿਰੋਧ ਕੀਤਾ। ਇਸ ਕਿਰਤ ਵਿਚ ਜਿੱਥੇ ਨਸ਼ਿਆ ਦੇ ਨੁਕਸਾਨੀ ਔਗੁਣ ਦੱਸੇ ਹਨ ਉਥੇ ਡਾਕਟਰੀ ਕਿੱਤੇ ਦੇ ਮਾਹਿਰ ਹੋਣ ਕਰਕੇ ਇਹਨਾਂ ਨਸ਼ਿਆਂ ਦੇ ਸੇਵਨ ਨਾਲ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਣੂ ਹੀ ਨਹੀਂ ਕਰਵਾਇਆ ਸਗੋਂ ਇਹਨਾਂ ਬਿਮਾਰੀਆ ਦੇ ਇਲਾਜ ਵੀ ਦੱਸੇ ਹਨ।

ਇਸ ਰਚਨਾ ਵਿਚ ਕਾਵਿ ਭਾਸ਼ਾ ਅਤੇ ਵਾਰਤਕ ਭਾਸ਼ਾ ਦੀਆਂ ਦੋਵੇਂ ਵੰਨਗੀਆਂ ਮਿਲਦੀਆਂ ਹਨ। ਇਸ ਰਚਨਾ ਵਿਚ ਲੇਖਕ ਨੇ ਵਾਰਤਕ ਦੇ ਨਾਲ-ਨਾਲ ਕਾਵਿ ਭਾਸ਼ਾ ਵਾਲੇ ਰੂਪ ਦੋਹਰਾ, ਸਵਯਾ, ਅਤੇ ਸਲੋਕ ਆਦਿ ਵਰਤੇ ਹਨ। ਇਹਨਾਂ ਕਾਵਿ ਰੂਪਾਂ ਦੀ ਖ਼ੂਬਸੂਰਤੀ ਨੂੰ ਪ੍ਰਗਟ ਕਰਨ ਲਈ ਕਬਿਤ, ਬੈਂਤ ਛੰਦਾਂ ਦੀ ਖਾਸੀ ਵਰਤੋਂ ਹੋਈ ਹੈ।

'ਸ੍ਰੀ ਮਹਾਰਾਣੀ ਸ਼ਰਾਬ ਕੌਰ' ਵਿਚਲੀ ਵਾਰਤਕ ਦੀ ਭਾਸ਼ਾਈ ਵਿਲੱਖਣਤਾ ਨੂੰ ਪਛਾਨਣ ਲਈ ਵਾਕ, ਸ਼ਬਦਾਵਲੀ ਅਤੇ ਔਰਥੌਗਰਾਫੀ ਪੱਧਰ ਤੇ ਵਿਸ਼ਲੇਸ਼ਣ ਕਰਦਿਆਂ ਇਸ ਵਿਚਲੇ ਵਾਕ ਬਣਤਰ ਪੱਖੋ ਸਾਧਾਰਨ, ਸੰਯੁਕਤ ਤੇ ਮਿਸ਼ਰਤ ਵਾਕਾਂ ਦੀ ਬਹੁਤਾਤ ਦਾ ਪਤਾ ਲੱਗਦਾ ਹੈ। ਸਾਧਾਰਨ ਵਾਕ ਵਿਚ ਵੱਧ ਤੋਂ ਵੱਧ ਤਿੰਨ ਨਾਂਵ ਵਾਕੰਸ਼ ਦੀ ਵਰਤੋਂ ਹੋਈ ਹੈ

ਜਿਵੇਂ ਇਹ ਸ਼ਰਾਬ + ਧਨੰਤਰ ਵੈਦ ਦੀ ਖਾਸ ਦਵਾ + ਸਰਬ ਰੋਗਾਂ ਦੀ ਜੜ੍ਹਾਂ + ਪੁੱਟਣ ਵਾਲੀ ਹੈ।1

ਸੰਯੁਕਤ ਵਾਕ ਵਿਚ ਵੱਧ ਤੋਂ ਵੱਧ 15 ਉਪਵਾਕਾਂ ਦੀ ਵਰਤੋਂ ਹੋਈ ਤੇ ਇਹਨਾਂ ਉਪਵਾਕਾਂ ਨੂੰ ਜੋੜਨ ਲਈ ਵੱਧ ਤੋਂ ਵੱਧ 7 ਕੌਮੇ ਤੇ 3 ਯੋਜਕ ਵਰਤੇ ਗਏ ਹਨ। ਇਹਨਾਂ ਵਾਕਾਂ ਵਿਚ ਅਜੋਕੀ ਪੰਜਾਬੀ ਭਾਸ਼ਾ ਨਾਲੋਂ ਵੱਖਰਾਪਨ ਇਹ ਹੈ ਕਿ (, + ਯੋਜਕ) ਦੋਵਾਂ ਦੀ ਇੱਕਠੀ ਵਰਤੋਂ ਹੋਈ ਹੈ) ਮਿਸ਼ਰਤ ਵਾਕਾਂ ਵਿਚ ਇਕ ਸਵਾਧਨਿ ਉਪਵਾਕ ਨੂੰ ਦੂਸਰੇ ਪਰਾਧੀਨ ਉਪਵਾਕ ਨਾਲ ਜੋੜਨ ਲਈ ਕਈ ਥਾਵਾਂ ਤੇ (, + ਯੋਜਕ) ਇੱਕਠੇ ਵਰਤੇ ਹਨ ਵੱਧ ਤੋਂ ਵੱਧ 16 ਉਪਵਾਕ ਦੀ 9 ਯੋਜਕ + 6 ਕੌਮੇ ਵਰਤੇ ਹੋਏ ਮਿਲਦੇ ਹਨ।

ਸ਼ਬਦਗਤ ਪੱਧਰ ਤੇ ਅਧਿਐਨ ਕਰਨ ਉਪਰੰਤ ਇਸ ਵਾਰਤਕ ਵਿਚ ਅਜੋਕੀ ਪੰਜਾਬੀ ਵਾਲੇ ਸਾਰੇ ਪੜਨਾਂਵ ਤਾਂ ਵਰਤੇ ਹਨ ਪਰ ਏਹ, ਔਹ, ਵੱਖਰੇ ਰੂਪ ਵਾਲੇ ਪੜਨਾਂਵਾਂ ਦੀ ਵਰਤੋਂ ਹੋਈ ਹੈ ਜਿਵੇਂ

-ਔਹ ਭਵਾਟਣੀ ਪਾ ਕੇ ਖਿਦੋ ਵਾਂਙੂ ਔਹ ਜਾ ਪਏ। 2

-ਏਹੁ ਸ਼ਰਾਬ ਕੌਰ ਦੇ ਆਨੰਦ ਹਨ।3

ਸੰਬੰਧਕਾਂ ਵਿਚ ਅਜੋਕੀ ਪੰਜਾਬੀ ਤੋਂ ਵੱਖਰਾ 'ਥੋਂ' ਸੰਬੰਧਕ ਦੀ ਭਰਮਾਰ ਹੈ ਜਿਵੇਂ: ਮਹਾਰਾਣੀ ਸ਼ਰਾਬ ਕੌਰ ਦੇ ਦਰਬਾਰੀਆਂ ਵਿਚੋਂ ਇਕ ਥੋ ਇਕ ਚੜਦਾ। 4

ਸ੍ਰੀ ਮਹਾਰਾਣੀ ਸ਼ਰਾਬ ਕੌਰ ਵਿਚ ਆਧੁਨਿਕ ਰੂਪ ਵਾਲੇ ਯੋਜਕਾਂ ਤੋਂ ਇਲਾਵਾ ਅਰ, ਪੁਰ, ਇਕੁਰ, ਜੈਸੇ, ਜਿਕੁਰ, ਜਿਹਾਕੁ, ਜਿਉਂ ਜਿਉਂ ਤਾਂਤੇ ਪੁਰਾਤਨ ਰੂਪਾਂ ਦੀ ਵਰਤੋਂ ਹੋਈ ਹੈ

ਜਿਵੇਂ-ਇਕੁਰ ਹੀ ਆਪ ਜੈਸੇ ਮਹਾਤਮਾ ਸ਼ਰਾਬ ਦੇ ਪ੍ਰਾਪਤ ਨਾ ਹੋਣ ਕਰਕੇ ਉਸਦੀ ਨਿੰਦਾ ਵਿਚ ਹੀ ਚਿਤ ਪਰਚਾ ਛਡਦੇ ਹਨ। 5

-ਹੁਣ ਅਫੀਮ ਦੇ ਗੁਣ ਔਗੁਣਾਂ ਪੁਰ ਵਿਚਾਰ

ਕਰੀਏ6

ਸਹਾਇਕ ਕਿਰਿਆਂ ਵੱਖਰੇ ਰੂਪ ਵਾਲੀ (ਸਾਂ) ਦੀ ਵਰਤੋਂ ਮਿਲਦੀ ਹੈ। ਇਸ ਵਾਰਤਕ ਦੀ ਵੱਖਰਤਾ ਹੈ ਕਿ ਇਸ ਵਿਚ ਅੰਗਰੇਜ਼ੀ ਸ਼ਬਦਾਵਲੀ ਦੀ ਬਹੁਤ ਵਰਤੋਂ ਹੋਈ ਹੈ ਜਿਵੇਂ: ਕਾਟਸ੍ਰਬਲ, ਡਾਕਟਰ, ਏਮੋਨੀਆ, ਬ੍ਰਾਂਡੀ, ਵਿਸਕੀ, ਪੋਟਾਸੀ ਨਾਈਟ੍ਰਾਸ, ਸੋਡਾ ਵਾਟਰ (ਆਦਿ)। ਔਰਥੋਂਗਰਾਫੀ ਪੱਧਰ ਤੇ ਅਧਿਐਨ ਕਰਨ ਉਪਰੰਤ ਇਸ ਵਾਰਤਕ ਵਿਚ ਨਾਸਕੀ ਵਿਅੰਜਨ /ਙ/, /ਞ/ ਦੀ ਬਹੁਤ ਜਿਆਦਾ ਵਰਤੋਂ ਹੋਈ ਮਿਲਦੀ ਹੈ। ਜਿਵੇਂ: ਵਾਂਙੂੰ, ਤਿਞਣੋ, ਮੇਙਣਾ, ਕੰਙਣੀ, ਆਦਿ। ਅਰਧ ਸਵਰ /ਯ/ ਤਿੰਨੋ ਸਥਿਤੀਆਂ ਵਿਚ ਮਿਲਦੇ ਹਨ ਜਿਵੇਂ –ਯਰਾਨਾ – ਖਯਾਲ – ਜੁਲਾਯਾ

'ਛ' ਅਰਧ ਸਵਰ ਦੀ ਵਰਤੋਂ ਤਾਂ ਮਿਲਦੀ ਹੈ ਪਰ /ਵ/ ਦੀ ਥਾਂ 'ਬ' ਲਿਪਾਂਕ ਦੀ ਵਰਤੋਂ ਹੋਈ ਹੈ ਜਿਵੇਂ ਬੀ, ਬੀਰਯ ਪੈਰ ਲਿਪਾਂਕ (ਰ, ਹ, ਵ, ਟ, ਕ) ਦੀ ਇਸ ਵਾਰਤਕ ਵਿਚ ਭਰਭਾਰ ਹੈ। ਇਹਨਾਂ ਦੇ ਅਜੋਕੀ ਪੰਜਾਬੀ ਵਿਚ ਰੂਪ ਬਦਲ ਗਏ। ਅੱਧੇ ਵ, ਟ, ਕ, ਦੀ ਥਾਂ ਪੂਰਾ ਵ, ਟ, 'ਕ' ਦੀ ਵਰਤੋਂ ਹੋਈ ਹੈ।

ਇਸ ਵਾਰਤਕ ਵਿਚ ਸ਼ਬਦ ਜੋੜ 'ਡ' ਦੀ ਥਾਂ ਅਜੋਕੀ ਪੰਜਾਬੀ ਵਿਚ 'ਨ' ਦੀ ਵਰਤੋਂ ਜਿਵੇਂ –ਇਡੀ, ਕਿੱਡੀ, ਜੇਡੇ

ਲਾ ਦੁਲਾਵਾਂ ਦੀ ਥਾਂ ( ਿ ) ਸਿਹਾਰੀ ਦੀ ਵਰਤੋਂ ਅਤੇ ਨ ਦੀ ਥਾਂ ਅਜੋਕੀ ਪੰਜਾਬੀ ਵਿਚ 'ਣ' ਦੀ ਵਰਤੋਂ ਕਣੀਆਂ ਸ਼ਬਦਾਂ ਵਿਚ ( ਿ ) ਦੀ ਵਰਤੋਂ ਨਹੀਂ ਪਰ ਅਜੋਕੇ ਸਮੇਂ ਵਿਚ ਇਸ ਦੀ ਵਰਤੋਂ ਵਧੇਰੇ ਸਹੈ। – ਨੈਹਰ, ਸੈਹਰ, ਜੈਹਰ, ਕੇਹੜੀ, – ਕਠਨ, ਰੰਹਦਾ, ਸ਼ਹਰ, ਕੰਹਦਾ, ਪਹਲੇ

ਵਿਸ਼ਰਾਮ ਚਿੰਨ੍ਹਾਂ ਵਿਚ ਪੁਰਾਤਨਤਾ ਦਾ ਅੰਸ਼ (11) ਦੋ ਡੰਡੀਆਂ ਅਤੇ ਬਾਕੀ ਸਾਰੇ ਵਿਸ਼ਰਾਮ ਚਿੰਨ ਰੋਮਨ ਲਿਪੀ ਦੇ ਪ੍ਰਭਾਵ ਵਾਲੇ ਹੀ ਵਰਤੇ ਗਣੇ ਹਨ।

ਸੋ ਕਿਹਾ ਜਾ ਸਕਦਾ ਹੈ ਕਿ ਭਾਵੇਂ ਇਸ ਵਾਰਤਕ–ਕਾਰ ਦੀ ਵਾਰਤਕ ਆਧੁਨਿਕ ਰੂਪ ਵਿਚ ਪ੍ਰਵੇਸ਼ ਕੀਤੀ ਹੈ ਪਰੰਤੂ ਪੁਰਾਤਨਤਾ ਦੇ ਅੰਸ਼ ਵੀ ਮਿਲਦੇ ਹਨ। ਉਨਵੀਂ ਸਦੀ ਦੇ ਅਖੀਰ ਤਕ ਇਸ ਦਾ ਆਧੁਨਿਕਤਾ ਸਰੂਪ ਨਾਲੋਂ ਫਰਕ ਵਾਲਾ ਸੀ ਜਿਸਨੂੰ ਪੁਰਾਤਨਤਾ ਤੇ ਨਵੀਨਤਾ ਦੀ ਵਿਚਕਾਰਲੀ ਅਵਸਥਾ ਦਾ ਧਾਰਨੀ ਕਹਿ ਸਕਦੇ ਹਾਂ।

**ਹਵਾਲੇ ਅਤੇ ਟਿੱਪਣੀਆਂ**


1. ਚਰਨ ਸਿੰਘ, ਸ੍ਰੀ ਮਹਾਰਾਣੀ ਸ਼ਰਾਬ ਕੌਰ', ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1910, ਪੰਨਾ 14.
2. ਉਹੀ, ਪੰਨਾ 77.
3. ਉਹੀ, ਪੰਨਾ 66.
4. ਉਹੀ, ਪੰਨਾ 89.
5. ਉਹੀ, ਪੰਨਾ 28.



**ਅਸਿਸਟੈਂਟ ਪ੍ਰੋਫੈਸਰ**
**ਖਾਲਸਾ ਕਾਲਜ ਫਾਰ ਵੂਮੈਨ**
**ਅੰਮ੍ਰਿਤਸਰ**


## ਕਬੀਲਦਾਰੀ / ਅਕਸ਼ੈ ਕੁਮਾਰ



ਲੁਕਣ ਨੂੰ ਹੁਣ ਕੋਈ ਜਗ੍ਹਾ ਨਹੀਂ,
ਇਹਨੇ ਹਰ ਥਾਂ ਪੈਰ ਫੈਲਾਏ ਨੇ,
ਤੁਰਨ ਫਿਰਨ ਤੱਕ ਦੇਣਾ ਨੀ,
ਤੈਨੂੰ ਐਸੇ ਸੰਗਲ ਪਾਏ ਨੇ,
ਕਿਥੋਂ ਤੱਕ ਭੱਜ ਲਏਂਗਾ,
ਤੇਰੀ ਆਪਣੀ ਜੰਮੀ ਸ਼ੈਅ ਮਿੱਤਰਾ,
ਕਬੀਲਦਾਰੀ ਇਹਦਾ ਨਾਂ ਹੈ,
ਜਿਹੜੀ ਜੜ੍ਹਾਂ ਗਈ ਤੇਰੇ ਬਹਿ ਮਿੱਤਰਾ।

ਭੁੱਲ ਜਾ ਉਹ ਸਮਾਂ
ਜਦੋਂ ਆਪ ਮੁਹਾਰੇ ਹੁੰਦਾ ਸੀ,
ਆਪ ਉਸਾਰੇ ਮਹਿਲਾਂ ਦਾ
ਤੂੰ ਆਪ ਹੀ ਰਾਜਾ ਹੁੰਦਾ ਸੀ,
ਖੋਹ ਕੇ ਸਾਰੀ ਦੌਲਤ ਅਮੀਰੀ
ਤੈਨੂੰ ਰੰਕ ਦਿੱਤਾ ਇਹਨੇ ਕਹਿ ਮਿੱਤਰਾ,
ਕਬੀਲਦਾਰੀ ਇਹਦਾ ਨਾਂ ਹੈ
ਜਿਹੜੀ ਜੜ੍ਹਾਂ ਗਈ ਤੇਰੇ ਬਹਿ ਮਿੱਤਰਾ।

ਉੱਡਦਾ ਚਾਰ ਚੁਫੇਰੇ ਸੀ
ਨਾ ਫਿਕਰ ਸੀ ਨਾ ਫਾਕਾ ਸੀ,
ਖੁਲ੍ਹੇ ਬੋਝੇ ਪੈਸਿਆਂ ਤੇ
ਨਾ ਮਾਰਦਾ ਕੋਈ ਡਾਕਾ ਸੀ,
ਅਰਸ਼ੋਂ ਲਾਹ ਕੇ ਫਰਸ਼ਾਂ ਤੇ
ਤੈਨੂੰ ਦਿੱਤਾ ਇਹਨੇ ਢਾਹ ਮਿੱਤਰਾ,
ਕਬੀਲਦਾਰੀ ਇਹਦਾ ਨਾਂ ਹੈ
ਜਿਹੜੀ ਜੜ੍ਹਾਂ ਗਈ ਤੇਰੇ ਬਹਿ ਮਿੱਤਰਾ।

ਸਮਾਂ ਹੀ ਮੰਗਦਾ ਰਹਿੰਦਾ ਹੈ
ਜੋ ਵਿਹਲਾ ਰਹਿੰਦਾ ਹੁੰਦਾ ਸੀ,
ਹੁਣ ਯਾਰਾਂ ਨੂੰ ਨੀ ਮਿਲਦਾ
ਜੋ ਨਿੱਤ ਮਹਿਫਲਾਂ ਬਹਿੰਦਾ ਸੀ,
ਦੂਰ ਕਰਕੇ ਤੈਨੂੰ ਆਪਣਿਆਂ ਤੋਂ
ਬੜੀ ਆਪਣੀ ਬਣਦੀ ਇਹ ਸ਼ੈਅ ਮਿੱਤਰਾ
ਕਬੀਲਦਾਰੀ ਇਹਦਾ ਨਾਂ ਹੈ
ਜਿਹੜੀ ਜੜ੍ਹਾਂ ਗਈ ਤੇਰੇ ਬਹਿ ਮਿੱਤਰਾ।

ਮਨੁੱਖਤਾ ਦੇ ਇਤਿਹਾਸ ਵਿੱਚ ਸ਼ੁਰੂ ਤੋਂ ਹੀ ਔਰਤ ਦੀ ਸਥਿਤੀ ਪੈਦਾਵਾਰ ਦੇ ਸਾਧਨਾਂ ਅਤੇ ਸਮਾਜਿਕ ਪ੍ਰਬੰਧ ਦੇ ਅਨੁਸਾਰ ਬਦਲਦੀ ਰਹੀ ਹੈ। ਨਾਰੀ ਦੀ ਸਮਾਜ ਵਿੱਚ ਇਕ ਮੱਹਤਵਪੂਰਨ ਭੂਮਿਕਾ ਹਮੇਸ਼ਾ ਰਹੀ ਹੈ। ਇਸਤਰੀ ਦੀ ਹੋਂਦ ਤੋਂ ਬਿਨਾਂ ਮਨੁੱਖੀ ਸੰਸਾਰ ਦੀ ਕਲਪਨਾ ਕਰਨੀ ਵੀ ਅਸੰਭਵ ਹੈ। ਨਾਰੀ, ਨਰ ਦਾ ਅਰਧ ਅੰਗ ਹੈ। ਇਹ ਦੋਵੇਂ ਇੱਕ ਦੂਜੇ ਦੇ ਪ੍ਰੇਰਕ ਤੇ ਪੂਰਕ ਹਨ। ਸੰਸਾਰ ਵਿੱਚ ਸੁਹਜ ਕਲਾਵਾਂ ਦੀ ਪ੍ਰੇਰਨਾ ਸ੍ਰੋਤ ਨਾਰੀ ਹੀ ਹੈ। ਔਰਤ ਦੇ ਯੋਗਦਾਨ ਨੇ ਸਾਡੇ ਸਮਾਜ ਦੇ ਸੰਸਕ੍ਰਿਤਕ-ਵਿਕਾਸ ਨੂੰ ਹਮੇਸ਼ਾ ਗਤੀਸ਼ੀਲ ਬਣਾਇਆ ਹੋਇਆ ਹੈ। ਮਰਦ ਸਰੀਰਕ ਬਲ ਦਾ ਸਰੂਪ ਹੈ ਤੇ ਨਾਰੀ ਮਨੋਬਲ ਦੇ ਤੀਬਰ ਵੇਗ ਅਤੇ ਸਹਿਣ-ਸ਼ੀਲਤਾ ਦੀ ਪ੍ਰਤੀਕ ਹੈ। ਮਰਦ ਹਮੇਸ਼ਾਂ ਦੁਨੀਆਵੀ ਉੱਪਲਬਧਦੀਆਂ ਵਿੱਚੋਂ ਪ੍ਰਸੰਨਤਾ ਲੱਭਦਾ ਹੈ ਤੇ ਨਾਰੀ ਨੂੰ ਮਨੋਰੰਜਨ ਦਾ ਸਾਥੀ ਅਤੇ ਇੱਕ ਗੈਰ-ਜ਼ਰੂਰੀ ਸੁਗਾਤ ਸਮਝਦਾ ਹੈ ਜਦੋਂ ਕਿ ਨਾਰੀ ਲਈ ਮਰਦ ਉਸਦੀ ਆਪਣੀ ਹੋਂਦ ਦੀ ਪੁਸ਼ਟੀ ਅਤੇ ਜੀਵਨ ਦੀ ਆਧਾਰ-ਸ਼ਿਲਾ ਹੈ। ਇਹਨਾਂ ਦੋਵਾਂ ਦਾ ਆਪਸੀ ਰਿਸ਼ਤਾ/ਸੰਬੰਧ ਸਮਾਨਤਾ ਵਾਲਾ ਨਹੀਂ ਜਾਪਦਾ। ਭਾਰਤੀ ਸੰਸਕ੍ਰਿਤੀ ਅਤੇ ਇਤਿਹਾਸ ਦੀ ਪ੍ਰਿਸ਼ਠਭੂਮੀ ਨੂੰ ਧਿਆਨ ਵਿੱਚ ਰੱਖ ਕੇ ਨਾਰੀ ਦੇ ਸਰੂਪ ਨੂੰ ਸਿੰਧ ਘਾਟੀ ਦੀ ਸਭਿਅਤਾ ਤੋਂ ਲੈਕੇ ਅਜੋਕੇ ਸਮੇਂ ਤੱਕ ਭਾਰਤੀ ਇਤਿਹਾਸ ਦੇ ਅਧਿਐਨ ਨੇ ਇਸ ਨਤੀਜੇ ਤੇ ਪਹੁੰਚਾਇਆ ਹੈ ਕਿ ਭਾਰਤੀ ਨਾਰੀ ਦੀ ਸਮਾਜਿਕ ਸਥਿਤੀ ਲਗਾਤਾਰ ਬਦਲਦੀ ਰਹੀ ਹੈ। ਇਸ ਤਬਦੀਲੀ ਦੇ ਮੁੱਖ ਕਾਰਨ ਮਨੁੱਖ ਦੀਆਂ ਆਰਥਿਕ ਲੋੜਾਂ ਹਨ।

ਆਦਿ ਕਾਲ ਵਿੱਚ ਨਾਰੀ ਦਾ ਸਰੂਪ: ਸਮੇਂ, ਸਥਾਨ ਅਤੇ ਵਿਚਾਰਧਾਰਾਵਾਂ ਵਿੱਚ ਤਬਦੀਲੀ ਕਾਰਨ ਨਾਰੀ ਦੇ ਸਰੂਪ ਵਿੱਚ ਲਗਾਤਾਰ ਤਬਦੀਲੀ ਆਉਂਦੀ ਰਹਿੰਦੀ ਹੈ। ਭਾਰਤ ਦੇ ਮਿਥਿਹਾਸ ਵਿੱਚ ਨਾਰੀ ਨੂੰ ਸਤਿਕਾਰ ਪ੍ਰਦਾਨ ਕਰਨ ਲਈ ਮਿਥਿਹਾਸਿਕ ਕਥਾਵਾਂ ਵਿੱਚ ਨਾਰੀ ਦਾ ਨਾਂ ਪਹਿਲਾ ਲਿਆ ਜਾਂਦਾ ਹੈ। ਜਿਵੇਂ ਸੀਤਾ-ਰਾਮ, ਲੱਛਮੀ-ਨਰਾਇਣ, ਗੋਰੀ-ਸ਼ੰਕਰ, ਰਾਧਾ-ਕ੍ਰਿਸ਼ਨ ਆਦਿ। ਨਾਰੀ ਹਮੇਸ਼ਾਂ ਆਤਮਕ, ਸ਼ਕਤੀਸ਼ਾਲੀ ਅਤੇ ਤਿਆਗਮਈ ਪ੍ਰਾਣੀ ਰਹੀ ਹੈ। ਸਰੀਰਕ ਪੱਖ ਤੋਂ ਉਸ ਨੂੰ ਸੁੱਰਖਿਆ ਲਈ ਮਰਦ ਦੀ ਲੋੜ ਰਹੀ ਹੈ। ਪੁਰਸ਼ ਦੀ ਜਨਮਦਾਤੀ ਹੋਣ ਕਰਕੇ ਉਸ ਨੂੰ ਜਨਣੀ, ਮਾਂ ਤੇ ਪੂਜਣਯੋਗ ਆਖਿਆ ਗਿਆ ਹੈ। ਲੇਖਿਕਾ ਪ੍ਰੇਮਿਕਾ ਕਪੂਰ ਅਨੁਸਾਰ "ਰਵਾਇਤੀ ਤੌਰ ਤੇ ਵਿਵਾਹਤ ਨਾਰੀ ਦੀ ਦੁਨੀਆ ਘਰ ਤਕ ਹੀ ਸੀਮਤ ਹੁੰਦੀ ਹੈ ਅਤੇ ਆਪਣੇ ਪਤੀ, ਬੱਚਿਆ ਤੇ ਪਰਿਵਾਰ ਦੇ ਜੀਆਂ ਦਾ ਖਿਆਲ ਰੱਖਣਾ ਉਸ ਦਾ ਪ੍ਰਮੁੱਖ ਫ਼ਰਜ ਦਸਿਆ ਜਾਂਦਾ ਹੈ।" ਨਾਰੀ ਸਦਾ ਹੀ ਮਰਦ ਵਲੋਂ ਕੀਤੇ ਜਾਂਦੇ ਅਤਿਆਚਾਰ ਨੂੰ ਸਹਿੰਦੀ ਰਹੀ ਹੈ।

ਨਾਥ ਜੋਗੀਆਂ ਨੇ ਆਪਣੇ ਕਾਵਿ ਵਿੱਚ ਇਸਤਰੀ ਦੀ ਨਿੰਦਿਆ ਕੀਤੀ ਹੈ:-

ਸਪਣੀ ਕਹੈ ਮੈਂ ਅਬਲਾ ਬਲੀਆ
ਬ੍ਰਹਮਾ ਬਿਸ਼ਨ ਮਹਾਦੇਵ ਛਲੀਆ

ਨਾਥ ਜੋਗੀਆਂ ਦੇ ਮੱਤ ਅਨੁਸਾਰ ਨਾਰੀ ਬਾਘਨ ਹੈ ਜੋ ਮੱਨੁਖ ਨੂੰ ਖਾ ਜਾਂਦੀ ਹੈ:-

ਬਾਘਿਨੀਂ ਉਪਾਯਾ ਬਾਘਨੀਂ ਨਿਪਾਯਾ ਬਾਘਿਨੀਂ ਪਾਲੀ ਕਾਯਾ
ਬਾਘਿਨੀ ਤਾਕਰੈ ਜੌਰੀਯੋ ਪਾਖਰੈ, ਅਨਭਈ ਗੋਰਖ ਗਯਾ

ਨਾਰੀ ਹੇਮਸ਼ਾ ਹੀ ਸੰਘਰਸ਼ ਨਾਲ ਭਰੀ ਹੋਈ ਹੈ ਉਹੀ ਜੀਵਨ-ਸੰਘਰਸ਼ ਮਰਦ ਦੀ ਪ੍ਰੇਰਨਾ ਬਣਦੀ ਹੈ। ਜਿਹੜਾ ਕਿ ਨਾਰੀ ਲਈ ਜੀਵਨ ਸ਼ਕਤੀ ਰਿਹਾ ਹੈ। ਨਾਰੀ ਨੇ ਹਮੇਸ਼ਾ ਹੀ ਮਰਦ ਨੂੰ ਹਰ ਇਕ ਕੰਮ ਲਈ ਅੱਗੇ ਹੋ ਕੇ ਪ੍ਰੇਰਿਆ ਹੈ। ਇਸ ਦੇ ਫਲਸਰੂਪ ਮਰਦ ਨੇ ਉਸਨੂੰ ਪਹਿਚਾਨਣ ਤੋਂ ਵੀ ਗੁਰੇਜ ਕੀਤਾ ਹੈ। ਉਸਨੂੰ ਚਾਰ ਦੀਵਾਰੀ ਤੱਕ ਸੀਮਤ ਰੱਖਣ ਲਈ ਯੋਜਨਾਵਾਂ ਬਣਾਉਂਦਾ ਰਿਹਾ ਹੈ।

ਸਦੀਆਂ ਤੋਂ ਪੀੜਤ ਅਤੇ ਅਪਮਾਨਤ ਹੋਣ ਤੇ ਵੀ ਨਾਰੀ ਸ਼ਕਤੀ ਦਾ ਪ੍ਰਤੀਕ ਰਹੀ ਹੈ। ਜਦੋ ਅਸੀਂ ਰਾਮਾਇਣ ਦੇ ਪਾਤਰ ਭਗਵਾਨ ਰਾਮ ਚੰਦਰ ਦੀ ਗੱਲ ਕਰਦੇ ਹਾਂ ਤਾਂ ਉਨਾਂ ਨੇ ਵੀ ਆਪਣੀ ਪਤਨੀ ਸੀਤਾ ਨੂੰ ਪਵਿੱਤਰ ਮੰਨਿਆ ਸੀ ਪਰ ਫਿਰ ਵੀ ਸੀਤਾ ਨੂੰ ਤਿਆਗਿਆ ਸੀ। ਮਹਾਂਭਾਰਤ ਦੇ ਪੰਜ ਪਾਂਡਵਾਂ ਦੀ ਸਾਂਝੀ ਪਤਨੀ ਦਰੋਪਤੀ ਨੂੰ ਭਰੀ ਸਭਾ ਵਿੱਚ ਅਪਮਾਨਤ ਹੋਣਾ ਪਿਆ ਸੀ। ਮਹਾਤਮਾ ਬੁੱਧ ਅਤੇ ਰਾਜਾ ਨਲ ਨੇ ਆਪਣੀਆਂ ਪਤਨੀਆਂ ਦਾ ਤਿਆਗ ਕੀਤਾ ਫਿਰ ਵੀ ਪਤਨੀਆਂ ਨੇ ਪਤੀ ਪ੍ਰੇਮ ਵਿੱਚ ਕਮੀ ਨਹੀ ਆਉਣ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਪਹਿਲੀ ਵਾਰੀ ਨਿੰਦਣ ਯੋਗ ਸਥਿਤੀ ਵਿੱਚੋਂ ਬਾਹਰ ਕੱਢਣ ਲਈ ਯਤਨ ਕੀਤਾ ਅਤੇ ਬਾਕੀ ਆਗੂਆਂ ਦਾ ਧਿਆਨ ਵੀ ਇਸ ਪਾਸੇ ਕੇਂਦਰਤ ਕੀਤਾ। ਗੁਰੂ ਜੀ ਨੇ ਅਜਿਹੇ ਕਾਮੀਆਂ ਅਤੇ ਲੋਭੀਆਂ ਨੂੰ ਚੰਗੇ ਗੁਣ ਧਾਰਨ ਕਰਨ ਦੀ ਸਿੱਖਿਆ ਦਿੱਤੀ:

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥

ਪ੍ਰੋ: ਪੂਰਨ ਸਿੰਘ ਅਨੁਸਾਰ, ਘਰ ਦਾ ਜੀਵਨ ਪਿਆਰ ਅਤੇ ਵਤਨ ਦਾ ਪਿਆਰ ਇਸਤਰੀ ਜਾਤੀ ਦੇ ਬੇਹਦ ਸਤਿਕਾਰ ਅਤੇ ਪਿਆਰ ਤੋਂ ਬਿਨਾਂ ਜਿੰਦਾ ਨਹੀ ਹੋ ਸਕਦਾ। ਜਦ ਤੱਕ ਮਾਂ, ਭੈਣ ਤੇ ਇਸਤਰੀ ਅਤੇ ਉਨਾਂ ਦੇ ਰਚੇ ਘਰ ਦੇ ਜੀਵਨ ਦਾ ਤੀਬਰ ਪਿਆਰ ਨਾ ਹੋਵੇ, ਵਤਨ ਦਾ ਪਿਆਰ ਸਥਿਰ ਨਹੀਂ ਹੋ ਸਕਦਾ। ਸਾਬਕਾ ਰਾਸ਼ਟਰਪਤੀ ਅਤੇ ਦਰਸ਼ਨ ਨੇਤਾ ਸ਼੍ਰੀ ਰਾਧਾ ਕ੍ਰਿਸ਼ਨਨ ਦੇ ਅਨੁਸਾਰ ਭਾਰਤ ਨੇ ਹਰ ਪੀੜੀ ਵਿੱਚ ਲੱਖਾਂ ਹੀ ਅਜਿਹੀਆਂ ਔਰਤਾਂ ਪੈਦਾ ਕੀਤੀਆਂ

ਹਨ। ਜਿੰਨਾਂ ਨੂੰ ਕਦੇ ਪ੍ਰਸਿੱਧੀ ਨਹੀਂ ਹੋਈ ਪਰ ਜਿੰਨਾਂ ਦੇ ਦਿਲਾਂ ਦਾ ਨਿੱਘ, ਸਵੈ-ਕੁਰਬਾਨੀ ਦਾ ਜਜਬਾ, ਨਿਸ਼ਕਾਮ ਵਫ਼ਾਦਾਰੀ ਅਤੇ ਦੁੱਖ ਤੋਂ ਵੀ ਸ਼ਕਤੀ ਲੈਣ ਗੁਣ ਪ੍ਰਚੀਨ ਪੀੜੀ ਦੀ ਸ਼ਾਨ ਦੇ ਰੂਪ ਵਿੱਚ ਬਾਕੀ ਹਨ।

ਸਮਾਜ, ਕਲਾ ਅਤੇ ਹੁਨਰ ਦੀ ਪ੍ਰੇਰਨਾ ਸਰੋਤ ਨਾਰੀ ਮੰਨੀ ਗਈ ਹੈ। ਮਨੁੱਖੀ ਜੀਵਨ ਵਿੱਚ ਨਾਰੀ ਇਕੋ ਵੇਲੇ ਵੱਖ-ਵੱਖ ਭੂਮਿਕਾਵਾਂ ਜਿਵੇਂ ਮਾਂ, ਧੀ, ਭੈਣ, ਪ੍ਰੇਮਕਾ, ਪਤਨੀ, ਵਿਧਵਾ, ਮਾਤਾ, ਚਾਚੀ, ਤਾਈ, ਮਾਸੀ, ਵੇਸਵਾ, ਸੌਂਕਣ, ਨੂੰਹ, ਭਾਬੀ, ਦਾਦੀ ਅਤੇ ਨਾਨੀ, ਭੂਆ, ਗੁਆਂਢਣ, ਸੱਸ, ਨਨਾਣ, ਜੇਠਾਣੀ, ਦਰਾਣੀ, ਮਾਮੀ, ਸਹੇਲੀ, ਭਤੀਜੀ, ਭਾਣਜੀ, ਵਿਚੋਲਣ ਆਦਿ ਦੇ ਰੂਪ ਵਿੱਚ ਆਪਣੇ ਫਰਜ਼ ਨਿਭਾਉਂਦੀ ਹੋਈ ਪਰਿਵਾਰ ਦਾ ਧੁਰਾ ਮੰਨੀ ਜਾਂਦੀ ਹੈ। ਵਿਭਚਾਰਨ ਅਤੇ ਈਰਖਾਲੂ ਸੁਭਾਅ ਕਰਕੇ ਘਿਰਨਾ ਦੀ ਪਾਤਰ ਵੀ ਬਣਦੀ ਹੈ।

ਆਧੁਨਿਕ ਕਾਲ ਵਿੱਚ ਨਾਰੀ ਦਾ ਸਰੂਪ: ਪੰਜਾਬ ਵਿੱਚ ਸਿੱਖ ਰਾਜ ਦੌਰਾਨ ਔਰਤ ਦੀ ਸਥਿਤੀ ਸੁਧਰਨੀ ਸ਼ੁਰੂ ਹੋਈ। ਨਾਰੀ ਨੇ ਆਪਣੀ ਤਾਕਤ ਦੀ ਵਰਤੋਂ ਕਰ ਮਰਦ ਨਾਲ ਜੁੜ ਕੇ ਮੁਸਲਮਾਨਾਂ ਦੇ ਅਤਿਆਚਾਰ ਵਿਰੁੱਧ ਲੜਨਾ ਸ਼ੁਰੂ ਕਰ ਦਿੱਤਾ। 1849 ਵਿੱਚ ਪੰਜਾਬ ਦੇ ਅੰਦਰ ਅੰਗਰੇਜਾਂ ਦਾ ਰਾਜ ਸ਼ੁਰੂ ਹੋਇਆ। ਇਸੇ ਰਾਜ ਦੇ ਵਿੱਚ ਨਾਰੀ ਸੁਤੰਤਰਤਾ ਤੇ ਇਸ ਦੇ ਸੁਧਾਰਾਂ ਦੀ ਗੱਲ ਨੇ ਹੋਰ ਜੋੜ ਫੜਿਆ। ਸਮਾਜਿਕ ਸਥਾਪਤੀ ਦੇ ਵਾਸਤੇ ਲਾਰਡ ਵਿਲੀਅਮ ਬੈਟਿੰਗ ਨੇ ਸਤੀ ਪ੍ਰਥਾ ਨੂੰ ਰੋਕਿਆ ਅਤੇ ਰਾਜਾ ਰਾਮ ਮੋਹਨ ਰਾਏ ਦੇ ਯਤਨਾਂ ਸਦਕਾ "ਸਤੀ ਪ੍ਰਥਾ ਨਿਸ਼ੇਧ ਨਿਯਮ" 1929 ਈਸਵੀ ਵਿੱਚ ਹੋਂਦ 'ਚ' ਆਇਆ। ਇਸ ਕਾਲ ਦੇ ਵਿੱਚ ਔਰਤਾਂ ਨੇ ਰਾਜਨੀਤੀ ਦੇ ਵਿੱਚ ਦਿਲਚਸਪੀ ਦਿਖਾਉਣੀ ਸ਼ੁਰੂ ਕੀਤੀ ਜਿਵੇਂ ਕਿ ਏਨੀ ਬੇਸੈਂਟ, ਸਰੋਜਨੀ ਨਾਇਡੋ, ਅੰਮ੍ਰਿਤ ਕੌਰ ਆਦਿ।

ਵਿਧਵਾ ਔਰਤਾਂ ਨੂੰ ਦੂਸਰੀ ਸ਼ਾਦੀ ਕਰਨ ਦਾ ਹੱਕ ਦਿਵਾਉਣ ਲਈ ਠਹਏ ੍ਹਨਿਦੁ ਂਦਿੋਸ'੍ਰ ਇਮਓਰਰਓਿਗਏ ਅਚਟ 1956 ਵਿੱਚ ਬਣਾਇਆ ਗਿਆ। ਕਾਨੂੰਨ ਨੇ ਔਰਤਾਂ ਦੇ ਵਿਧਵਾ ਵਿਆਹ ਨੂੰ ਠੀਕ ਕਿਹਾ ਪਰ ਭਾਰਤੀ ਸਮਾਜ ਵਿੱਚ ਹੁਣ ਤੱਕ ਵੀ ਔਰਤਾਂ ਦੇ ਦੂਜੇ ਵਿਆਹ ਨੂੰ ਉਚਿਤ ਨਹੀਂ ਮੰਨਿਆ। ਇਸ ਨਾਲ ਸਾਡੇ ਸਮਾਜ ਵਿੱਚ ਅਨੇਕਾਂ ਅੱਧਖੜ ਉਮਰ ਦੀਆਂ ਵਿਧਵਾਵਾਂ ਆਪਣਾ ਜੀਵਨ ਕਠਿਨਾਈਆਂ ਵਾਲਾ ਬਤੀਤ ਕਰ ਰਹੀਆਂ ਹਨ। ਠਹਏ ੀਨਦੳਿਨ ੰਓਜੋਰਟਿ ਅਚਟ 1875 ਬਣਾਇਆ ਗਿਆ। ਜਿਸ ਨਾਲ ਵਿਆਹ ਦੀ ਉਮਰ ਨਿਸਚਿਤ ਕਰ ਦਿੱਤੀ ਗਈ ਅਤੇ ਬਾਲ ਵਿਆਹ ਨੂੰ ਬੰਦ ਕਰ ਦਿੱਤਾ ਗਿਆ। ਬਹੁ-ਵਿਆਹ ਪ੍ਰਥਾ ਨੂੰ ਰੋਕਣ ਲਈ ਸਰਕਾਰ ਨੇ੍ਹਨਿਦੁ ੰਓਰਰਓਿਗਏ ਅਚਟ 1955 ਬਣਾਇਆ ਜਿਸ ਦੇ ਆਧਾਰ ਤੇ ਹਿੰਦੂ ਮਰਦ ਕੇਵਲ ਇਕ ਸ਼ਾਦੀ ਕਰ ਸਕਦਾ ਹੈ। ਬੇਸ਼ਕ ਹਿੰਦੂਆਂ ਲਈ ਵਿਆਹ-ਕਾਨੂੰਨ ਬਣਾ ਦਿੱਤਾ ਗਿਆ ਹੈ, ਪਰ ਕਈ ਲੋਕ ਪੈਸੇ ਦੇ ਜ਼ੋਰ ਨਾਲ ਅਜੇ ਵੀ ਕਿਸੇ ਕੁਆਰੀ ਲੜਕੀ ਨੂੰ ਆਪਣੇ ਸ਼ੁਗਲ ਦਾ ਸਾਧਨ ਬਣਾ ਲੈਂਦੇ ਹਨ। ਭਾਵੇਂ ਕਿ 1946 ਈਸਵੀ ਵਿੱਚ ਵਿਧਵਾ-ਨਾਰੀਆਂ ਲਈ ਖਰਚੇ ਦਾ ਪ੍ਰਬੰਧ ਸੰਬੰਧੀ ਕਾਨੂੰਨ ਆ ਗਿਆ ਸੀ ਪਰ ਫਿਰ ਵੀ ਕੁਝ ਅਨਪੜ੍ਹ ਤੇ ਦਕਿਆਨੂਸੀ ਔਰਤਾਂ ਜੋ ਪਿੰਡਾਂ ਵਿੱਚ ਰਹਿੰਦੀਆਂ ਹਨ, ਜਿਨ੍ਹਾਂ ਨੂੰ ਪਤੀਆਂ ਨੇ ਛੱਡਿਆ ਉਹ ਅੰਧਵਿਸ਼ਵਾਸ ਕਾਰਨ ਉਹਨਾਂ ਦੇ ਖ਼ਿਲਾਫ ਇਕ ਵੀ ਸ਼ਬਦ ਸੁਣਨ ਲਈ ਤਿਆਰ ਨਹੀਂ ਹੁੰਦੀਆਂ।

ਨਾਰੀ ਦੇ ਸਰੂਪ ਦੀ ਪਰਖ ਲਈ ਸਾਹਿਤ ਇਕ ਚੰਗਾ ਸਾਧਨ ਪ੍ਰਤੀਤ ਹੋਇਆ ਹੈ। ਸਾਹਿਤਕਾਰ ਜਾਂ ਕਵੀ ਦੀ ਨਾਰੀ ਸੰਬੰਧੀ ਧਾਰਨਾ ਇਸੇ ਗੱਲ ਤੋ ਪ੍ਰਭਾਵਿਤ ਹੰਦੀ ਹੈ। ਅੱਜ ਭਾਵੇਂ ਕੁੜੀਆਂ ਨੂੰ ਪੜਨ-ਲਿਖਣ ਦੀਆਂ ਸਭ ਸਹੂਲਤਾਂ ਪ੍ਰਾਪਤ ਹਨ। ਹੁਣ ਉਹ ਲੜਕਿਆਂ ਦੇ ਬਰਾਬਰ ਵਿਦਿਆ ਹਾਸਲ ਕਰ ਰਹੀਆਂ ਹਨ। ਪੜ-ਲਿਖ ਕੇ ਉਹ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹਨ ਬਹੁਤ ਹੱਦ ਤੱਕ ਸਫ਼ਲ ਵੀ ਹੋ ਚੁੱਕੀਆਂ ਹਨ। ਸਾਹਿਤਕ ਖੇਤਰ ਵਿਚ ਵੀ ਨਾਰੀ ਨੇ ਨਾਮਣਾ ਖੱਟਿਆ ਹੈ। ਪੰਜਾਬੀ ਸਾਹਿਤ ਵਿਚ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ, ਬੱਚਿਤ ਕੌਰ, ਬਲਜੀਤ ਕੌਰ ਬੱਲੀ ਅਤੇ ਪ੍ਰਭਜੋਤ ਕੌਰ ਵਰਗੀਆਂ ਅਨੇਕਾਂ ਹੀ ਸਾਹਿਤਕ ਰੁਚੀਆਂ ਰੱਖਣ ਵਾਲੀਆਂ ਇਸਤਰੀ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਦੀ ਅਗਵਾਈ ਕੀਤੀ ਹੈ। ਉਨਾਂ ਨੇ ਸਾਹਿਤ ਰਾਹੀਂ ਨਾਰੀ ਦੇ ਦੁੱਖਾਂ ਨੂੰ ਬਹੁਤ ਵਧੀਆ ਤਰੀਕੇ ਰਾਹੀਂ ਚਿਤਰਿਆ ਹੈ। ਉਨਾਂ ਦੀਆਂ ਸਮਸਿਆਵਾਂ ਨੂੰ ਚਿਤਰਦਿਆਂ ਹੋਇਆ ਉਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ।


ਨਿਸਕਰਸ਼: ਅਜੋਕੀ ਔਰਤ ਪੜ੍ਹ-ਲਿਖ ਕੇ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਈ ਹੈ। ਆਧੁਨਿਕ ਕਾਲ ਵਿੱਚ ਨਾਰੀ ਹਰੇਕ ਖੇਤਰ ਵਿੱਚ ਖੁਦ ਨੂੰ ਸਥਾਪਿਤ ਕਰ ਰਹੀ ਹੈ। ਮਰਦ ਨੇ ਨਾਰੀ ਨੂੰ ਬਰਾਬਰ ਦੇ ਹੱਕ ਦੇਣ ਬਾਰੇ ਗੰਭੀਰਤਾ ਨਾਲ ਸੋਚਿਆ ਹੈ। ਮਰਦ ਰੂੜ੍ਹੀਵਾਦੀ ਸੋਚ ਤਿਆਗ ਕੇ ਗ੍ਰਹਿਸਥੀ ਜੀਵਨ ਦਾ ਬੋਝ ਹੌਲਾ ਕਰ ਨਾਰੀ ਦਾ ਸਾਥ ਦਿੱਤਾ ਜਿਸ ਨਾਲ ਨਾਰੀ ਕਾਫੀ ਹੱਦ ਤੱਕ ਸਰੀਰਕ ਅਤੇ ਮਾਨਸਿਕ ਤਨਾਓ ਤੋਂ ਛੁਟਕਾਰਾ ਪਾ ਸਕੀ। ਇਸਤਰੀ ਨੇ ਸੰਵਿਧਾਨਕ ਤੌਰ ਤੇ ਮਰਦ ਦੇ ਬਰਾਬਰ ਦਾ ਦਰਜਾ ਹਾਸਲ ਕਰ ਲਿਆ ਹੈ ਪਰ ਸਮਾਜਿਕ ਖੇਤਰ ਵਿੱਚ ਉਸਨੂੰ ਅਜੇ ਵੀ ਪੂਰੇ ਹੱਕ ਨਹੀਂ ਮਿਲੇ। ਬੇਸ਼ਕ ਕਾਨੂੰਨ ਬਣਾ ਕੇ ਇਸਤਰੀ ਨੂੰ ਪਿਓ ਦੀ ਜਾਇਦਾਦ ਦਾ ਵਾਰਸ ਬਣਾ ਦੇਣ ਨਾਲ ਉਸ ਨੂੰ ਸਮਾਜਿਕ ਬਰਾਬਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਪਰ ਹਲੇ ਵੀ ਰੂੜ੍ਹੀਵਾਦੀ ਕਦਰਾਂ-ਕੀਮਤਾਂ ਕਰਕੇ ਇਸਤਰੀ ਦੂਹਰਾ ਜੀਵਨ ਗੁਜ਼ਾਰਦੀ ਹੋਈ ਨੌਕਰੀ ਨਾਲ ਘਰ ਗ੍ਰਹਿਸਥੀ ਵੀ ਚਲਾਉਂਦੀ ਹੈ। ਇਹਨਾਂ ਪਰੰਪਰਾਵਾਦੀ ਜੂਲਿਆਂ ਤੋਂ ਮਰਦ ਹੀ ਔਰਤ ਨੂੰ ਮੁਕਤ ਕਰਾ ਸਕਦਾ ਹੈ।

**ਹਵਾਲੇ ਅਤੇ ਟਿੱਪਣੀਆਂ:**


1. ਗੋਰਖ ਬਾਣੀ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰ. 148

## ਹਿੰਦੀ ਮਿੰਨੀ ਕਹਾਣੀਆਂ

### ਸਬਕ / ਕਿਰਨ ਗਰਗ



ਤਾਰਾ

ਹਾਂ ਇਹੀ ਨਾਮ ਤਾਂ ਹੈ ਉਸ ਛੋਟੀ ਬੱਚੀ ਦਾ ਜੋ ਰੋਜ਼ ਆਉਂਦੀ ਹੈ, ਘਰਾਂ ਵਿਚ ਕੂੜਾ ਚੁਗਣ ਲਈ..ਆਪਣੀਆਂ ਚਮਕਦਾਰ ਅੱਖਾਂ ਨਾਲ ਹੱਸਦੀ ਮੁਸਕਰਾਉਂਦੀ..ਹਰ ਘਰ ਦੀ ਘੰਟੀ ਉਛਲ ਉਛਲ ਕੇ ਵਜਾਉਂਦੀ ਤਾਰਾ....ਕਦੇ ਇਕੱਲੀ ਕਦੇ ਆਪਣੀ ਮਾਂ ਨਾਲ. ਅੱਜ ਵੀ ਇਕੱਲੀ ਸੀ। ਮੈਂ ਪੁੱਛਿਆ-ਅੱਜ ਕਿਉਂ ਇਕੱਲੀ ਹੈਂ... ਤਾਂ ਖੁਸ਼ੀ ਨਾਲ ਚਹਿਕ ਕੇ ਬੋਲੀ- ਘਰ ਵਿਚ ਭਰਾ ਹੋਇਆ ਹੈ, ਮਾਂ ਪੰਜ ਦਿਨ ਬਾਅਦ ਆਏਗੀ। ਉਹੋ ਸੱਤਵਾਂ ਬੱਚਾ, ਮਨਸੁਖੀਆ ਵੀ ਕਮਾਲ ਕਰਦੀ ਹੈ, ਮੇਰੇ ਮੂੰਹੋਂ ਨਿਕਲਿਆ। ਕਿਵੇਂ ਖਵਾਏਗੀ ਏਨੇ ਜੁਆਕਾਂ ਨੂੰ ? ਤਾਰਾ ਦਾ ਮੂੰਹ ਉਤਰ ਗਿਆ। ਰੋਣਹਾਕੀ ਜਿਹੀ ਹੋ ਗਈ...ਚੁਪ ਚਾਪ ਅਗਲੇ ਘਰ ਵੱਲ ਤੁਰ ਪਈ। ਫੇਰ ਅਚਾਨਕ ਪਲਟੀ ਤੇ ਬੋਲੀ- 'ਮੇਮ ਸਾਬ ਰੋਟੀਆਂ ਤੁਸੀਂ ਗਿਣੋ। ਗਰੀਬ ਤੁਸੀਂ ਹੋ ਜੋ ਦੋਹਾਂ ਦੀ ਕਮਾਈ ਨਾਲ ਇੱਕ ਜਣੇ ਦਾ ਪਾਲਣ ਹੀ ਕਰ ਸਕਦੇ ਹੋ। ਮੇਰੀ ਮਾਂ ਬਹੁਤ ਅਮੀਰ ਹੈ ਦਿਲ ਤੋਂ।

ਸਾਨੂੰ ਸਾਰਿਆਂ ਨੂੰ ਖਵਾ ਕੇ ਫੇਰ ਟਾਮੀ ਨੂੰ ਖਵਾ ਕੇ ਤੇ ਆਪ ਵੀ ਦੋ ਬੁਰਕੀਆਂ ਖਾ ਕੇ ਸੁਖੀ ਹੈ। ਤੁਹਾਡੇ ਵੱਡੇ ਲੋਕਾਂ ਵਾਂਗ ਕੁੱਖ ਤਾਂ ਨਹੀਂ ਉਜਾੜਦੀ। ਤੁਸੀਂ ਤਾਂ ਆਪਣੇ ਸੁਖ ਦੀ ਖਾਤਿਰ ਪੇਟ ਦੇ ਬੱਚੇ ਨੂੰ ਮਰਵਾ ਆਉਂਦੇ ਹੋ। ਮੇਰੀ ਮਾਂ ਲੱਖ ਅਨਪੜ੍ਹ ਗਰੀਬ ਸਹੀ ਪਰ ਕੁੱਖ ਵਿਚ ਪਲਦੀ ਨੰਨ੍ਹੀ ਜਾਨ ਨੂੰ ਆਪਣੀ ਜਾਨ ਤੋਂ ਜ਼ਿਆਦਾ ਸੰਭਾਲਦੀ ਹੈ।'

ਤੇ ਮੁੜ ਕੇ ਤਾਰਾ ਅਗਲੇ ਘਰ ਦੀ ਘੰਟੀ ਨਾਲ ਲਟਕ ਗਈ। ਮੈਂ ਮੂੰਹ ਅੱਡੀ ਅਪਲਕ ਉਸਨੂੰ ਦੇਖਦੀ ਰਹੀ। ਅੱਜ ਨੌਂ ਸਾਲ ਦੀ ਤਾਰਾ ਮੈਨੂੰ ਮਮਤਾ ਦਾ ਸਬਕ ਜੋ ਸਿਖਾ ਗਈ।

**ਪੰਜਾਬੀ ਅਨੁਵਾਦ : ਅ.ਕ**

### ਮਰਦ / ਅੰਜੂ ਖਰਬੰਦਾ



'ਭਾਜੀ ਆ ਗਏ ਟੂਰ ਤੋਂ'
'ਨਹੀਂ ਅਜੇ ਨਹੀਂ ਆਏ'
'ਫੇਰ ਬਾਹਰ ਗੈਲਰੀ ਵਿਚ ਮਰਦਾਨਾ ਕੱਪੜੇ ਕਿਸ ਦੇ ਸੁੱਕ ਰਹੇ ਹਨ '
ਹੈਰਾਨੀ ਨਾਲ ਰੀਟਾ ਨੇ ਪੁੱਛਿਆ
'ਲੋਕਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਗਾਹੇ ਬਗਾਹੇ ਪਤੀ ਦੇ ਕੱਪੜੇ
ਬਾਹਰ ਗੈਲਰੀ ਵਿਚ ਸੁੱਕਣੇ ਪਾ ਦਿੰਦੀ ਹਾਂ'
'ਕਿਉਂ ?'
'ਇਸ ਨਾਲ ਲੋਕਾਂ ਨੂੰ ਲੱਗਦਾ ਹੈ ਕਿ ਘਰ ਵਿਚ ਕੋਈ ਮਰਦ ਹੈ'
'ਮਤਲਬ ?'
'ਨਹੀਂ ਤਾਂ ਉਹ ਸੋਚਦੇ ਨੇ ਇਕੱਲੀ ਔਰਤ ਜਾਤ ....
ਛੋਟੇ ਬੱਚਿਆਂ ਨਾਲ ਸਾਡਾ ਕੀ ਵਿਗਾੜ ਲਵੇਗੀ...।'

**ਪੰਜਾਬੀ ਅਨੁਵਾਦ : ਅ.ਕ**


2. ਬਲਦੇਵ ਸਿੰਘ (ਅਨੁ.), ਭਾਰਤੀ ਸੰਸਕ੍ਰਿਤੀਆਂ ਅਤੇ ਜਾਤੀਆਂ, ਪੰ. 288

3. ਮੁਹੰਮਦ ਲਤੀਫ਼, (ਅਨੁ. ਗੁਰਮੁਖ ਸਿੰਘ ਗੁਰਮੁਖ), ਪੰਜਾਬ ਦਾ ਇਤਿਹਾਸ (ਭਾਗ ਪਹਿਲਾ), ਪੰ. 60

4. ਆਦਿ ਗ੍ਰੰਥ, ਪੰ. 6

5. ਪ੍ਰੋ. ਪੂਰਨ ਸਿੰਘ, ਖੁਲ੍ਹੇ ਲੇਖ, ਪੰ. 77

6. Bashir Ahmed, Mohamdon Law, p. 119

7. J.D. Jain and R. Chandra, Hindu Law Act, p. 112

8. J.D. Jain and R. Chandra, Hindu Law Act, p. 114

9. Promila Kapur, Marriage and the working woman in India, P. 297

10. S. Radha Krishanan, Religion and Society, P. 197-198



**ਰੀਸਰਚ ਸਕਾਲਰ, ਪੰਜਾਬੀ ਵਿਭਾਗ,**
**ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ**

## ਸਭਿਆਚਾਰ ਅਤੇ ਸਭਿਆਚਾਰ ਅਧਿਐਨ ਮਾਡਲ / ਡਾ. ਕਿਰਨਦੀਪ ਕੌਰ

ਮਨੁੱਖ ਇਕ ਪ੍ਰਕਿਰਤਕ ਪ੍ਰਾਣੀ ਹੈ। ਪ੍ਰਕਿਰਤੀ ਮਨੁੱਖ ਦੇ ਅੰਗ-ਸੰਗ ਰਹਿੰਦੀ ਹੈ। ਮਨੁੱਖ ਪ੍ਰਕਿਰਤੀ ਵਿਚੋਂ ਹੀ ਜਨਮ ਲੈਂਦਾ ਹੈ, ਪ੍ਰਕਿਰਤੀ ਵਿਚ ਹੀ ਵਿਕਾਸ ਕਰਦਾ ਹੈ ਅਤੇ ਪ੍ਰਕਿਰਤੀ ਦੀ ਗੋਦ ਵਿਚ ਹੀ ਸਮਾ ਜਾਂਦਾ ਹੈ। ਪ੍ਰਕਿਰਤੀ ਬਹੁਤ ਵਿਸ਼ਾਲ ਹੈ ਇਸ ਦੇ ਕਲਾਵੇ ਵਿਚ ਮਨੁੱਖ ਤੋਂ ਇਲਾਵਾ ਪਸ਼ੂ, ਪਰਿੰਦੇ, ਬਨਸਪਤੀ ਅਤੇ ਸਮੁੱਚਾ ਵਾਤਾਵਰਣ ਆ ਜਾਂਦਾ ਹੈ। ਮਨੁੱਖ ਇਸ ਵਰਤਾਰੇ ਵਿਚ ਰਹਿੰਦਾ ਹੋਇਆ ਬਹੁਤ ਕੁਝ ਨਵਾਂ ਸਿਰਜਦਾ ਹੈ ਅਤੇ ਬਹੁਤ ਕੁਝ ਪੁਰਾਣਾ ਸਿਖਦਾ ਹੈ। ਇਸ ਪ੍ਰਕਿਰਤਕ ਅਦਾਨ-ਪ੍ਰਦਾਨ ਕਾਰਨ ਹੀ ਸਭਿਆਚਾਰ ਵਿਕਸਤ ਹੁੰਦਾ ਹੈ।

ਅਸੀਂ ਇਹ ਕਹਿ ਸਕਦੇ ਹਾਂ ਕਿ ਸਭਿਆਚਾਰ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਂਚ ਹੈ। ਪਸ਼ੂ ਜੀਵਨ ਤੋਂ ਅਗਾਂਹ ਲੰਘ ਕੇ ਮਨੁੱਖ ਆਪਣੀਆਂ ਅੰਦਰੂਨੀ ਕਰਤਾਰੀ ਸ਼ਕਤੀਆਂ ਨੂੰ ਪ੍ਰਗਟ ਕਰਨ ਤੇ ਵਿਉਂਤਣ ਲਈ ਸਭਿਆਚਾਰ ਸਿਰਜਦਾ ਹੈ। ਵਿਸ਼ੇਸ਼ ਭੂਗੋਲਿਕ ਖਿੱਤੇ ਦੀਆਂ ਪਦਾਰਥਕ, ਕੁਦਰਤੀ ਅਤੇ ਮੌਸਮੀ ਪ੍ਰਸਥਿਤੀਆਂ ਮੁਤਾਬਕ ਲੋਕ ਜਿੰਦਗੀ ਦੇ ਨਿੱਕੇ ਤੋਂ ਨਿੱਕੇ ਪੱਖ ਤੋਂ ਲੈ ਕੇ ਵੱਡੇ ਤੋਂ ਵੱਡੇ ਮਨੋਰਥ ਲਈ ਬੜਾ ਵੰਨ-ਸੁਵੰਨਾ ਸਭਿਆਚਾਰਕ ਪ੍ਰਬੰਧ ਉਸਾਰਦੇ ਆਏ ਹਨ। ਸਭਿਆਚਾਰ ਇਕ ਗਤੀਸ਼ੀਲ ਵਰਤਾਰਾ ਹੈ। ਪਦਾਰਥਕ, ਰਾਜਸੀ ਅਤੇ ਹੋਰ ਬਦਲਾਅ ਇਸ ਵਿਚ ਤਬਦੀਲੀ ਲਿਆਉਂਦੇ ਰਹੇ ਹਨ।

ਸਭਿਆਚਾਰ ਦੇ ਬਹੁਤ ਸਾਰੇ ਹੋਰ ਅੰਗ ਹਨ, ਜਿਨ੍ਹਾਂ ਨੂੰ ਖਾਸ ਲੜੀ ਵਿਚ ਪਰੋ ਕੇ ਅਧਿਐਨ ਕਰਨ ਨਾਲ ਸਭਿਆਚਾਰ ਵਿਸ਼ੇਸ਼ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ।

### ਸਭਿਆਚਾਰ ਅਧਿਐਨ ਮਾਡਲ

ਸਭਿਆਚਾਰ ਅਧਿਐਨ ਦਾ ਕਾਰਜ ਸਭਿਆਚਾਰ ਵਿਗਿਆਨ ਦੇ ਖੇਤਰ ਵਿਚ ਆਉਂਦਾ ਹੈ। ਬੁਝਾਰਤ ਦਾ ਸੰਬੰਧ ਸਭਿਆਚਾਰ ਨਾਲ ਹੋਣ ਕਰਕੇ ਇਹ ਵੀ ਸਭਿਆਚਾਰ ਵਿਗਿਆਨ ਦੇ ਘੇਰੇ ਵਿਚ ਸ਼ਾਮਿਲ ਹੈ। ਪੱਛਮ ਵਿਚ ਸਭਿਆਚਾਰ ਵਿਗਿਆਨ ਦੀ ਸਥਾਪਤੀ ਦੀ ਦਿਸ਼ਾ ਵਿਚ ਪੂਰਬ ਦੇ ਮੁਕਾਬਲੇ ਕਾਫੀ ਕੰਮ ਕੀਤੇ ਗਏ ਹਨ। ਇਸ ਦਾ ਇਹ ਅਰਥ ਨਹੀਂ ਕਿ ਪੂਰਬੀ ਦ੍ਰਿਸ਼ਟੀਕੋਣ ਤੋਂ ਸਭਿਆਚਾਰ ਨੂੰ ਪਰਿਭਾਸ਼ਿਤ ਨਹੀਂ ਕੀਤਾ ਗਿਆ, ਪਰੰਤੂ ਅਧਿਐਨ ਵਿਚ ਵਿਯੋਗਾਤਮਕ ਤਰੀਕਾ ਪੱਛਮ ਦੀ ਦੇਣ ਹੋਣ ਕਰਕੇ ਅਧਿਐਨ ਪ੍ਰਣਾਲੀਆਂ ਵਿਚ 'ਵਿਸ਼ੇਸ਼ਗਤਾ' ਦੀ ਪਰੰਪਰਾ ਹੈ। ਪੁਰਾਤਨ ਕਾਲ ਤੋਂ ਪੂਰਬੀ ਜਾਂ ਭਾਰਤੀ ਪਰੰਪਰਾ ਵਿਚ ਅਧਿਐਨ ਨੂੰ ਸੰਯੋਗਾਤਮਕ ਤਰੀਕੇ ਨਾਲ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਸੌਖੇ ਤਰੀਕੇ ਨਾਲ ਸਮਝਣਾ ਹੋਵੇ ਤਾਂ ਮਧਕਾਲੀ ਭਾਸ਼ਾ ਦੀ ਉਦਾਹਰਨ ਲਈ ਜਾ ਸਕਦੀ ਹੈ।

ਪੱਛਮੀ ਅਧਿਐਨ ਪਰੰਪਰਾ ਨੇ ਸਭਿਆਚਾਰ ਅਧਿਐਨ ਦੇ ਛੇ ਮਾਡਲ ਜਾਂ ਸਿਧਾਂਤ ਦਿੱਤੇ ਹਨ, ਇਹ ਹੇਠ ਲਿਖੇ ਹਨ:

1. "ਉਪਯੋਗਤਾਵਾਦੀ ਮਾਡਲ
2. ਸੰਸਕ੍ਰਿਤੀਵਾਦੀ ਮਾਡਲ
3. ਮਾਰਕਸਵਾਦੀ ਮਾਡਲ
4. ਸੰਰਚਨਾਵਾਦੀ ਮਾਡਲ
5. ਨਾਰੀਵਾਦੀ ਮਾਡਲ
6. ਉੱਤਰ ਸੰਰਚਨਾਵਾਦੀ ਮਾਡਲ"[1]

ਇਹ ਮਾਡਲ ਜਾਂ ਸਿਧਾਂਤ ਵੱਖ-ਵੱਖ ਅਨੁਸ਼ਾਸ਼ਨਾਂ ਤੋਂ ਆ ਕੇ ਸਮਾਜ ਵਿਗਿਆਨਾਂ ਨੂੰ ਆਪਣੇ ਅਧਿਐਨ ਦੇ ਕਲਾਵੇ ਵਿਚ ਲੈਂਦੇ ਹਨ। ਉਪਯੋਗਤਾਵਾਦ ਦੇ ਅਰਥਾਂ ਦੀ ਗੱਲ ਕਰਦਿਆਂ ਉਸ ਪ੍ਰਤੀ ਅਜਿਹਾ ਨਜ਼ਰੀਆ ਅਪਣਾਇਆ ਜਾਂਦਾ ਹੈ।

ਉਪਯੋਗਤਾਵਾਦ ਦਾ ਸਿਧਾਂਤ ਸਭਿਆਚਾਰ ਦਾ ਇਕ ਰੇਖਕੀ ਸਿਧਾਂਤ ਹੈ। ਇਸ ਅਨੁਸਾਰ ਆਪਣੀ ਖੁਸ਼ੀ ਲਈ ਮਨੁੱਖ ਕਿਸੇ ਵੀ ਸਮਾਜਕ ਮੁੱਲ ਨੂੰ ਦਰ-ਕਿਨਾਰ ਕਰ ਸਕਦਾ ਹੈ।

ਦੂਜਾ ਸਭਿਆਚਾਰ ਅਧਿਐਨ ਦਾ ਮਾਡਲ ਸੰਸਕ੍ਰਿਤੀਵਾਦ ਹੈ। ਇਹ ਉਪਯੋਗਤਾਵਾਦ ਦੇ ਪ੍ਰਤਿਉਤਰ ਵਜੋਂ ਹੋਂਦ ਵਿਚ ਆਇਆ। ਸਮਾਜ ਸ਼ਾਸਤਰੀ ਦ੍ਰਿਸ਼ਟੀ ਤੋਂ ਭਾਰਤ ਵਿਚ ਪ੍ਰੋ. ਐਮ.ਐਨ. ਸਿਰੀਨਿਵਾਸ ਨੇ 1952 ਵਿਚ ਇਸ ਸਿਧਾਂਤ ਦੀ ਵਿਆਖਿਆ ਕੀਤੀ। ਉਨ੍ਹਾਂ ਦੀ ਪੁਸਤਕ ਇਸ ਅਧਾਰ 'ਤੇ ਲਿਖੀ ਗਈ। ਭਾਰਤੀ ਹਿੰਦੂ ਸਮਾਜ ਦੀ ਜਾਤ-ਪ੍ਰਣਾਲੀ ਦੀ ਹੋਂਦ ਕਰਕੇ ਇਹ ਮਾਡਲ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਦੂਜਿ ਭਾਵ ਬ੍ਰਾਹਮਣ ਅਤੇ ਖੱਤਰੀ ਆਦਿ ਨਾਲ ਬਿਨਾਂ ਕਿਸੇ ਝਿਜਕ ਦੇ ਮਿਲਕੇ ਬੈਠਣ ਦੀ ਅਜਾਦੀ ਦਿੰਦਾ ਹੈ। ਇਤਿਹਾਸ ਫਰੋਲਿਆਂ ਇਸ ਸਿਧਾਂਤ ਦੇ ਬੀਜ 'ਭਾਰਤ ਵਿਚ ਉਨੀਂਵੀਂ ਸਦੀ ਵਿਚ ਚੱਲੀਆਂ ਧਾਰਮਕ ਅਤੇ ਸਮਾਜਕ ਲਹਿਰਾਂ ਵਿਚ ਨਜ਼ਰ ਆਉਂਦੇ ਹਨ। ਇਨ੍ਹਾਂ ਲਹਿਰਾਂ ਵਿਚ ਬ੍ਰਹਮੋ ਸਮਾਜ, ਰਾਮਕ੍ਰਿਸ਼ਨ ਮਿਸ਼ਨ ਪ੍ਰਮੁੱਖ ਸਨ। ਇਨ੍ਹਾਂ ਲਹਿਰਾਂ ਦੇ ਬਾਨੀਆਂ ਨੇ ਕਿਸੇ ਨਾ ਕਿਸੇ ਰੂਪ ਵਿਚ ਛੂਤ-ਛਾਤ ਅਤੇ ਜਾਤ-ਪਾਤ ਦੀ ਨਿਖੇਧੀ ਕੀਤੀ। ਇਸਾਈ ਮਿਸ਼ਨਰੀ ਅਤੇ ਸਿੰਘ ਸਭਾ ਲਹਿਰ ਦੇ ਮੁਕਾਬਲੇ ਆਰੀਆ ਸਮਾਜ ਵਲੋਂ 'ਸ਼ੁੱਧੀ ਦੀ ਲਹਿਰ' ਚਲਾਈ ਗਈ। ਇਸ ਦਾ ਮੁੱਖ ਮਕਸਦ ਇਸਾਈ, ਮੁਸਲਮਾਨ ਅਤੇ ਸਿੱਖ ਬਣੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਹਿੰਦੂ ਧਰਮ ਵਿਚ ਵਾਪਿਸ ਲਿਆਉਣਾ ਸੀ।'[2] ਸੰਸਕ੍ਰਿਤੀਵਾਦ ਨੇ ਹੇਠ ਲਿਖੇ ਮਾਡਲ ਦਿੱਤੇ:

1. "ਸਭਿਆਚਾਰਕ ਮਾਡਲ

2. ਵਰਨ ਮਾਡਲ
3. ਲੋਕਲ ਮਾਡਲ"3

ਸਭਿਆਚਾਰ ਅਧਿਐਨ ਮਾਡਲਾਂ ਵਿਚ ਤੀਜੀ ਵਾਰੀ ਮਾਰਕਸਵਾਦ ਦੀ ਆਉਂਦੀ ਹੈ। ਸਭਿਆਚਾਰਕ ਅਧਿਐਨ ਵਿਚ ਇਸ ਸਿਧਾਂਤ ਦੀ ਦੇਣ ਇਹ ਮੰਨੀ ਜਾਂਦੀ ਹੈ ਕਿ ਇਹ ਜੀਵਨ ਨੂੰ ਚੇਤਨਾ ਦੁਆਰਾ ਨਹੀਂ ਚੇਤਨਾ ਨੂੰ ਜੀਵਨ ਦੁਆਰਾ ਨਿਰਧਾਰਿਤ ਕੀਤੇ ਜਾਣਾ ਮੰਨਦਾ ਹੈ। ਸਮਾਜੀ ਵਰਗ ਵੰਡ ਜਿਸ ਪਿੱਛੇ ਆਰਥਕ ਪਾੜੇ ਛਿਪੇ ਹੁੰਦੇ ਹਨ, ਇਹ ਇਸ ਦਾ ਬੁਨਿਆਦੀ ਲੱਛਣ ਹੈ। ਇਸ ਅਨੁਸਾਰ ਸੱਤਾਧਾਰੀ ਵਰਗ ਦੇ ਵਿਚਾਰ ਹੁਕਮਰਾਨ ਹੁੰਦੇ ਹਨ, ਜਿਸ ਦਾ ਵਿਰੋਧ ਪ੍ਰੋਲਤਾਰੀ ਜਮਾਤਾਂ ਕਰਦੀਆਂ ਹਨ। ਮਾਰਕਸੀ ਵਿਚਾਰਕ ਸਭਿਆਚਾਰ ਨੂੰ ਯਥਾਰਥ ਦੁਆਰਾ ਨਿਰਧਾਰਤ ਵਿਆਖਿਆ ਮੰਨਦੇ ਹਨ। 'ਮਾਰਕਸਵਾਦੀ ਵਿਚਾਰਾਧਾਰਾ ਦੇ ਇਤਿਹਾਸ ਵਿਚ ਬਰਤਾਨਵੀ ਕਮਿਊਨਿਸਟ ਮਾਰਕਸਵਾਦ, ਸੰਰਚਨਾਵਾਦੀ ਮਾਰਕਸਵਾਦ ਅਤੇ ਸਾਂਸਕ੍ਰਿਤਕ ਪਦਾਰਥਵਾਦ ਆਦਿ ਨੇ ਆਪਣਾ ਯੋਗਦਾਨ ਪਾਇਆ ਹੈ।'4 ਉਸਨੇ ਸਭਿਆਚਾਰ ਦੇ ਅਧਿਐਨ ਨੂੰ ਪਦਾਰਥਵਾਦੀ ਨਜ਼ਰੀਏ ਤੋਂ ਦੇਖਣ ਵੱਲ ਵਿਦਵਾਨਾਂ ਨੂੰ ਰੁਚਿਤ ਕੀਤਾ।

ਚੌਥਾ ਸਭਿਆਚਾਰਕ ਮਾਡਲ ਸੰਰਚਨਾਵਾਦੀ ਮਾਡਲ ਹੈ ਜਿਹੜਾ ਮਾਨਵੀ-ਸੰਸਕ੍ਰਿਤੀ ਦੀਆਂ ਸੰਰਚਨਾਵਾਂ ਨੂੰ ਆਪਣੇ ਅਧਿਐਨ ਵਿਚ ਸ਼ਾਮਿਲ ਕਰਦਾ ਹੈ। 'ਸੰਰਚਨਾਵਾਦ ਮੂਲ ਰੂਪ ਵਿਚ ਯਥਾਰਥ-ਬੋਧ ਦਾ ਸਿਧਾਂਤ ਹੈ, ਅਰਥਾਤ ਯਥਾਰਥ ਜਾਂ ਵਿਸ਼ਵ ਸਾਡੀ ਚੇਤਨਤਾ ਅਤੇ ਬੋਧ ਦਾ ਹਿੱਸਾ ਕਿਸ ਪ੍ਰਕਾਰ ਬਣਦੇ ਹਨ, ਅਸੀਂ ਵਸਤੂਆਂ ਦੇ ਸੱਚ ਨੂੰ ਕਿਵੇਂ ਗ੍ਰਹਿਣ ਕਰਦੇ ਹਾਂ ਜਾਂ ਅਰਥਾਂ ਦਾ ਉਤਪਾਦਨ ਕਿਹੜੇ ਅਧਾਰਾਂ ਉੱਤੇ ਟਿਕਿਆ ਹੈ ਅਤੇ ਅਰਥ ਉਤਪਤੀ ਦੀ ਪ੍ਰਕਿਰਿਆ ਕਿਵੇਂ ਜਾਰੀ ਰਹਿੰਦੀ ਹੈ।'5

'ਸਭਿਆਚਾਰ ਵਿਚ ਅਮੂਰਤ ਸੰਬੰਧਾਂ ਦੀ ਸੰਰਚਨਾ ਦਾ ਅਧਿਐਨ ਸੰਰਚਨਾਵਾਦ ਦੇ ਘੇਰੇ ਵਿਚ ਸ਼ਾਮਿਲ ਹੈ। ਇਹ ਇਤਿਹਾਸ ਦੇ ਮੁਕਾਬਲੇ ਵਿਗਿਆਨ, ਮਾਨਵ ਦੇ ਮੁਕਾਬਲੇ ਵਸਤੂ, ਪ੍ਰਤੀਕ ਦੇ ਮੁਕਾਬਲੇ ਚਿਹਨ ਭਾਸ਼ਾ ਨੂੰ ਪੇਸ਼ ਕਰਦਾ ਹੈ। ਇਤਿਹਾਸਕ ਮਾਡਲ ਦੀ ਬਜਾਏ ਸਿਸਟਮ-ਮਾਡਲ ਨੂੰ ਪੇਸ਼ ਕਰਨ ਵਾਲਾ ਚਿੰਤਨ ਸੰਰਚਨਾਵਾਦ ਦੀ ਦੇਣ ਹੈ।'6

ਸਭਿਆਚਾਰ ਅਧਿਐਨ ਦਾ ਇਕ ਮਾਡਲ ਨਾਰੀਵਾਦ ਨੇ ਦਿੱਤਾ ਹੈ । ਇਹ ਵਿਚਾਰਧਾਰਾ ਸਮਾਜ ਵਿਚ ਔਰਤ ਦੇ ਰੁਤਬੇ ਬਾਰੇ ਚਿੰਤਤ ਹੈ। ਵਿਸ਼ਵ ਪੱਧਰ 'ਤੇ ਔਰਤ ਨੂੰ ਆਦਮੀ ਨੇ ਉਸਦਾ ਬਣਦਾ ਰੁਤਬਾ ਨਹੀਂ ਦਿੱਤਾ। ਉਸ ਨੂੰ ਹਮੇਸ਼ਾ ਮਰਦ ਦੇ ਅਧੀਨ ਹੀ ਰਹਿਣਾ ਪਿਆ, 'ਇਹ ਵਾਦ ਅੰਗਰੇਜ਼ੀ ਦੇ ਤੋਂ ਪੰਜਾਬੀ ਵਿਚ 'ਨਾਰੀਵਾਦ' ਵਜੋਂ ਉਲਥਾਇਆ ਗਿਆ ਹੈ। ਅੰਗਰੇਜ਼ੀ ਵਿਚ ਇਹ ਸ਼ਬਦ ਫਰੈਂਚ ਭਾਸ਼ਾ ਤੋਂ ਆਇਆ ਹੈ ।'7

ਇਹ ਇਕ ਅੰਦੋਲਨ ਦੇ ਰੂਪ ਵਿਚ ਪੈਦਾ ਹੋਇਆ ਅਤੇ 'ਵਾਦ' ਵਜੋਂ ਵਿਕਸਿਤ ਹੋਇਆ, ਇਸ ਨੂੰ ਮੈਰੀ ਵੂਲਸਟੋਨ ਕਰਾਫਟ ਨੇ 1772 ਈ. ਵਿਚ ਸ਼ੁਰੂ ਕੀਤਾ। 'ਜੌਨ ਸਟੂਅਰਟ ਮਿਲ ਨੇ ਆਪਣੇ ਲੇਖ ਨਾਲ ਔਰਤਾਂ ਦੇ ਹੱਕ ਵਿਚ ਆਵਾਜ ਉਠਾਈ। ਇਸ ਨੂੰ ਔਰਤਾਂ ਦੀ ਬਾਈਬਲ ਆਖਿਆ ਜਾਂਦਾ ਹੈ।'8 ਇਸ ਤੋਂ ਬਾਅਦ ਪੱਛਮ ਵਿਚ ਔਰਤ ਦੇ ਹੱਕ ਵਿਚ ਸੰਘਰਸ਼ ਹੋਇਆ। ਲੰਮੀ ਲੜਾਈ ਤੋਂ ਬਾਅਦ ਉਸ ਨੂੰ ਮਰਦ ਦੀ ਬਰਾਬਰੀ ਦਾ ਅਧਿਕਾਰ ਮਿਲ ਗਿਆ ਅਤੇ ਬਹੁਤ ਸਾਰੇ ਦੇਸ਼ਾਂ ਵਿਚ ਇਹ ਜਦੋ-ਜਹਿਦ ਹਾਲੇ ਵੀ ਜਾਰੀ ਹੈ। ਇਸ ਦਾ ਸਿਧਾਂਤਕ ਮਾਡਲ ਉਸਾਰਨ ਵਿਚ ਵਰਜੀਨੀਆ ਵੂਲਫ, ਸਿਮੋਨ ਦਾ ਬੋਅਵਾਰ, ਕੇਟ ਮਿਲਿੱਟ, ਇਲੈਨ ਸ਼ੋਵਾਲਟਰ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ।

ਉਪਰੋਕਤ ਮਾਡਲਾਂ ਤੋਂ ਇਲਾਵਾ ਸਾਹਿਤ ਅਧਿਐਨ ਨਾਲ ਸੰਬੰਧਤ ਪ੍ਰਣਾਲੀਆਂ ਦੀ ਵੀ ਸਭਿਆਚਾਰ ਅਧਿਐਨ ਵਿਚ ਬਹੁਤ ਜਿਆਦਾ ਸਮੂਲੀਅਤ ਹੈ। ਸਭਿਆਚਾਰ ਦਾ ਸਾਹਿਤ ਨਾਲ ਬਹੁਤ ਗੂੜ੍ਹਾ ਰਿਸ਼ਤਾ ਹੋਣ ਕਰਕੇ ਸਾਹਿਤ ਅਧਿਐਨ ਪ੍ਰਣਾਲੀਆਂ ਨਾਲ ਜੁੜੇ ਅਨੁਸ਼ਾਸ਼ਨ ਜਿਵੇਂ ਕਾਵਿ ਸਮੀਖਿਆ, ਆਲੋਚਨਾ, ਰੂਪਵਾਦ, ਭਾਸ਼ਾ ਵਿਗਿਆਨ, ਚਿੰਨ੍ਹ ਵਿਗਿਆਨ, ਥੀਮ ਵਿਗਿਆਨ, ਮਿਥ ਅਧਿਐਨ ਆਦਿ ਵੀ ਸਭਿਆਚਾਰ ਅਧਿਐਨ ਦੇ ਮਾਡਲ ਪੇਸ਼ ਕਰਦੇ ਹਨ।

**ਹਵਾਲੇ ਟਿੱਪਣੀਆਂ**


**1. ਗੁਰਚਰਨ ਸਿੰਘ ਅਰਸ਼ੀ, ਸਭਿਆਚਾਰ-ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਪੰਨੇ 6-14**

**2. ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ ਪੰਜਾਬ (ਸਨ 1849-1960 ਈ.), ਡਾ. ਗੰਡਾ ਸਿੰਘ, (ਸੰਪਾ.), ਪੰਨੇ 152-53**

3. Shuani, 'Sanskritization : Meaning, Characteristics, Models and Effects', http://www.yourarticlelibrary.com/47756

**4. ਡਾ. ਗੁਰਚਰਨ ਸਿੰਘ ਅਰਸ਼ੀ, ਸਭਿਆਚਾਰ-ਵਿਗਿਆਨ ਅਤੇ ਪੰਜਾਬੀ ਸਭਿਆਚਾਰ, ਪੰਨਾ 8**

**5. ਉਹੀ, ਪੰਨੇ 10-11**

**6. ਗੋਪੀਚੰਦ ਨਾਰੰਗ, ਸੰਰਚਨਾਵਾਦ ਉੱਤਰ=ਸੰਰਚਨਾਵਾਦ ਅਤੇ ਪੂਰਬੀ ਕਾਵਿ-ਸ਼ਾਸਤਰ, (ਅਨੁ.) ਜਗਬੀਰ ਸਿੰਘ, ਪੰਨਾ 37**

**7. ਹਰਿਭਜਨ ਸਿੰਘ, ਰਚਨਾ ਸੰਰਚਨਾ, ਪੰਨਾ 48**

**8. ਡਾ. ਬਲਵਿੰਦਰ ਕੌਰ ਬਰਾੜ, ਨਾਰੀਵਾਦ : ਸਿਧਾਂਤ, ਚਿੰਤਨ ਅਤੇ ਵਿਹਾਰ, ਪੰਨਾ 14**



**ਸ਼ਹੀਦ ਭਗਤ ਸਿੰਘ ਨਗਰ, ਬਰਨਾਲਾ**

# ਵਰਿਆਮ ਮਸਤ ਦੀਆਂ ਨਾਟ-ਜੁਗਤਾਂ / ਲਖਵਿੰਦਰ ਕੌਰ

ਵਰਿਆਮ ਮਸਤ ਚੌਥੀ ਪੀੜ੍ਹੀ ਦਾ ਇਕ ਮਹੱਤਵਪੂਰਨ ਅਤੇ ਵਿਲੱਖਣ ਸੋਚਵਾਲਾ ਨਾਟਕਕਾਰ ਹੈ। ਵਰਿਆਮ ਮਸਤ ਦਾ ਨਾਂ ਪੰਜਾਬੀ ਨਾਟ ਜਗਤ ਵਿੱਚ ਕਿਸੇ ਰਸਮੀ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਉਸ ਦਾ ਨਾਮ ਪੰਜਾਬੀ ਨਾਟ ਜਗਤ ਦੀ ਚੌਥੀ ਪੀੜ੍ਹੀ ਵਿਚ ਬੜੇ ਮਾਨ ਸਨਮਾਨ ਨਾਲ ਲਿਆ ਜਾਂਦਾ ਹੈ। ਵਰਿਆਮ ਮਸਤ ਨੇ ਹੁਣ ਤੱਕ ਗਿਆਰਾਂ ਨਾਟਕ 'ਸੱਥ ਵਿੱਚ ਪੱਤ ਰੁਲ ਗਈ', 'ਨਾਟਕ ਬਾਕੀ ਹੈ', 'ਦੇਖ ਤਮਾਸ਼ਾ ਪੁਤਲੀ ਦਾ', 'ਸ਼ੇਖ ਚਿੱਲੀ ਦੀ ਮੈਨਾ', 'ਰਿਸ਼ਤੇ', 'ਵਿਹੜੇ ਦੀ ਮਹਿਕ', 'ਕੁੰਡਲੀ', 'ਘਰਲੀ', 'ਉਡਾਰੀ', 'ਭਬੱਕਾ' ਅਤੇ 'ਅੱਜ ਦੀ ਸਾਹਿਬਾਂ' ਪ੍ਰਕਾਸ਼ਿਤ ਹੋ ਕੇ ਪਾਠਕਾਂ/ਦਰਸ਼ਕਾਂ ਅਤੇ ਆਲੋਚਕਾਂ ਦੇ ਰੂ-ਬ-ਰੂ ਹੋ ਚੁੱਕੇ ਹਨ। ਕਿਸੇ ਵੀ ਨਾਟਕੀ ਰਚਨਾ ਨੂੰ ਸਹਿਤਕ ਕਸਵੱਟੀ ਉੱਤੇ ਪਰਖਣ ਲਈ ਬਿਰਤਾਂਤਿਕ ਜੁਗਤਾਂ, ਪਾਤਰ-ਉਸਾਰੀ, ਭਾਸ਼ਾ-ਸ਼ੈਲੀ ਅਤੇ ਵਾਰਤਾਲਾਪ ਆਦਿ ਨਾਟਕੀ ਜੁਗਤਾਂ ਦੀ ਜ਼ਰੂਰਤ ਪੈਂਦੀ ਹੈ।

ਵਰਿਆਮ ਮਸਤ ਦੇ ਨਾਟਕਾਂ ਵਿੱਚ ਪੇਸ਼ ਬਿਰਤਾਂਤਿਕ ਜੁਗਤਾਂ ਬਾਰੇ ਵਰਣਨ ਕਰਨ ਤੋਂ ਪਹਿਲਾਂ ਬਿਰਤਾਂਤ ਬਾਰੇ ਵਿਚਾਰ ਪ੍ਰਗਟ ਕਰਦੇ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ ਕੋਈ ਸਾਹਿਤ ਦਾ ਰੂਪ ਜਾਂ ਰੂਪਾਕਾਰ ਵਜੋਂ ਸਥਾਪਿਤ ਨਹੀਂ ਬਲਕਿ ਇਹ ਅਜਿਹਾ ਪ੍ਰਗਟਾਅ ਦਾ ਮਾਧਿਅਮ ਹੈ ਜੋ ਸਾਹਿਤ ਦੇ ਵੱਖ-ਵੱਖ ਰੂਪਾਂ ਅਤੇ ਰੂਪਾਕਾਰਾਂ ਵਿੱਚ ਵਿਦਮਾਨ ਹੁੰਦਾ ਹੈ। ਬਿਰਤਾਂਤ ਵਿੱਚ ਦੋ ਜਾਂ ਦੋ ਤੋਂ ਵੱਧ ਘਟਨਾਵਾਂ ਹੁੰਦੀਆਂ ਹਨ। ਪਰ ਦੋ ਘਟਨਾਵਾਂ ਤੋਂ ਬਿਨ੍ਹਾਂ ਬਿਰਤਾਂਤ ਸੰਭਵ ਨਹੀਂ ਹੈ। "ਜਿਵੇਂ ਮੀਂਹ ਅਤੇ ਹਨ੍ਹੇਰੀ ਨੇ ਕਣਕਾਂ ਤਬਾਹ ਕਰ ਦਿੱਤੀਆਂ, ਇਕ ਬਿਰਤਾਂਤ ਹੈ ਪਰ ਗੁਲਾਬ ਦਾ ਫੁੱਲ ਲਾਲ ਹੁੰਦਾ ਹੈ, ਬਿਰਤਾਂਤ ਨਹੀਂ ਹੈ।"1 ਵਰਿਆਮ ਮਸਤ ਨੇ ਆਪਣੇ ਨਾਟਕਾਂ ਵਿੱਚ ਬਿਰਤਾਂਤਿਕ ਜੁਗਤਾਂ ਦੀ ਪੇਸ਼ਕਾਰੀ ਸਮੇਂ ਆਰੰਭ ਵਿੱਚ ਉਤਸੁਕਤਾ ਦੀ ਜੁਗਤ ਵਰਤਦਾ ਹੈ। ਇਸ ਵਿੱਚ ਨਾਟਕੀ ਕਹਾਣੀ ਵਿੱਚ ਅੱਗੇ ਕੀ ਹੋਵੇਗਾ, ਇਸ ਨੂੰ ਜਾਣਨ ਦੀ ਤੀਬਰ ਇੱਛਾ ਬਣੀ ਰਹਿੰਦੀ ਹੈ। ਵਰਿਆਮ ਮਸਤ ਦੇ ਨਾਟਕਾਂ ਵਿੱਚ ਟੱਕਰ ਨੂੰ ਬਹੁਤ ਹੀ ਪ੍ਰਭਾਵਪੂਰਨ ਤਰੀਕੇ ਦੁਆਰਾ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਟਕ 'ਦੇਖ ਤਮਾਸ਼ਾ ਪੁਤਲੀ ਦਾ' ਵਿੱਚ ਟੱਕਰ ਆਮ ਜਨਤਾ ਅਤੇ ਸਰਕਾਰੀ ਪ੍ਰਸ਼ਾਸ਼ਨ ਖਿਲਾਫ਼ ਹੈ। 'ਸੱਥ ਵਿੱਚ ਪੱਤ ਰੁਲ ਗਈ' ਨਾਟਕ ਵਿੱਚ ਮੁੱਖ ਟਕਰਾਅ ਪਿੰਡ ਦੇ ਲੋਕਾਂ, ਮੰਤਰੀ ਅਤੇ ਸਰਕਾਰ ਵਿਚਕਾਰ ਹੈ। ਇਸ ਤਰ੍ਹਾਂ ਉਸ ਦੇ ਨਾਟਕ 'ਉਡਾਰੀ', 'ਕੁੰਡਲੀ' ਅਤੇ 'ਅੱਜ ਦੀ ਸਾਹਿਬਾਂ' ਵਿੱਚ ਟੱਕਰ ਦੀ ਜੁਗਤ ਨੂੰ ਪ੍ਰਭਾਵਸ਼ਾਲੀ ਤਰੀਕੇ ਦੁਆਰਾ ਵਰਤਿਆ ਹੈ। ਵਰਿਆਮ ਮਸਤ ਨੇ ਆਪਣੇ ਨਾਟਕਾਂ ਵਿੱਚ ਸੂਤਰਧਾਰ ਅਤੇ ਕੋਰਸ ਨੂੰ ਵੀ ਇੱਕ ਬਿਰਤਾਂਤਿਕ ਜੁਗਤ ਵਜੋਂ ਪੇਸ਼ ਕੀਤਾ ਹੈ। ਸੰਸਕ੍ਰਿਤ ਨਾਟ ਸ਼ੈਲੀ ਦੇ ਪ੍ਰਭਾਵ ਦੁਆਰਾ ਵਰਿਆਮ ਮਸਤ ਨੇ ਸੂਤਰਧਾਰ ਦੀ ਵਿਧੀ ਨੂੰ ਆਪਣੇ ਕੁੱਝ ਨਾਟਕਾਂ ਵਿੱਚ ਵਰਤਿਆ ਹੈ। ਸੂਤਰਧਾਰ ਨਾਟਕ ਵਿੱਚ ਅਜਿਹੀ ਕੜੀ ਹੁੰਦੀ ਹੈ ਜੋ ਲੇਖਕ, ਅਦਾਕਾਰ ਅਤੇ ਦਰਸ਼ਕਾਂ ਵਿਚਕਾਰ ਪੁਲ ਦਾ ਕੰਮ ਕਰਦੀ ਹੈ। ਨਾਟਕ 'ਦੇਖ ਤਮਾਸ਼ਾ ਪੁਤਲੀ ਦਾ' ਵਿੱਚ ਸੂਤਰਧਾਰ ਦੁਆਰਾ ਬੇਗੋ ਦੇ ਦੁਖਾਂਤ ਬਾਰੇ ਦਰਸ਼ਕਾਂ ਨੂੰ ਸੰਬੋਧਿਤ ਹੁੰਦੇ ਕਿਹਾ ਕਿ:

"ਸੂਤਰਧਾਰ-ਸੁਣੋ ਲੋਕੋ ਕੀ ਤੁਹਾਡੇ ਕੋਲ ਕੋਈ ਸਿਫਾਰਸ ਹੈ ਇਸ ਔਰਤ ਲਈ ਤੁਹਾਡੇ ਤੇ ਇਸ ਦੇ ਝੂਠੇ ਹੰਝੂਆਂ ਦਾ ਕੋਈ ਅਸਰ ਤੇ ਨਹੀਂ ਹੋ ਰਿਆ? ਤੁਸੀਂ ਕਿਤੇ ਜ਼ਜ਼ਬਾਤੀ ਤਾਂ ਨਹੀਂ ਹੋ ਰਹੇ? ਦਰਸ਼ਕੋ, ਆਪਣੇ ਮਨਾਂ ਨੂੰ ਟਟੋਲੋ? ਤੇ ਆਪਣੀਆਂ-ਆਪਣੀਆਂ ਬਿਰਤੀਆਂ ਜੋੜ ਲਵੋ?"2

ਵਰਿਆਮ ਮਸਤ ਨੇ ਆਪਣੇ ਨਾਟਕਾਂ ਵਿੱਚ ਫਲੈਸ਼ ਬੈਕ ਦੀ ਜੁਗਤ ਨੂੰ ਵੀ ਨਾਟਕੀ ਬਿਰਤਾਂਤ ਵਿੱਚ ਬਾਖੂਬੀ ਵਰਤਿਆ ਹੈ। ਇਸ ਜੁਗਤ ਦੁਆਰਾ ਭੂਤਕਾਲ ਅਤੇ ਵਰਤਮਾਨ ਦੇ ਦ੍ਰਿਸ਼ ਨਾਲ-ਨਾਲ ਚੱਲਦੇ ਹਨ। ਵਰਿਆਮ ਮਸਤ ਦੇ ਨਾਟਕ 'ਉਡਾਰੀ' ਅਤੇ 'ਅੱਜ ਦੀ ਸਾਹਿਬਾਂ' ਨਾਟਕਾਂ ਦੀ ਸਾਰੀ ਕਹਾਣੀ ਫਲੈਸ਼ ਬੈਕ ਦੀ ਜੁਗਤ ਦੇ ਸਹਾਰੇ ਉਸਰਦੀ ਹੈ। ਵਰਿਆਮ ਮਸਤ ਦੇ ਨਾਟਕਾਂ ਵਿੱਚ ਮਨਬਚਨੀ ਦੀ ਜੁਗਤ ਨੂੰ ਵੀ ਬਾਖੂਬੀ ਪ੍ਰਗਟਾਇਆ ਗਿਆ ਹੈ। ਜਦੋਂ ਕਿਸੇ ਪਾਤਰ ਦੁਆਰਾ ਆਪਣੇ ਆਪ ਨਾਲ ਹੀ ਗੱਲਾਂ ਕੀਤੀਆਂ ਜਾਣ ਤਾਂ ਅਜਿਹੀ ਅਵਸਥਾ ਨੂੰ ਮਨਬਚਨੀ ਕਿਹਾ ਜਾਂਦਾ ਹੈ। ਵਰਿਆਮ ਮਸਤ ਦੁਆਰਾ ਆਪਣੇ ਨਾਟਕਾਂ 'ਰਿਸ਼ਤੇ' ਅਤੇ 'ਅੱਜ ਦੀ ਸਾਹਿਬਾਂ' ਵਿੱਚ ਮਨਬਚਨੀ ਦੀ ਜੁਗਤ ਨੂੰ ਕਲਾਤਮਿਕ ਢੰਗ ਨਾਲ ਪ੍ਰਗਟਾਇਆ ਗਿਆ ਹੈ। 'ਅੱਜ ਦੀ ਸਾਹਿਬਾਂ' ਨਾਟਕ ਵਿੱਚ ਸੂਰਜ ਅਤੇ ਜੋਤੀ ਮਨਬਚਨੀ ਦੀ ਜੁਗਤ ਦੁਆਰਾ ਪਾਠਕਾਂ/ਦਰਸ਼ਕਾਂ ਸਾਹਮਣੇ ਆਪਣੇ ਪ੍ਰੇਮ ਸੰਬੰਧ ਪ੍ਰਗਟਾਉਂਦੇ ਹਨ। ਵਰਿਆਮ ਮਸਤ ਦੁਆਰਾ ਆਪਣੇ ਨਾਟਕਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਜੁਗਤ ਨੂੰ ਵੀ ਕਲਾਮਈ ਤਰੀਕੇ ਨਾਲ ਪ੍ਰਗਟ ਕੀਤਾ ਗਿਆ ਹੈ। ਜਿਵੇਂ 'ਅੱਜ ਦੀ ਸਾਹਿਬਾਂ' ਨਾਟਕ ਵਿੱਚ ਕਈ ਤਰ੍ਹਾਂ ਦੇ ਪ੍ਰਤੀਕ ਵਰਤੇ ਗਏ ਹਨ। ਜਿਵੇਂ:

"ਸਾਰੇ ਮੰਚ ਤੋਂ ਬਾਹਰ ਜਾਂਦੇ ਨੇ ਅਸਮਾਨ ਵਿਚ ਬਿਜਲੀ ਕੜਕਦੀ ਹੈ ਤੇ ਝਨਾਅ ਦਰਿਆ ਦਾ ਪਾਣੀ ਠਾਠਾਂ ਮਾਰਦਾ ਹੈ। ਉੱਲੂ ਬੋਲਦੇ ਨੇ। ਪਿੰਡ ਦੇ ਕੁੱਤੇ ਭੌਂਕਦੇ ਨੇ, ਘੋੜੀਆਂ ਹਿਣਕਦੀਆਂ ਨੇ।"3

ਇਸ ਤੋਂ ਬਿਨਾਂ ਵਰਿਆਮ ਮਸਤ ਨੇ ਆਪਣੇ ਨਾਟਕਾਂ ਵਿੱਚ ਲੋਕਧਾਰਾਈ ਅੰਸ਼ਾਂ ਦੀ ਜੁਗਤ, ਸਥਿਤੀਆਂ ਨੂੰ

ਉਲਟਾਉਣ ਦੀ ਜੁਗਤ ਅਤੇ ਮਨ ਅੰਦਰਲੇ ਦਵੰਦਾਂ ਦੀ ਪੇਸ਼ਕਾਰੀ ਦੀ ਜੁਗਤ ਨੂੰ ਵੀ ਢੁੱਕਵੇਂ ਰੂਪ ਵਿੱਚ ਵਰਤਿਆ ਹੈ।

ਵਰਿਆਮ ਮਸਤ ਆਪਣੇ ਨਾਟਕਾਂ ਦੀ ਗੋਂਦ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਗੋਂਦ ਵਿਚਕਾਰਲੇ ਪਾਤਰਾਂ ਦੇ ਸੁਭਾਅ ਅਤੇ ਉਹਨਾਂ ਦੀ ਪੇਸ਼ਕਾਰੀ ਵੱਲ ਵੀ ਬਹੁਤ ਨਜ਼ਰ ਰੱਖਦਾ ਹੈ। ਵਰਿਆਮ ਮਸਤ ਦੇ ਨਾਟਕਾਂ ਦੇ ਜ਼ਿਆਦਾਤਰ ਮੁੱਖ ਪਾਤਰ ਨਾਟਕ ਦੀ ਕੇਂਦਰੀ ਸਥਿਤੀ ਅਤੇ ਸਥਿਤੀ ਵਿਚੋਂ ਪੇਸ਼ ਹੋਣ ਵਾਲੀਆਂ ਸਮੱਸਿਆਵਾਂ ਦੇ ਸਿਰਜਕ ਅਤੇ ਭੋਗਣ ਵਾਲੇ ਹੁੰਦੇ ਹਨ। ਇਹਨਾਂ ਪਾਤਰਾਂ ਦਾ ਸੁਭਾਅ ਜਾਂ ਇਹਨਾਂ ਦੇ ਹਿੱਤਾਂ ਦਾ ਆਪਸੀ ਟਕਰਾਓ ਸਮੁੱਚੇ ਨਾਟਕੀ ਕਾਰਜ ਨੂੰ ਗਤੀ ਪ੍ਰਦਾਨ ਕਰਦਾ ਹੈ। ਵਰਿਆਮ ਮਸਤ ਨੇ ਆਪਣੇ ਨਾਟਕਾਂ ਵਿੱਚ ਪ੍ਰਤੀਕਾਤਮਕ ਪਾਤਰਾਂ ਦੀ ਪਾਤਰ-ਉਸਾਰੀ ਵੀ ਕੀਤੀ ਹੈ। 'ਅੱਜ ਦੀ ਸਾਹਿਬਾਂ' ਨਾਟਕ ਵਿੱਚ ਜੋਤੀ ਅਤੇ ਸੂਰਜ ਦੇ ਬਦਲ ਵਜੋਂ ਨਵਜੀਵਨ ਅਤੇ ਨਵਕਿਰਨ ਦੀ ਹੋਂਦ ਨਾਟਕ ਵਿੱਚ ਪ੍ਰਤੀਕਤਾਮਕ ਪਾਤਰ ਦੀ ਹੋਂਦ ਦਰਸਾਉਂਦੀ ਹੈ। ਇਸ ਤੋਂ ਬਿਨਾਂ ਵਰਿਆਮ ਮਸਤ ਦੇ ਸਾਰੇ ਨਾਟਕਾਂ ਦੇ ਪਾਤਰ ਯਥਾਰਥ ਦੇ ਨਜ਼ਦੀਕ ਹੋ ਕੇ ਵਿਚਰਦੇ ਹਨ। 'ਘਰਲੀ' ਨਾਟਕ ਦੇ ਤਿੰਨ ਮੁੱਖ ਪਾਤਰ ਸੰਤੀ, ਜੱਗਾ ਅਤੇ ਮੁੰਡਾ ਅਜਿਹੀਆਂ ਪ੍ਰਸਥਿਤੀਆਂ ਵਿੱਚੋਂ ਲੰਘਦੇ ਹਨ ਕਿ ਪਾਠਕਾਂ/ਦਰਸ਼ਕਾਂ ਨੂੰ ਇਹਨਾਂ ਨਾਲ ਹਮਦਰਦੀ ਹੋ ਜਾਂਦੀ ਹੈ। ਨਾਟਕਕਾਰ ਨੇ ਨਾਟਕਾਂ ਵਿੱਚ ਪਾਤਰ-ਉਸਾਰੀ ਲਈ ਕਾਰਜ-ਵਿਧੀ ਨੂੰ ਵੀ ਅਪਣਾਇਆ ਹੈ। ਨਾਟਕਕਾਰ ਦੁਆਰਾ ਕਾਰਜ ਵਿਧੀ ਰਾਹੀਂ ਪਾਤਰਾਂ ਦੀ ਮਾਨਸਿਕ ਅਵਸਥਾ ਅਤੇ ਉਹਨਾਂ ਦੇ ਕੰਮਾਂ ਬਾਰੇ ਦੱਸਿਆ ਗਿਆ ਹੈ। ਨਾਟਕਕਾਰ 'ਸ਼ੇਖ ਚਿੱਲੀ ਦੀ ਮੈਨਾ' ਵਿੱਚ ਕਾਰਜ ਵਿਧੀ ਨੂੰ ਅਪਣਾਉਂਦਾ ਮੀਰਜ਼ਾਦਾ ਅਤੇ ਸ਼ੇਖ ਚਿੱਲੀ ਦੇ ਮਰਾਸੀ ਕਿੱਤੇ ਪ੍ਰਗਟਾਉਂਦਾ ਹੈ ਕਿ ਉਹ ਲੋਕਾਂ ਸਾਹਮਣੇ ਡੱਫਲੀ ਵਜਾ ਕੇ ਮੰਗ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ:

"ਮੀਰਜ਼ਾਦਾ ਕੁੱਲੀ ਤੇ ਮੂਹਰੇ ਕੱਖ ਰੋਂਵਦਾ। ਸਾਨੂੰ ਤੀਰ ਜੁਦਾਈ ਦਾ ਵੱਜਦਾ ਹੋ, ਉੱਠ ਸ਼ੇਖੂਆਂ ਚੱਲ ਮੰਗਣ ਚੱਲੀਏ, ਐਵੇਂ ਧ੍ਰਿਗੀ ਮੰਜੀ ਕਦੇ ਨਾ ਮੱਲੀਏ। ਵਿਹਲਾ ਬੰਦਾ ਕਦੇ ਨਾ ਰੱਜਦਾ ਹੈ। ਔਹ ਵੇਖ! ਬਾਹਰ ਪਿਆ ਬੱਦਲ ਗੱਜਦਾ ਹੈ।"4

ਵਰਿਆਮ ਮਸਤ ਨੇ ਆਪਣੇ ਨਾਟਕਾਂ ਵਿਚ ਭਾਸ਼ਾ ਸਰਲ ਅਤੇ ਸਪੱਸ਼ਟ ਵਰਤੀ ਹੈ। ਉਸ ਦੇ ਨਾਟਕਾਂ ਦੀ ਸ਼ਬਦਾਵਲੀ ਦੇਸੀ, ਵਿਦੇਸੀ ਅਤੇ ਉਪਭਾਸ਼ਾਈ ਸ਼ਬਦਾਂ ਦੇ ਸੁਮੇਲ ਵਾਲੀ ਹੁੰਦੀ ਹੈ। ਉਸਨੇ ਆਪਣੇ ਨਾਟਕਾਂ ਵਿੱਚ ਮੁਹਾਵਰੇਦਾਰ ਬੋਲੀ, ਕਾਵਿ-ਬੋਲੀ ਅਤੇ ਸਥਾਨਿਕ ਬੋਲੀ ਨੂੰ ਵਰਤਿਆ ਹੈ। ਉਹ ਆਪਣੇ ਨਾਟਕਾਂ ਵਿੱਚ ਪਾਤਰਾਂ ਦੇ ਸੁਭਾਅ, ਸਮਾਜਿਕ ਰੁਤਬੇ ਅਤੇ ਵਿਦਿਅਕ ਯੋਗਤਾ ਅਨੁਸਾਰ ਭਾਸ਼ਾ ਵਰਤਦਾ ਹੈ। ਵਰਿਆਮ ਮਸਤ ਮਲਵਈ ਇਲਾਕੇ ਨਾਲ ਸੰਬੰਧਿਤ ਹੋਣ ਕਾਰਣ ਆਪਣੇ ਨਾਟਕਾਂ ਵਿੱਚ ਕਿਤੇ-ਕਿਤੇ ਗਾਲ੍ਹਾਂ ਦਾ ਪ੍ਰਯੋਗ ਵੀ ਕਰਦਾ ਹੈ। ਵਰਿਆਮ ਮਸਤ ਦੇ ਨਾਟਕਾਂ ਦੀ ਵਾਰਤਾਲਾਪ ਸੰਖੇਪ, ਚੁਸਤ ਅਤੇ ਸੰਜਮੀ ਹੈ। ਉਸ ਦੇ ਨਾਟਕਾਂ ਦੇ ਛੋਟੇ-ਛੋਟੇ ਵਾਰਤਾਲਾਪ ਪਾਠਕਾਂ/ਦਰਸ਼ਕਾਂ ਨੂੰ ਆਨੰਦ ਦੀ ਤ੍ਰਿਪਤੀ ਕਰਵਾਉਂਦੇ ਹਨ। ਕੋਈ ਵੀ ਸਾਹਿਤਕਾਰ ਵਿਸ਼ਾ ਭਾਵੇਂ ਸਮਾਜ ਵਿਚੋਂ ਹੀ ਗ੍ਰਹਿਣ ਕਰਦਾ ਹੈ। ਲੇਕਿਨ ਉਸ ਦਾ ਲਿਖਣ ਢੰਗ ਉਸ ਨੂੰ ਵੱਖਰਤਾ ਪ੍ਰਦਾਨ ਕਰਵਾਉਂਦਾ ਹੈ। ਇਸ ਲਈ ਬੇਕਨ ਦੀ ਇਹ ਧਾਰਨਾ ਕਿ ਸ਼ੈਲੀ ਹੀ ਮਨੁੱਖ ਹੈ, ਬਿਲਕੁੱਲ ਢੁੱਕਵੀਂ ਹੈ। ਸ਼ੈਲੀ ਇਕ ਕਿਸਮ ਦਾ ਲਿਖਣ ਢੰਗ ਹੈ ਜੋ ਹਰੇਕ ਨਾਟਕਕਾਰ ਦਾ ਆਪਣਾ-ਆਪਣਾ ਹੁੰਦਾ ਹੈ ਭਾਵ ਕੋਈ ਵੀ ਨਾਟਕਕਾਰ ਆਪਣੇ ਮਨ ਦੇ ਭਾਵਾਂ ਨੂੰ ਜਿਸ ਢੰਗ ਦੁਆਰਾ ਪੇਸ਼ ਕਰਦਾ ਹੈ, ਉਸ ਨੂੰ ਸ਼ੈਲੀ ਕਿਹਾ ਜਾਂਦਾ ਹੈ। ਵਰਿਆਮ ਮਸਤ ਦੇ ਸਾਰੇ ਨਾਟਕ ਯਥਾਰਥਵਾਦੀ ਸ਼ੈਲੀ ਵਿੱਚ ਲਿਖੇ ਗਏ ਹਨ। ਨਾਟਕਾਂ ਵਿੱਚ ਪੇਸ਼ ਯਥਾਰਥ ਨੂੰ ਪਾਤਰਾਂ ਦੁਆਰਾ, ਭਾਸ਼ਾ ਦੁਆਰਾ ਅਤੇ ਘਟਨਾਵਾਂ ਦੁਆਰਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਨਾਟਕਕਾਰ ਨੇ ਵਿਅੰਗਮਈ ਅਤੇ ਸੂਖਮਸ਼ੈਲੀ ਦੀ ਵਰਤੋਂ ਵੀ ਕੀਤੀ ਹੈ। ਇਸ ਦੇ ਨਾਲ ਹੀ ਉਸ ਨੇ ਕਾਵਿਮਈ ਸ਼ੈਲੀ, ਪ੍ਰਤੀਕਮਈ ਸ਼ੈਲੀ ਅਤੇ ਲੋਕ-ਨਾਟ ਸ਼ੈਲੀ ਨੂੰ ਵੀ ਆਪਣੇ ਨਾਟਕਾਂ ਵਿੱਚ ਵਰਤਿਆ ਹੈ।

ਇਸ ਤਰ੍ਹਾਂ ਵਰਿਆਮ ਮਸਤ ਚੌਥੀ ਪੀੜ੍ਹੀ ਦਾ ਪ੍ਰਮੁੱਖ ਨਾਟਕਕਾਰ ਹੈ ਅਤੇ ਉਸ ਨੇ ਆਪਣੀਆਂ ਨਾਟਕੀ ਜੁਗਤਾਂ ਵਿੱਚ ਬਿਰਤਾਂਤਿਕ ਜੁਗਤਾਂ, ਪਾਤਰ-ਉਸਾਰੀ ਅਤੇ ਭਾਸ਼ਾ ਸ਼ੈਲੀ ਨੂੰ ਢੁੱਕਵੇਂ ਰੂਪ ਵਿੱਚ ਵਰਤਿਆ ਹੈ।

**ਹਵਾਲੇ**


1. ਡਾ. ਸੁਖਪਾਲ ਥਿੰਦ, ਬਿਰਤਾਂਤ ਸ਼ਾਸਤਰ ਉੱਤਰ-ਆਧੁਨਿਕ ਪਰਿਪੇਖ, ਪੰਨਾ 51
2. ਵਰਿਆਮ ਮਸਤ, ਨਾਟਕ ਬਾਕੀ ਹੈ, ਪੰਨਾ 31
3. ਉਹੀ, ਅੱਜ ਦੀ ਸਾਹਿਬਾਂ, ਪੰਨਾ 88
4. ਉਹੀ, ਸ਼ੇਖ ਚਿੱਲੀ ਦੀ ਮੈਨਾ, ਪੰਨਾ 53



**ਖੋਜਾਰਥੀ**
**ਪੰਜਾਬੀ ਵਿਭਾਗ**
**ਗੁਰੂ ਕਾਸ਼ੀ ਯੂਨੀ. ਤਲਵੰਡੀ ਸਾਬੋ**
**ਬਠਿੰਡਾ**

## ਜੋਗਿੰਦਰ ਬਹਾਰਲਾ ਦੇ ਉਪੇਰੇ : ਵਿਸੈਗਤ ਅਧਿਐਨ / ਸੁਖਜਿੰਦਰ ਸਿੰਘ

ਜੋਗਿੰਦਰ ਬਹਾਰਲਾ ਨੇ ਪੰਜਾਬੀ ਵਿਚ ਹਾੜੀਆਂ-ਸੌਣੀਆਂ, ਫਿਰਕੂ ਰੋਕਾਂ, ਟੈਕਸ ਅਤੇ ਸੱਧਰਾਂ ਆਦਿ ਉਪੇਰੇ ਲਿਖ ਕੇ ਉਪੇਰਾ ਨਾਟ ਨੂੰ ਵਿਕਾਸ ਦੀਆਂ ਲੀਹਾਂ 'ਤੇ ਪਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਸ ਦਾ ਲਿਖਿਆ ਉਪੇਰਾ 'ਹਾੜੀਆਂ-ਸੌਣੀਆਂ' ਕਿਸਾਨਾਂ ਦੀ ਪੂੰਜੀਪਤੀ ਜਾਗੀਰਦਾਰਾਂ ਵੱਲੋਂ ਕੀਤੀ ਜਾਂਦੀ ਅੰਨੀ ਲੁੱਟ-ਖਸੁੱਟ ਦੇ ਵਿਸ਼ੇ ਨੂੰ ਕੇਂਦਰ ਵਿਚ ਰੱਖ ਕੇ ਪ੍ਰਸਤੁਤ ਕੀਤਾ ਹੈ। ਇਸ ਉਪੇਰੇ ਵਿਚ ਦਰਸਾਇਆ ਗਿਆ ਹੈ ਕਿ ਕਿਵੇਂ ਦਿਨ ਰਾਤ ਉਨੀਂਦਰੇ ਝੱਲ ਕੇ ਮਿੱਟੀ ਨਾਲ ਮਿੱਟੀ ਹੋ ਕੇ ਅਨੇਕਾਂ ਮੁਸੀਬਤਾਂ ਸਹਿੰਦਿਆਂ ਹਾੜੀ ਅਤੇ ਸੌਣੀ ਦੀਆਂ ਫ਼ਸਲਾਂ ਉਗਾਉਂਦਾ ਹੈ ਪਰੰਤੂ ਜਦੋਂ ਰੀਝਾਂ ਨਾਲ ਪਾਲੀ ਹੋਈ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ ਤਾਂ ਜਾਗੀਰਦਾਰ ਆਉਂਦਾ ਹੈ ਤੇ ਸਾਰਾ ਬਹੋਲ ਚੱਕ ਕੇ ਲੈ ਜਾਂਦਾ ਹੈ ਕਿਸਾਨ ਕਦੇ ਵੀ ਮਾਲਕ ਨਹੀਂ ਬਣ ਪਾਉਂਦਾ ਤੇ ਤਰਸਯੋਗ ਜ਼ਿੰਦਗੀ ਭੋਗਦਾ ਹੈ। 'ਹਾੜੀਆਂ-ਸੌਣੀਆਂ' ਉਪੇਰੇ ਦੇ ਆਧਾਰ 'ਤੇ ਉਸਨੇ ਕਿਸਾਨਾਂ ਅੰਦਰ ਚੇਤਨਾ ਪੈਦਾ ਕਰਨ ਦਾ ਬਿਰਤਾਂਤ ਸਿਰਜਿਆ ਹੈ :

ਜੱਟ : ਹੋਜਾ ਦੂਰ ਬਹੋਲ ਤੋਂ ਦੂਰ, ਹੋਜਾ ਦੂਰ ਬਹੋਲ ਤੋਂ ਦੂਰ।

ਦਾਣਾ- ਦਾਣਾ ਮੁੜ ਕੇ ਰੱਖਦੇ, ਸਾਡੀ ਅੱਜ ਕਮਾਈ ਦਾ। ਉਹ ਵੇਲੇ ਹੁਣ ਬੀਤ ਗਏ, ਹੱਕ ਲੈਣਾ ਪਾਈ ਪਾਈ ਦਾ/ਹੋਜਾ ਦੂਰ ਬਹੋਲ ਤੋਂ ਦੂਰ।1

ਇਸ ਤਰ੍ਹਾਂ ਜੋਗਿੰਦਰ ਬਹਾਰਲਾ ਨੇ ਰਾਜਸੀ ਕੁਰਸੀ ਤੇ ਕਾਬਜ਼ ਜਮਾਤ ਪ੍ਰਤੀ ਨਾਬਰੀ ਅਤੇ ਗਰੀਬ ਪ੍ਰੋਲੇਤਾਰੀ ਜਮਾਤ ਭਾਵ ਲਿਤਾੜੀ ਹੋਈ ਧਿਰ ਦੇ ਪ੍ਰਤੀ ਉਦਾਰ ਭਾਵਨਾ ਵਾਲੇ ਸਾਹਿਤ ਦੀ ਰਚਨਾ ਕੀਤੀ ਹੈ ਇਸੇ ਗੱਲ ਤੋਂ ਉਹ ਇਉਂ ਲੱਗਦਾ ਹੈ ਜਿਵੇਂ ਉਹ ਇਨਾਂ ਲੈਨਿਨ ਦੇ ਵਿਚਾਰਾਂ ਦਾ ਹਾਮੀ ਹੋਵੇ ਕਿ, "ਸਾਹਿਤ ਨੂੰ ਇਕ ਮਹਾਨ ਜਮਹੂਰੀ ਮਸ਼ੀਨ ਦੀ ਗਰਾਰੀ ਅਤੇ ਪੇਚ ਬਣਨਾ ਚਾਹੀਦਾ ਹੈ।"2 ਇਸੇ ਸਮਾਜਵਾਦੀ ਰਾਜਸੀ ਵਿਚਾਰਧਾਰਾ ਦਾ ਪ੍ਰਗਟਾਵਾ ਕਰਦਾ ਉਪੇਰਾ 'ਖੋਹੀਆਂ-ਰੰਬੀਆਂ ' ਜਾਗੀਰਦਾਰ ਅਤੇ ਭੂਮੀ ਮਾਲਕਾਂ ਦੇ ਜਾਤ-ਪਾਤ ਪ੍ਰਤੀ ਕੀਤੀ ਜਾਂਦੀ ਨਫ਼ਰਤ ਦੀ ਘਣੌਨੀ ਤਸਵੀਰ ਨੂੰ ਉਘਾੜਦਾ ਹੈ :

ਖ਼ਬਰਦਾਰ, ਖ਼ਬਰਦਾਰ, ਖ਼ਬਰਦਾਰ/ ਜੇ ਕਦੇ ਫਿਰ ਖੋਤਿਆ, ਇਹ ਘਾਹ ਮੇਰੀ ਜ਼ਮੀਨ ਚੋਂ ਹੱਥ ਧੋਣੇ ਪੈਣਗੇ, ਤੁਸਾਂ ਨੂੰ ਇਸ ਜੀਣ ਤੋਂ, ਖ਼ਬਰਦਾਰ...।3

ਉਪੇਰੇ ਦਾ ਸਮੁੱਚਾ ਬਿਰਤਾਂਤ ਜਾਗੀਰਦਾਰ ਵੱਲੋਂ ਔਰਤਾਂ ਦੀਆਂ ਰੰਬੀਆਂ ਖੋਹੇ ਜਾਣ ਤੇ ਬਾਹਰਲੇ ਨੇ ਉਨ੍ਹਾਂ ਦੇ ਸਰਵਹਾਰਾ ਵਰਗ ਵਿਚ ਸ਼ਾਮਿਲ ਹੋਣ ਦੀ ਪ੍ਰਕਿਰਿਆ ਵੱਲ ਇਸ਼ਾਰਾ ਕਰਦਾ ਹੈ ਪਰੰਤੂ ਨਾਟਕਕਾਰ ਜਿਸ ਇਤਿਹਾਸਿਕ ਪਦਾਰਥਵਾਦੀ ਨਜ਼ਰੀਏ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਣਾ ਚਹੁੰਦਾ ਹੈ, ਉਹ ਖ਼ੁਦ ਹੀ ਉਸ ਵਿਚ ਪਰਿਪੱਕ ਨਜਰ ਨਹੀਂ ਆਉਂਦਾ ਅਤੇ ਇਤਿਹਾਸ ਦੀ ਵਿਕਾਸ ਵਿਰੋਧੀ ਅਤੇ ਬਹਾਹਮੁਖੀ ਪ੍ਰਕਿਰਿਆ ਉੱਤੇ ਆਪਣੇ ਅੰਤਰਮੁਖੀ ਨਿਰਣੇ ਠੋਸਦਾ ਪ੍ਰਤੀਤ ਹੁੰਦਾ ਹੈ, ਨਤੀਜੇ ਵਜੋਂ ਉਪੇਰੇ ਵਿਚ ਰਾਜਸੀ ਚੇਤਨਾ ਸਹਿਜ ਸੁਭਾਵਿਕ ਨਹੀਂ ਉਪਜਦੀ ਸਗੋਂ ਠੋਸੀ ਹੋਈ ਇਸ ਰਾਜਸੀ ਚੇਤਨਾ ਨਾਲੋਂ ਪ੍ਰਾਪੇਗੰਡਾ ਹੀ ਮੰਨਿਆ ਜਾ ਸਕਦਾ ਹੈ ਇਹ ਸਥਿਤੀ ਉਦੋਂ ਆਪਣਾ ਸਿਖ਼ਰ ਗ੍ਰਹਿਣ ਕਰਦੀ ਹੈ ਜਦੋਂ ਮਜ਼ਦੂਰ ਔਰਤਾਂ ਅਤੇ ਮਰਦ ਜਾਗੀਰਦਾਰੀ ਸੱਤਾ ਨੂੰ ਵੰਗਾਰਦੇ ਹੋਏ ਕਹਿੰਦੇ ਹਨ :

ਆਵੋ ਮਿਲ ਕੇ ਹੁਣ ਤੋਂ ਲਾਈਏ, ਇਕੋ ਹੀ ਇਹ ਨਾਹਾਰਾ/ਵੰਡੋ ਇਹ ਧਰਤੀ ਵਿਹਲੀ, ਹੁਣ ਹੋਰ ਕੋਈ ਨਹੀਂ ਚਾਰਾ। 4

ਜੋਗਿੰਦਰ ਬਹਾਰਲਾ ਦਾ ਅਗਲੇਰਾ ਉਪੇਰਾ 'ਟੈਕਸ' ਦਲਿਤ ਵਰਗ ਨਾਲ ਅੰਤਰ-ਸੰਬੰਧਿਤਾ ਰੱਖਦਾ ਹੋਇਆ ਉਸ ਸਮੇਂ ਦੀ ਆਰਥਿਕ ਮੰਦਵਾਲੀ ਅਤੇ ਮੰਦਵਾੜੇ ਨੂੰ ਚਿਤਰਦਾ ਹੈ, ਜਿਸ ਵਕਤ ਇਕ ਤਰਫ਼ ਤਾਂ ਪਿੰਡਾਂ ਦੇ ਮਜ਼ਦੂਰ ਅਤੇ ਹੱਥੀ ਕਿਰਤ ਕਰਨ ਵਾਲੇ ਵਰਗ ਦੋ ਵਕਤ ਦੀ ਰੋਜ਼ੀ ਰੋਟੀ ਤੋਂ ਮੁਤਾਜ਼ ਸੀ। ਪਰੰਤੂ ਸਰਕਾਰ ਉਹਨਾਂ ਦੀਆਂ ਮੁਸਕਿਲਾਂ ਦੂਰ ਕਰਨ ਦੀ ਬਿਜਾਏ ਉਨਾਂ ਤੇ ਜ਼ਬਰੀ ਟੈਕਸ ਲਗਾ ਰਹੀ ਸੀ। ਇਹਨਾਂ ਟੈਕਸਾਂ ਦੇ ਬੋਝ ਥੱਲੇ ਮਜ਼ਦੂਰ ਵਰਗ ਦਿਨੋਂ ਦਿਨ ਪਿਸਦਾ ਜਾ ਰਿਹਾ ਸੀ। ਇਸ ਟੈਕਸ ਦੇ ਵਿਰੋਧ ਵਿਚ ਕਮਿਉਨਿਸਟ ਪਾਰਟੀ ਅਤੇ ਇਪਟਾ ਲਹਿਰ ਆਧੀਨ ਲਿਖੇ ਜਾ ਰਹੇ ਸਾਹਿਤ ਨੇ ਇਸ ਪ੍ਰਤੀ ਆਪਣਾ ਰੋਸ ਜ਼ਹਿਰ ਕੀਤਾ ਇਸੇ ਪ੍ਰਸਥਿਤੀਆਂ ਵਿਚੋਂ ਬਾਹਰਲੇ ਨੇ ਉਪੇਰਾ ਟੈਕਸ ਲਿਖ ਕੇ ਆਪਣੀ ਵਿਰੋਧਤਾਮਈ ਪ੍ਰਤੀਕਿਰਿਆ ਜ਼ਾਹਿਰ ਕੀਤੀ। ਹੱਥੀ ਕਿਰਤ ਕਰਨ ਵਾਲੇ ਵਰਗ ਪੂੰਜੀਪਤੀਆਂ ਦੇ ਮਸ਼ੀਨੀਕਰਨ (ਉਦੋਯੋਗਿਕ) ਅਤੇ ਸਰਕਾਰ ਦੇ ਜ਼ਬਰੀ ਵਸੂਲੇ ਜਾਣ ਵਾਲੇ ਟੈਕਸ ਦਾ ਦਰਿੰਦਗੀ ਵਾਲਾ ਰੂਪ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਮਜ਼ਦੂਰ ਖੱਡੀਆਂ ਵਾਲੇ ਸਰਕਾਰ ਦੀਆ ਲੋਕ ਮਾਰੂ ਨੀਤੀਆਂ ਨੂੰ ਲਹਾਣਤਾਂ ਪਾਉਂਦੇ ਹਨ :

ਖੱਡੀ ਵਾਲੇ : ਚੱਲਦੀ ਚੱਲਦੀ ਖੱਡੀਆਂ ਦੇ ਦਮ, ਟੁੱਟਦੇ ਜਾਂਦੇ ਨੇ।ਸੂਤ ਦੀਆਂ ਨਾੜਾਂ ਵਿਚ, ਲਹੂ ਵੀ ਸੁੱਕਦੇ ਜਾਂਦੇ ਨੇ, ਓ ਰੱਬਾ ਖੈਰ ਕਰੀ।5

ਮਜ਼ਦੂਰ ਟੈਕਸ ਰੂਪੀ ਸ਼ੈਤਾਨ ਦੀ ਟੈਕਸ ਦੀ ਮੰਗ ਮੰਗ ਕੇ ਜਾਣ ਤੋਂ ਬਾਅਦ ਟੈਕਸ ਦੇਣ ਤੋਂ ਅਸਮਰੱਥ ਲੋਕਾਂ ਦੇ ਚਿਹਰਿਆਂ ਤੇ ਉਦਾਸੀ ਦੀ ਲਹਿਰ ਛਾ ਜਾਂਦੀ ਹੈ, ਤਾਂ ਉਹ ਆਪਣੇ ਕੰਮ-ਧੰਦਿਆਂ ਨੂੰ ਛੱਡ ਕੇ ਨਿੰਮੋਝੂਣੇ ਤੇ ਬੇਬੱਸ ਹੋ ਜਾਂਦੇ ਹਨ ਤਾਂ ਉਸ ਵਕਤ ਨਾਟਕਕਾਰ ਦੀ ਕਮਿਊਨਿਸਟ ਸੋਚ ਨੂੰ

ਪ੍ਰਣਾਇਆ ਪ੍ਰਤੀਨਿਧ ਇਨਕਲਾਬੀ ਪਾਤਰ ਆਉਂਦਾ ਹੈ। ਉਨਾਂ ਨੂੰ ਹੌਸਲਾ ਦਿੰਦਾ ਹੈ ਤੇ ਆਪਣੇ ਵਿਚਾਰਾਂ ਨਾਲ ਉਹਨਾਂ ਵਿਚ ਜੋਸ਼ ਭਰਦਾ ਹੈ। ਉਸਦੇ ਇਹ ਇਨਕਲਾਬੀ ਬੋਲ ਰਾਜਸੱਤਾ ਵਿਰੱਧ ਲੜ੍ਹਨ ਲਈ ਮਾਰਗ ਦਰਸ਼ਨ ਕਰਦੇ ਹਨ। ਉਹ ਮਜ਼ਦੂਰ ਜੋ ਆਪਣੀਆਂ ਆਰਥਿਕ ਹਾਲਾਤਾਂ ਦੀ ਮਾਰ ਹੇਠ ਆਪਣੇ ਕਰਮਾਂ ਨੂੰ ਕੋਸ ਰਹੇ ਸਨ, ਉਨ੍ਹਾਂ ਨੂੰ ਇਨਕਲਾਬੀ ਇਕਮੁੱਠ ਕਰਕੇ ਰਾਜਸੱਤਾ ਵਿਰੱਧ ਵਿਦਰੋਹ ਕਰਨ ਲਈ ਵੰਗਾਰਦਾ ਹੈ :

ਇਨਕਲਾਬੀ : ਰੋਕੋ ਰੋਕੋ ਰਾਸਤਾ, ਹਾਕਮ ਦਾ ਮਜੂਰੋ /ਕੱਠੇ ਹੋ ਕੇ ਇਕ ਵਾਰ, ਆਖੋ ਅਤੇ ਘੂਰੋ। ਚੰਦਾ ਤੇਰਾ ਤਾਰਨੇ ਦੀ, ਧਨੀਆਂ 'ਚ ਜਾਨ।6

ਸੰਪਰਦਾਇਕ ਭਾਵਨਾ, ਭਾਸ਼ਈ ਮੱਸਲਿਆਂ ਨੂੰ ਆਪਣੇ ਕਲੇਵੇ ਵਿਚ ਲੈਂਦਾ ਬਾਹਰਲਾ ਦਾ ਉਪੇਰਾ 'ਫਿਰਕੂ ਰੋਕਾਂ' ਵਰਤਮਾਨ ਦੇ ਚਲੰਤ ਸਮੇਂ ਤਸਵੀਰ ਉਘਾੜ੍ਹਦਾ ਹੈ। ਪੰਜਾਬੀ ਸੂਬਾ ਬਣਾਉਣ ਵਿਚ ਚੱਲੀ ਪੰਜਾਬੀ ਸੂਬਾ ਲਹਿਰ ਨੇ ਕਿਵੇਂ ਆਪਣੇ ਮਨਸੂਬਿਆਂ ਵਿਚ ਕਾਮਯਾਬ ਹੋਣ ਲਈ ਫਿਰਕੂ ਮੁਹਾਂਦਰਾ ਧਾਰਨ ਕਰ ਲਿਆ ਇਸ ਉਪੇਰੇ ਵਿਚ ਪੰਜਾਬ ਦੀਆਂ ਰਾਜਸੀ ਪਾਰਟੀਆਂ ਕਾਂਗਰਸ ਅਤੇ ਆਕਾਲੀ ਪਾਰਟੀ ਆਪਣੇ ਆਪਣੇ ਸੁਆਰਥ ਲਈ ਪੰਜਾਬ ਦੇ ਸਮਾਜਿਕ, ਆਰਥਿਕ, ਬੇਰੁਜਗਾਰੀ, ਗਰੀਬੀ ਵਰਗੇ ਮਸਲਿਆਂ ਨੂੰ ਅੱਖੋਂ ਪਰੋਖੇ ਕਰਕੇ ਇਹ ਦੋਵੇਂ ਰਾਜਸੀ ਪਾਰਟੀਆਂ ਭਾਸ਼ਾਈ ਅਤੇ ਫਿਰਕੂ ਜ਼ਹਿਨੀਅਤ ਦਾ ਪ੍ਰਚਾਰ ਤੇ ਪ੍ਰਸਾਰ ਕਰ ਰਹੀਆਂ ਹਨ। ਜਿਸ ਨਾਲ ਸਮਾਜ ਵਿਚ ਸਿੱਖਾਂ ਅਤੇ ਹਿੰਦੂਆਂ ਵਿਚ ਆਪਸੀ ਨਫ਼ਰਤ ਨੂੰ ਹੋਰ ਤਿਖੇਰਾ ਕਰਦੇ ਹਨ। ਨਾਟਕਕਾਰ ਨੇ ਆਕਾਲੀਆਂ ਅਤੇ ਹਿੰਦੂਆਂ ਦੇ ਫਿਰਕੂ ਨਾਹਰਿਆਂ ਦੀ ਭਾਸ਼ਾ ਅਤੇ ਆਪਸੀ ਨਫ਼ਰਤ ਨੂੰ ਇੰਜ਼ ਪ੍ਰਗਟਾਇਆ ਹੈ :

ਆਕਾਲੀ : ਅੱਜ ਤੱਕ ਰਾਜ ਸਿੰਘਾਂ ਨੇ ਏਸ ਧਰਤੀ 'ਤੇ ਕੀਤਾ ਏ/ ਉੱਠ ਖੜ੍ਹ ਸਿੱਖਾਂ ਅੱਜ ਤੋਂ ਮਾਰ ਕੇ ਲਲਕਾਰੇ । ਨਹੀਂ ਤਾਂ ਤੇਰਾ ਖ਼ਾਲਸਾ ਹੋ ਜਾਊਗਾ ਬੋਲੋ ਰਾਮ ਹੀ/ਧੋਤੀ ਟੋਪੀ ਜੇ ਨਾ ਕੀਤੀ ਜਮਨਾ ਪਾਰੇ।7

ਇਸੇ ਤਰ੍ਹਾਂ ਹੀ ਇਕ ਹਿੰਦੂ ਜਨਸੰਘੀ ਆਕਾਲੀਆਂ ਦੇ ਵਿਰੋਧ ਵਿਚ ਪੰਜਾਬੀ ਸੂਬੇ ਦੇ ਵਿਪੱਖ ਵਿਚ ਨਾਹਰੇ ਲਗਾਉਂਦਾ ਹੋਇਆ ਮਹਾਂ ਪੰਜਾਬ ਦੀ ਮੰਗ ਕਰਦਾ ਹੈ :

ਨਾਹਰੇ : ਨਾਹਰਾ ਏ ਬਜਰੰਗੀ, ਹਰ ਹਰ ਮਹਾਂਦੇਵ, ਮਹਾਂ ਪੰਜਾਬ ਜਿੰਦਾਬਾਦ।ਲੈ ਕੇ ਰਹਾਂ ਗੇ , ਮਹਾਂ ਪੰਜਾਬ, ਔਹ ਕੀ ਆਇਆ, ਮਹਾਂ ਪੰਜਾਬ। ਚਾਚਾ ਨਹਿਰੂ ਮੰਨ ਗਿਆ, ਮਹਾਂ ਪੰਜਾਬ ਬਣ ਗਿਆ।8

ਪੰਜਾਬ ਦੀ ਸਭ ਤੋਂ ਪ੍ਰਮੁੱਖ ਸਮੱਸਿਆ ਅਨਪੜ੍ਹਤਾ ਨੂੰ ਆਧਾਰ ਬਣਾ ਕੇ ਜੋਗਿੰਦਰ ਬਹਾਰਲਾ ਦਾ ਉਪੇਰਾ 'ਸੱਧਰਾਂ' ਲਿਖਿਆ। ਜੋ ਉਸ ਸਮੇਂ ਹੋਂਦ ਵਿਚ ਆਇਆ ਜਦੋਂ ਪੰਜਾਬ ਦੇ ਪਿੰਡਾਂ ਦੀ ਬਹ-ਗਿਣਤੀ ਅਨਪੜ੍ਹ ਸੀ। ਇਸ ਵਿਚ ਇਕ ਜੱਟੀ ਦੇ ਮਨੋਭਾਵਾਂ ਰਾਹੀਂ ਇਕ ਗੀਤ ਦੇ ਰੂਪ ਵਿਚ ਆਪਣੇ ਪੁੱਤਰ ਨੂੰ ਪੜਾ ਲਿਖਾ ਕੇ ਅਫਸਰ ਬਣਾਉਣ ਦੀ ਪ੍ਰਬਲ ਇੱਛਾ ਨੂੰ ਉਜਾਗਰ ਕੀਤਾ ਹੈ ਪਰੰਤੂ ਬੱਚੇ ਦਾ ਪਿਤਾ ਪੜ੍ਹਾਈ ਦੀ ਨੂੰ ਅਹਿਮੀਅਤ ਨਾ ਦੇ ਕੇ ਸਦੀਆਂ ਤੋਂ ਪਿਉ-ਦਾਦੇ ਤੋਂ ਚੱਲੀ ਆ ਰਹੀ ਰੀਤ ਆਨੁਸਾਰ ਪੜ੍ਹ ਲਿਖ ਕਿ ਕਿਹੜਾ ਕੋਈ ਅਫ਼ਸਰ ਲੱਗਣਾ ਦੀ ਸੋਚ ਧਾਰਨੀ ਉਹ ਖੇਤੀ ਕਰਨ ਨੂੰ ਪਹਿਲ ਦਿੰਦਾ ਹੈ। ਪਤੀ ਪਤਨੀ ਵਿਚ ਜਦੋਂ ਬੱਚੇ ਨੂੰ ਪੜ੍ਹਾਉਣ ਵਿਚ ਅਸਿਮਤੀ ਤੇ ਝਗੜਦੇ ਹਨ ਤਾਂ ਘਰ ਦਾ ਬਜੁਰਗ ਬਾਪ ਪੜ੍ਹਾਈ ਨੂੰ ਮਹੱਤਵ ਦਿੰਦਾ ਹੋਇਆ ਮਾਂ ਦੇ ਹੱਕ ਵਿਚ ਖੜ੍ਹਦਾ ਹੈ।

ਇਉਂ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜੋਗਿੰਦਰ ਬਾਹਰਲਾ ਦੇ ਉਪੇਰਿਆਂ ਵਿਚ ਸਮਾਜਿਕ ਸਮੱਸਿਆਵਾਂ ਬੇਰੁਜਗਾਰੀ, ਜਾਤ-ਪਾਤ ਦਾ ਮਸਲਾ, ਨਿਮਨ ਕਿਸਾਨੀ ਦਾ ਸੰਕਟ, ਮੱਧ ਵਰਗ ਦੀ ਮਨੋਦਸ਼ਾ, ਸਮਾਜਿਕ ਆਰਥਿਕ ਸਥਿਤੀ, ਔਰਤ ਜਾਤੀ ਨਾਲ ਹੋ ਰਿਹਾ ਦੁਸਾਵਰ, ਜਾਗੀਰਦਾਰੀ ਅਤੇ ਪੂੰਜੀਪਤ ਵਰਗ ਦੀ ਲੱਟ, ਪੰਜਾਬ ਦਾ ਭ੍ਰਿਸ਼ਟਾਚਾਰ ਰਾਜਸੀ ਪ੍ਰਬੰਧ ਅਤੇ ਦਲਿਤ ਵਰਗ ਦਿਨੋ-ਦਿਨ ਹੋ ਰਹੀ ਤਰਸਯੋਗ ਹਾਲਤ ਆਦਿ ਪ੍ਰਸਥਿਤੀਆਂ ਨੂੰ ਬੜੀ ਬੇਬਾਕੀ ਨਾਲ ਆਪਣੇ ਉਪੇਰਿਆਂ ਦਾ ਨਾਟ ਵਸਤੂ ਬਣਾਇਆ ਹੈ। ਇਹਨਾਂ ਸਮੱਸਿਆ ਦੀ ਮੁੱਖ ਜੜ੍ਹ ਰਾਜਸੀ ਪ੍ਰਬੰਧ ਹੈ ਜੋ ਆਪਣੇ ਸੁਆਰਥ ਵਿਚ ਏਨੀਆਂ ਗੁਲਤਾਨ ਹੋ ਚੁੱਕੀਆਂ ਹਨ ਜੋ ਸਮਾਜ ਵਿਚ ਉਪਰੋਕਤ ਮੱਸਲਿਆਂ ਦੇ ਹੱਲ ਵੱਲ ਬਿਲਕੁਲ ਧਿਆਨ ਨਾ ਦੇ ਕੇ ਇਕ ਖ਼ਾਸ ਵਰਗ ਜਾਗੀਰਦਾਰਾ ਅਤੇ ਪੂੰਜੀਪਤੀ ਵਰਗ ਦਾ ਹੀ ਪੱਖ ਪੂਰਦੀਆਂ ਨੇ ਇਸੇ ਲਈ ਸਮਾਜਵਾਦੀ ਸੋਚ ਦੇ ਧਾਰਨੀ ਜੋਗਿੰਦਰ ਬਾਹਰਲਾ ਨੇ ਆਸਾਵਾਦੀ, ਮਾਨਵਵਾਦੀ, ਪ੍ਰਗਤੀਵਾਦੀ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਅੰਗ-ਸੰਗ ਰਹਿ ਕੇ ਪੰਜਾਬੀ ਉਪੇਰਾ ਨਾਟਕਾਂ ਦੀ ਸਿਰਜਣਾ ਕੀਤੀ ਹੈ।

**ਹਵਾਲਾ ਸੂਚੀ :**


**1. ਡਾ.ਐਸ. ਤਰਸੇਮ, (ਸੰਪਾ.), ਜੋਗਿੰਦਰ ਬਾਹਰਲਾ ਦੀ ਰਚਨਾਵਲੀ, ਦਿਲਦੀਪ ਪ੍ਰਕਾਸ਼ਨ, ਸਮਰਾਲਾ, 2017, ਪੰਨਾ-121**

**2. ਟੈਰੀ ਈਗਲਟਨ, ਮਾਰਕਸਵਾਦੀ ਸਾਹਿਤਯ ਆਲੋਚਨਾ, (ਅਨੁ. ਜੋਗਾ ਸਿੰਘ), ਲੋਕਾਇਤ ਪ੍ਰਕਾਸ਼ਨ, ਚੰਡੀਗੜ,1985, ਪੰਨਾ-58**

**3. ਡਾ. ਐਸ ਤਰਸੇਮ (ਸੰਪਾ.), ਜੋਗਿੰਦਰ ਬਾਹਰਲਾ ਦੀ ਰਚਨਾਵਲੀ, ਪੰਨਾ-102**

**4. ਉਹੀ, ਪੰਨਾ-123**

**5. ਉਹੀ, ਪੰਨਾ-134**

**6. ਉਹੀ, ਪੰਨਾ-137**

**7. ਉਹੀ, ਪੰਨਾ-151**

**8. ਉਹੀ, ਪੰਨਾ-152**



**ਰਿਸਰਚ ਸਕਾਲਰ, ਪੰਜਾਬੀ ਵਿਭਾਗ**
**ਦਿੱਲੀ ਯੂਨੀਵਰਸਿਟੀ, ਦਿੱਲੀ**

## ਕਵਿਤਾ ਦੀ ਤਰਫ਼ਦਾਰੀ / ਇੱਕ ਚੂੰਢੀ ਅਸਮਾਨ : ਗਗਨ ਮੀਤ ਦੀ ਕਵਿਤਾ / ਡਾ. ਮੋਹਨਜੀਤ




ਕਵਿਤਾ ਉਹ ਹੈ ਜੋ ਮਨ ਵਿੱਚ ਉਲਾਸ ਪੈਦਾ ਕਰਦੀ ਹੈ। ਕਵਿਤਾ ਉਹ ਹੈ ਜੋ ਤੁਹਾਨੂੰ ਬਾਰ-ਬਾਰ ਪੜ੍ਹਨ ਲਈ ਤੁਹਾਡੇ ਅੰਦਰ ਉਮਾਹ ਪੈਦਾ ਕਰਦੀ ਹੈ। ਤੁਸੀਂ ਪੜ੍ਹਦੇ ਹੋ, ਬੇਚੈਨ ਹੁੰਦੇ ਹੋ, ਫਿਰ ਪੜ੍ਹਦੇ ਹੋ, ਹੋਰ ਉਤਸੁਕ ਹੁੰਦੇ ਹੋ – ਤੇ ਇੰਝ ਪੜ੍ਹਦੇ ਰਹਿੰਦੇ ਹੋ।

ਤੁਸੀਂ ਬੇਚੈਨ ਕਿਉਂ ਹੁੰਦੇ ਹੋ, ਕਿਉਂਕਿ ਤੁਸੀਂ ਉਹਨਾਂ ਹਾਲਤਾਂ ਵਿੱਚੋਂ ਗੁਜ਼ਰਦੇ ਹੋ, ਜਿਹਨਾਂ ’ਚੋਂ ਪਹਿਲਾਂ ਕਦੇ ਨਹੀਂ ਗੁਜ਼ਰੇ ਹੁੰਦੇ, ਵੱਖਰੇ ਅਨੁਭਵ ’ਚੋਂ ਲੰਘਦੇ ਹੋ। ਕਵਿਤਾ ਉਹ ਹੈ ਜਿਸਨੂੰ ਪੜ੍ਹਕੇ ਤੁਸੀਂ ਡਿਸਟਰਬ ਹੁੰਦੇ ਹੋ। ਇਹ ਤੁਹਾਡੇ ਮਨ ਦੀ ਪੋਜ਼ੀਸ਼ਨਿੰਗ ਬਦਲਦੀ ਹੈ। ਇਹ ਗੱਲ ਅਰਬੀ ਸ਼ਾਇਰਾ ਇਮਾਨ ਮਰਸਲ ਕਹਿੰਦੀ ਹੈ। ਬੇਸ਼ਕ ਤੁਸੀਂ ਉਹਨਾਂ ਚੀਜ਼ਾਂ ਦੀ ਗੱਲ ਕਰ ਰਹੇ ਹੁੰਦੇ ਹੋ ਜਿਨ੍ਹਾਂ ਬਾਰੇ ਗੱਲਾਂ ਪਹਿਲਾਂ ਵੀ ਸੁਣੀਆਂ ਹੁੰਦੀਆਂ ਹਨ, ਪੜ੍ਹੀਆਂ ਹੁੰਦੀਆਂ ਹਨ, ਵੇਖੀਆਂ ਹੁੰਦੀਆਂ ਹਨ, ਫੁੱਲਾਂ ਦੀਆਂ, ਚੰਨ ਤਾਰਿਆਂ ਦੀਆਂ, ਰੁੱਖਾਂ ਦੀਆਂ, ਪੰਛੀਆਂ ਦੀਆਂ, ਦਰਦ ਵਿਛੋੜੇ ਦੀਆਂ, ਵੇਦਨਾ ਦੀਆਂ।

ਕਵਿਤਾ ਉਹ ਚੰਗੀ ਲਗਦੀ ਹੈ ਜੋ ਸਹਿਜ ਹੈ। ਬਣਾਈ ਗਈ ਨਹੀਂ ਹੁੰਦੀ। ਇੰਝ ਲਗਦਾ ਹੈ ਤੁਹਾਡੇ ਅੰਦਰੋਂ ਚੀਰ ਕੇ ਨਿਕਲੀ ਹੈ। ਇੰਝ ਲਗਦਾ ਹੈ, ਪਹਿਲਾਂ ਤਾਂ ਕਦੇ ਇਸ ਤਰ੍ਹਾਂ ਨਹੀਂ ਹੁੰਦਾ ਸੀ, ਹੋਇਆ ਸੀ, ਸ਼ਾਇਦ ਹੋਏਗਾ ਵੀ ਨਹੀਂ। ਉਹ ਚੀਜ਼ਾਂ ਜੋ ਕਾਲ ’ਚ ਹੁੰਦੀਆਂ ਵੀ ਕਾਲ ਤੋਂ ਪਰੇ ਹੁੰਦੀਆਂ ਹਨ। ਜਿਹਨਾਂ ਨੂੰ ਵਕਤ ਹੱਥ ਲਾਉਣੋਂ ਡਰਦਾ ਹੈ।

ਕਿਸੇ ਵੀ ਹੁਨਰੀ ਚੀਜ਼ ਵਿੱਚ, ਆਰਟ ਦੀ ਘਾੜਤ ਵਿੱਚ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਇਹ ਹੋਂਦ ਵਿੱਚ ਕਿਵੇਂ ਆਈ! ਜੇ ਇਹਦੀ ਬਣਤਰ ਆਮ ਤਰ੍ਹਾਂ ਦੀ ਹੈ ਤਾਂ ਉਸ ਦੇ ਕੋਲੋਂ ਦੀ ਲੰਘ ਜਾਈਦਾ ਹੈ, ਕਈਂ ਚੀਜ਼ਾਂ ਨੂੰ ਵੇਖਦੇ ਰਹਿ ਜਾਈਦਾ ਹੈ! ਤੇ ਮੂੰਹੋਂ ਨਿਕਲਦਾ ਹੈ – ਵਾਹ! ਇਹ ਜੋ ’ਵਾ-ਹੇ’ ਹੈ, ਇਹੋ ਕਲਾ ਦਾ ਕਮਾਲ ਹੈ!

ਮੈਂ ‘ਇੱਕ ਚੂੰਢੀ ਅਸਮਾਨ’ ਦੀਆਂ ਕਵਿਤਾਵਾਂ ਬਾਰ-ਬਾਰ ਪੜ੍ਹੀਆਂ ਹਨ। ਇਸ ਲਈ ਕਿ ਇਹ ਪੜ੍ਹਨ ਲਈ ਆਂਹਦੀਆਂ ਹਨ, ਮਜਬੂਰ ਕਰਦੀਆਂ ਹਨ। ਕਹਿੰਦੀਆਂ ਸਾਡੇ ਕੋਲ ਬੈਠੋ! ਵੇਖੋ! ਗੱਲਾਂ ਕਰੋ! ਹੈਰਾਨ ਹੋਵੋ! ਟੈਗੋਰ ਨੇ ਗੁਰੂ ਨਾਨਕ ਦੀ ਰਚਨਾ ‘ਆਰਤੀ’ ਨੂੰ ਵਿਸ਼ਵ-ਗੀਤ ਕਿਹਾ ਸੀ। ਇਹ ਰਚਨਾ ਹੈਰਾਨ ਕਰਦੀ ਹੈ। ਇਹੋ ਜਿਹੀ ਦੂਜੀ ਚੀਜ਼ ਅਲੱਭ ਹੈ। ਗੁਰੂ ਸਾਹਿਬ ਉਸ ਬ੍ਰਹਿਮੰਡ ਦੀ ਗੱਲ ਕਰਦੇ ਹਨ ਜੋ ਅਪਾਰ ਹੈ, ਅਨੰਤ ਹੈ। ਗਗਨ ਦੀਆਂ ਕਵਿਤਾਵਾਂ ਅਸਚਰਜ ਕਰਦੀਆਂ ਹਨ :

ਕਵਿਤਾ ਹੈ – ਚੰਗਾ ਨਹੀਂ ਲਗਦਾ
ਬਹੁਤ ਜਲਦੀ
ਸਿਆਣੀਆਂ ਹੋ ਜਾਂਦੀਆਂ ਧੀਆਂ
ਮੇਰੀ ਧੀ ਵੀ
ਵੱਡੀ ਹੋ ਗਈ
ਹੁਣ ਉਹ
ਪੜ੍ਹ ਲੈਂਦੀ ਹੈ ਅੱਖਾਂ
ਸੁਣ ਲੈਂਦੀ ਹੈ
ਚੁੱਪ ਵਿਚਲਾ ਸ਼ੋਰ

ਸਹਿਜ ਕਵਿਤਾ ਅਨੇਕ ਅਰਥੀ ਹੁੰਦੀ ਹੈ। ਹਰ ਅਰਥ ਤੁਹਾਨੂੰ ਡਿਸਟਰਬ ਕਰਦਾ ਹੈ, ਹਲੂਣਦਾ ਹੈ, ਵੇਦਨਾ ਜਗਾਉਂਦਾ ਹੈ। ਅੰਦਰ ਖੋਹ ਪਾਉਂਦਾ ਹੈ। ਧੀ ਇਸ ਲਈ ਡਿਸਟਰਬੈਂਸ ਦਾ ਕਾਰਨ ਹੈ ਕਿਉਂਕਿ ਉਸ ਕੋਲ ਸੁਆਲ ਆਖਣ ਵਾਲੀ ਦ੍ਰਿਸ਼ਟੀ ਆ ਗਈ ਹੈ। ਪਹਿਲਾਂ ਉਹਦਾ ਜਿਸਮ ਬਦਲਿਆ, ਮਾਂ ਡਿਸਟਰਬ ਹੋਈ। ਉਹ ਤਾਲੀਮ ਹਾਸਿਲ ਕਰਨ ਜਾਣ ਲੱਗੀ, ਫਿਰ ਡਿਸਟਰਬ ਹੋਈ। ਹੁਣ ਉਹ ਹੋਰ ਹੋਰ ਤਰ੍ਹਾਂ ਵਿਹੰਦੀ ਹੈ, ਸੁਆਲ ਕਰਦੀ ਹੈ, ਮਾਂ ਦੇ ਚੇਤੇ ’ਚ ਖੱਲਲ ਪਾਉਂਦੀ ਹੈ, ਨਜ਼ਰਾਂ ਨਾਲ ਡਿਸਟਰਬ ਕਰਦੀ ਹੈ। ਪਾਠਕ ਵੇਖਦਾ ਹੈ। ਉਹਨੂੰ ਆਪਣੀ ਧੀ, ਆਪਣੀ ਭੈਣ, ਨੇੜਲੀ ਭੈਣ, ਗੁਆਂਢਣ ਭੈਣ / ਕੁੜੀ ਚੇਤੇ ਆਉਂਦੀ ਹੈ। ਉਹਦੇ ਮਨ ’ਚ ਤਰਥੱਲੀ ਹੈ। ਇਹ ਉੱਥਲ-ਪੁੱਥਲ ਜਾਣ-ਬੁਝ ਕੇ ਮਚਾਈ ਨਹੀਂ ਜਾ ਰਹੀ। ਇਹ ਸੁਭਾਵਕ ਹੈ, ਇਹ ਸਹਿਜ ਹੈ। ਇਹ ਡਿਜ਼ਾਇਨ ਨਹੀਂ ਕੀਤੀ ਗਈ। ਡਿਸਟਰਬੈਂਸ ਦੇ ਕਈਂ ਕਾਰਨ ਹਨ। ਵੱਡਾ ਕਾਰਨ ਅਚੇਤ ਦੀ ਮਾਇਆ ਹੈ। ਇਕ ਪਾਸੇ ਮਾਂ ਦਾ ਅਚੇਤ ਹੈ। ਧੀ ਦਾ ਅਚੇਤ ਹੈ। ਪਾਠਕ ਦਾ ਅਚੇਤ ਹੈ। ਅਚੇਤ ਦੇ ਅਨੇਕਾਂ ਉਦਗਾਰ ਹਨ। ਉਦਗਾਰਾਂ ਦੇ ਆਪਣੇ ਬ੍ਰਹਿਮੰਡ ਹਨ। ਧੀ ਨਾਲ ਜੁੜੇ ਅਨੇਕ ਰਿਸ਼ਤੇ ਹਨ। ਵਾਪਰ ਰਹੇ ਰਿਸ਼ਤੇ, ਆਉਣ ਵਾਲੇ ਵਕਤਾਂ ਦੇ ਰਿਸ਼ਤੇ, ਮੋਹ ਮੁਹੱਬਤ ਦੇ ਰਿਸ਼ਤੇ, ਆਂਦਰਾਂ ਦੇ ਰਿਸ਼ਤੇ, ਮਨ ਦੇ ਰਿਸ਼ਤੇ, ਮਨੋਵਿਗਿਆਨਕ ਰਿਸ਼ਤੇ।

ਇਸ ਕਵਿਤਾ ਦਾ ਸਿਖਰੀ ਮੁੱਦਾ ਕਲਾ ਨਾਲ ਸੰਬੰਧਿਤ ਹੈ। ਸਾਹਿਤ ਨਾਲ ਸੰਬੰਧਿਤ ਹੈ। ਕਾਵਿ-ਭਾਸ਼ਾ ’ਚ ਪੈਰਾਸੀਟਾਮੋਲ ਨੇ ਆਪਣਾ ਰੰਗ ਘੋਲ ਦਿੱਤਾ ਹੈ। ਖ਼ੂਬਸੂਰਤ

## ਹਿੰਦੀ ਕਵਿਤਾਵਾਂ / ਜਯੋਤਸਨਾ ਪ੍ਰਦੀਪ



ਸਫ਼ੈਦ ਕਫ਼ਨ ਲਈ
ਬੈਠੀ ਸੀ
ਇੱਕ ਪਹਾੜੀ
ਜੋ ਪਹਿਨਦੀ ਸੀ ਹੁਣ ਤੱਕ
ਹਰੇ ਰੰਗ ਦੀ ਸਾੜ੍ਹੀ
.................

ਇਹ ਕੈਸੀ ਫੁੱਲਾਂ ਦੀ
ਘਾਟੀ ਹੈ
ਜੋ ਨਾਲ ਖ਼ੂਨ ਦੇ
ਭਰੀ ਪਈ
.............

ਸਜੀਲਾ ਸ਼ਿੰਗਾਰਦਾਨ
ਮੌਨ ਹੈ
ਤਿਰੰਗੇ ਦੇ ਵਿਚ ਲਿਪਟਿਆ
ਇਹ ਕੌਣ ਹੈ

ਡੂੰਘਾ ਦਰਦ ਲਈ
ਉਹ ਅੱਜ ਵੀ ਸੌਂਦੀ ਹੈ
ਨਾਲ
ਚਿੱਟੇ ਰੰਗ ਦਾ
ਸੰਘਣਾ ਕੋਹਰਾ
ਅੱਖਾਂ ਵਿਚ ਢੋਂਦੀ ਹੈ
..................

ਜਿਸਦੇ ਹੋਠਾਂ ਤੇ
ਕਦੇ ਸੂਹੇ ਰੰਗਾਂ ਦਾ ਮੇਲਾ ਸੀ
ਹੁਣ ਉਥੇ ਸੁੰਨਾਪਣ ਕਿੰਨਾ

ਇਕੱਲਾ ਸੀ
..........

ਮਾਂ ਨੇ ਕਿਹਾ ਸੀ
ਬੇਟੀ
ਸਭ ਸਹਿਣਾ
ਅਤੇ ਹਾਂ
ਚੰਗੀ ਤਰਾਂ ਰਹਿਣਾ
.....

ਮਹਾਂਨਗਰ ਦੀ ਉਹ
ਛੋਟੀ ਜਿਹੀ ਕੁੜੀ
ਪਤਾ ਵੀ ਨਾ ਲੱਗਿਆ
ਕਦੋਂ ਵੱਡੀ ਹੋ ਗਈ
ਕਿਸੇ ਵਿਰੋਧ ਵਿਚ
ਭੀੜ ਦੇ ਨਾਲ
ਉਹ ਵੀ ਖੜ੍ਹੀ ਹੋ ਗਈ

**ਅਨੁਵਾਦ : ਅ.ਕ.**

ਪੰਛੀਆਂ ਦੇ ਸੁਪਨਿਆਂ ਦੀ ਥਾਂ ਮਰੀਆਂ ਮੱਛੀਆਂ ਦਾ ਦ੍ਰਿਸ਼ ਬਣ ਗਿਆ ਹੈ। ਸਵੈ-ਸੰਵਾਦੀ ਬਣ ਗਈ ਹੈ ਕਵਿਤਾ।

ਕਵਿਤਾ ਕਈਂ ਸੁਆਲ ਉਠਾਉਂਦੀ ਹੈ। ਕੀ ਮਾਂ ਠੀਕ ਸੋਚਦੀ ਹੈਂ? ਕੀ ਧੀ ਠੀਕ ਕਰ ਰਹੀ ਹੈ? ਕਾਵਿ-ਬਿੰਬ ਕੈਸਾ ਹੈ? ਸ਼ਬਦ-ਜੜਤ ਮਨ ਨਾਲ ਕਿਉਂ ਖਹਿੰਦੀ ਹੈ? ਜਿਵੇਂ ਸ਼ਬਦ ਪੈਰਾਸੀਟਾਮੋਲ ਦੀ ਜੜਤ। ਕਵਿਤਾ ਦਾ ਆਪਣਾ ਬ੍ਰਹਿਮੰਡ ਹੈ।

ਗਗਨ ਦੀ ਸ਼ਾਇਰੀ ਤੁਹਾਨੂੰ ਹੋਰ ਹੋਰ ਪਾਸੇ ਲਿਜਾਂਦੀ ਹੈ। ਪਾਠਕ ਸੋਚਦਾ ਹੈ 'ਮਾਂ' ਕਵਿਤਾ ਦੀ ਗੱਲ ਕਰੇ, 'ਲਲ੍ਹਕ' ਕਵਿਤਾ ਤੁਹਾਡਾ ਧਿਆਨ ਖਿੱਚਦੀ ਹੈ। 'ਲਲ੍ਹਕ' ਕਵਿਤਾ ਦੇ ਅਨੇਕ ਕੋਨ ਹਨ। ਕਵਿਤਾ ਵਿੱਚ ਮੋਹ ਹੈ, ਸੰਵੇਦਨਸ਼ੀਲਤਾ ਹੈ, ਤੇਹ ਹੈ, ਦਿਲਚਸਪੀ ਹੈ, ਮਮਤਾ ਹੈ, ਪਾਲਣ-ਪੋਸਣ ਹੈ। ਮੈਂ ਪੁੱਛਦਾ ਹਾਂ ਕੀ ਨਹੀਂ? ਤੇ ਫ਼ਿਰ ਨਾਲ ਉੱਥਲ-ਪੁੱਥਲ। ਇਸ ਵਿੱਚ ਡਰ ਹੈ, ਭਵਿੱਖ ਦਾ ਸੁਪਨਾ ਹੈ। ਕਲਾਕਾਰੀ ਦੇ ਗੁਣ ਹਨ :

ਬੱਚਿਆਂ ਅੱਗੇ
ਨਾ ਕਰੋ ਜ਼ਿਕਰ
ਕੋਝੇ ਅਨੁਭਵਾਂ ਤੇ
ਕਰੂਪ ਮਾਨਸਿਕਤਾ ਦਾ
ਤਾਂ ਜੋ
ਬਚੀ ਰਹੇ
ਜ਼ਿੰਦਗੀ ਜਿਉਣ ਦੀ
ਲਲ੍ਹਕ

ਇਹ ਕਵਿਤਾਵਾਂ ਮੈਨੂੰ ਇਸ ਲਈ ਮੋਂਹਦੀਆਂ ਨੇ ਕਿ ਇਹਨਾਂ ਨਾਲ ਮੇਰਾ ਵੀ ਅੰਦਰਲਾ ਮਘਦਾ ਹੈ। ਇਹਨਾਂ ਵਿੱਚ ਭਵਿੱਖ ਨੂੰ ਮਾਨਣ ਦੀ ਰੀਝ ਹੈ। ਇਸ ਰੀਝ ਲਈ ਸੰਘਰਸ਼ ਹੈ। ਇਸ ਵਿੱਚ ਸ਼ਾਇਰਾ ਨੇ ਪਾਰਦਰਸ਼ੀ ਹੋ ਕੇ ਮਨ ਦੀਆਂ ਗੱਲਾਂ ਕੀਤੀਆਂ ਹਨ ਤਾਂਕਿ ਤੁਸੀਂ ਵੀ ਦਿਲ ਦੀਆਂ ਲੁਕੀਆਂ ਗੱਲਾਂ ਕਰੋ। ਜ਼ਿੰਦਗੀ ਨੂੰ ਮੁਸੀਬਤਾਂ ਘੇਰ ਰਹੀਆਂ ਹਨ, ਉਹਨਾਂ ਨਾਲ ਵਟਾ ਲਓ। ਬੱਚਿਆਂ ਦੀ ਸੁੱਖ ਮੰਗੋ। ਮਮਤਾ ਨੂੰ ਉਗਮਣ ਦਿਓ। ਉਸ ਹਰ ਚੀਜ਼ ਦੀ ਸੁੱਖ ਮੰਗੋ ਜੋ ਸੁਹਜਵੰਤੀ ਹੈ, ਮੋਹਵੰਨੀ ਹੈ, ਦਿਲਚਸਪ ਹੈ। ਪ੍ਰਕਿਰਤੀ ਨਾਲ ਇਸ਼ਕ ਕਰੋ। ਚੰਨ ਤਾਰਿਆਂ ਨਾਲ ਲੁੱਕਣ-ਮੀਟੀ ਖੇਡੋ। ਤੇ... ਤੇ... ਤੇ... ਤੇ...

....

## ਪੁਸਤਕ ਰਿਵੀਊ / ਨਿੱਕੇ ਨਿੱਕੇ ਈਸਾ : ਜਸਬੀਰ ਢੰਡ / ਡਾ. ਅਮਰ ਕੋਮਲ

ਇਸ ਸੰਗ੍ਰਹਿ ਵਿੱਚ ਭਾਵੇਂ ਕੁੱਲ 32 ਕਹਾਣੀਆਂ ਹਨ, ਪ੍ਰੰਤੂ ਇਹਨਾਂ ਦਾ ਪਠਨ-ਪਾਠਨ ਕਰਨ ਉਪਰੰਤ ਅਨੁਭਵ ਹੋਇਆ ਹੈ ਕਿ ਅਜੋਕੇ ਸਮੇਂ ਸਮਾਜ ਵਿੱਚ ਵਿਚਰਦੇ ਹਰ ਵਰਗ ਦੇ ਵਧੇਰੇ ਲੋਕਾਂ ਵਿੱਚ ਉਹ ਮਾਨਵੀ ਕਦਰਾਂ-ਕੀਮਤਾਂ ਅਲੋਪ ਹੋ ਗਈਆਂ ਹਨ ਜਿਹੜੀਆਂ ਮਾਨਵ ਅਤੇ ਪਸ਼ੂ ਜੀਵਨ ਦੇ ਅੰਤਰ ਦਾ ਬੋਧ ਕਰਾਉਂਦੀਆਂ ਹਨ। ਇਸ ਸਮੁੱਚੀ ਮਾਨਵਤਾ ਦਾ ਇਤਿਹਾਸ ਅਸੀਂ ਸਾਰੇ ਜੇਕਰ ਅਨੁਭਵ ਕਰਦੇ ਹਾਂ ਕਿ ਆਰੰਭ ਵਿੱਚ ਮਿਥਿਹਾਸ, ਮੱਧ ਵਿੱਚ ਧਰਮ ਅਤੇ ਅਜੋਕੇ ਸਮੇਂ ਗਿਆਨ ਵਿਗਿਆਨ ਦਾ ਕਾਲ ਸਾਡੀ ਦ੍ਰਿਸ਼ਟੀ ਵਿੱਚ ਅਨੁਭਵ ਹੁੰਦਾ ਹੈ।

ਹਰ ਕਾਲ ਦੇ ਆਗਮਨ ਨਾਲ ਪਹਿਲੇ ਕਾਲ ਦੀਆਂ ਕਦਰਾਂ-ਕੀਮਤਾਂ, ਸਮਾਜਿਕ ਮੁੱਲ ਬਦਲਦੇ ਰਹੇ ਹਨ। ਅਸੀਂ ਹਨੇਰੇ ਤੋਂ ਚਾਨਣ ਵੱਲ ਵੱਧਦੇ ਰਹੇ ਹਾਂ। ਮਾਨਵੀ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਪਰਿਵਰਤਨ ਹੁੰਦੇ ਰਹੇ ਹਨ।

ਪ੍ਰੰਤੂ ਅੱਜ ਵਿਗਿਆਨਕ ਯੁੱਗ ਤੋਂ ਅੱਗੇ ਮਨੁੱਖਤਾ ਕਿੱਧਰ ਜਾ ਰਹੀ ਹੈ? ਜਸਬੀਰ ਢੰਡ ਦੀਆਂ ਇਸ ਸੰਗ੍ਰਹਿ ਦੀਆਂ ਕਹਾਣੀਆਂ ਦਾ ਪਾਠ ਕਰਦਿਆਂ ਤਾਂ ਅਨੁਭਵ ਹੁੰਦਾ ਹੈ ਕਿ ਵੀਹਵੀਂ ਸਦੀ ਦੀ ਵਿਗਿਆਨਕ ਸੋਚ ਦੇ ਪਾਸਾਰ ਦੀਆਂ ਹਾਂ-ਵਾਚੀ ਗੱਲਾਂ ਦੀ ਥਾਂ ਅਸੀਂ ਨਾਂਹ-ਵਾਚੀ ਦ੍ਰਿਸ਼ਟੀ ਧਾਰਨ ਕਰਕੇ ਮਾਨਵੀਂ ਕਦਰਾਂ-ਕੀਮਤਾਂ ਨੂੰ ਭੁਲਾ ਕੇ, ਮੁੜ ਮਨੁੱਖ ਤੋਂ ਪਸ਼ੂ ਬਣਨ ਦਾ ਮਾਰਗ ਆਪ ਹੀ ਗ੍ਰਹਿਣ ਕਰ ਰਹੇ ਹਾਂ। ਕੀ ਇਹ ਚਿੰਤਾ ਦਾ ਵਿਸ਼ਾ ਨਹੀਂ ਹੈ?

ਇੱਕੀਵੀਂ ਸਦੀ ਦੇ ਲੇਖਕ ਦੀ ਪ੍ਰਕਿਰਤੀ ਵੀ ਹੈ, ਉਸਦਾ ਫ਼ਰਜ਼ ਵੀ ਹੈ ਕਿ ਉਹ ਆਪਣੀਆਂ ਰਚਨਾਵਾਂ-ਕਿਰਤਾਂ ਰਾਹੀਂ ਸਮੇਂ ਦਾ ਯਥਾਰਥ ਪੇਸ਼ ਕਰੇ। ਇਸ ਸੰਗ੍ਰਹਿ ਦੀਆਂ ਕਹਾਣੀਆਂ ਇਸ ਪੈਮਾਨੇ ਉੱਪਰ ਪੂਰੀਆਂ ਉੱਤਰਦੀਆਂ ਹਨ। ਪਾਠ ਕਰਦਿਆਂ ਅਨੁਭਵ ਹੋਇਆ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਦਾ ਜੋ ਵਿਕਾਸ ਹੋਇਆ ਹੈ, ਉਹ ਮਨੁੱਖ ਦੀ ਬਿਹਤਰੀ ਵਾਸਤੇ ਹੀ ਹੋਇਆ ਸੀ, ਨਾ ਕਿ ਮਨੁੱਖ ਨੂੰ ਮੁੜ ਪਸ਼ੂ ਬਣਾਉਣ ਲਈ।

ਪਰ ਜਸਬੀਰ ਢੰਡ ਦੀਆਂ ਕਹਾਣੀਆਂ ਦਾ ਪਾਠ ਕਰਦਿਆਂ ਤਾਂ ਅਨੁਭਵ ਹੋਇਆ ਹੈ ਕਿ ਅਜੋਕੇ ਮਾਨਵ (ਮਰਦ+ਇਸਤਰੀ) ਵਿੱਚ ਮਾਨਵੀ ਕਦਰਾਂ-ਕੀਮਤਾਂ ਖ਼ਤਮ ਹੋ ਰਹੀਆਂ ਹਨ। ਇਸ ਸੰਗ੍ਰਹਿ ਦੀ ਕਿਸੇ ਕਹਾਣੀ ਦਾ ਪਾਠ ਕਰੋ, ਅਨੁਭਵ ਹੁੰਦਾ ਹੈ ਕਿ ਅਜੋਕੇ ਮਾਡਰਨ ਸਮੇਂ ਵਿੱਚ ਬੁੱਢੇ ਮਾਂ-ਬਾਪ ਦੀ ਸੇਵਾ ਕਰਨ ਵਾਲਾ ਅੱਜ ਕੋਈ 'ਸਰਬਨ' ਪੁੱਤਰ ਨਹੀਂ ('ਮਾਂ'-ਮਿੰਨੀ ਕਹਾਣੀ), ਦੁੱਖ ਵੰਡਾਉਣ ਦੀ ਵਿਹਲ ਨਹੀਂ, (ਹਾਜ਼ਰੀ) ਪਾਕ-ਪਵਿੱਤਰ ਭੈਣ-ਭਰਾਵਾਂ ਦੇ ਰਿਸ਼ਤੇ ਖ਼ਤਮ ਹੋ ਰਹੇ ਹਨ (ਪਾਬੰਦੀ), ਔਰਤ ਦੀ ਕਦਰ ਨਹੀਂ '(ਅਜੇ ਵੀ)', ਹਰ ਔਰਤ ਪ੍ਰੇਸ਼ਾਨ ਹੈ (ਪੰਗਾ), ਘਰ-ਘਰ ਦੁੱਖ ਹੈ (ਆਪਣੇ-ਆਪਣੇ ਹਿਤ), ਅਜੇ ਵੀ ਨਿੱਕੇ-ਨਿੱਕੇ ਈਸਾ ਸੂਲੀ ਚੜ੍ਹਦੇ ਹਨ।


ਅੱਜ ਦੇ ਬੱਚੇ ਚੇਤਨ ਦਿਮਾਗ ਹਨ (ਨਿਸ਼ਚਿੰਤ), ਔਰੋਂ ਕੋ ਨਸੀਹਤ, ਖੁਦ ਮੀਆਂ ਫ਼ਜ਼ੀਅਤੇ (ਉਪਦੇਸ਼ਕ), ਧਾਰਮਿਕ ਸੰਕੀਰਤਾ (ਮਰਿਯਾਦਾ), ਬਿਨਾਂ ਸੋਚਿਆ ਪਿੱਛੇ ਲੱਗਣ ਦੀ ਪ੍ਰਵਿਰਤੀ (ਭੇਡ-ਚਾਲ), ਭੋਗ ਤੇ ਜ਼ਰੂਰ ਆਉਣਾ (ਦੁੱਖਾਂ ਦਾ ਵਿਖਾਵਾ ਹੀ), ਸ੍ਵੈ-ਅਹਿਸਾਸ (ਪਾਪਾ ਆ ਗਏ), ਰਿਸ਼ਤਿਆਂ ਦੇ ਦੁੱਖ-ਸੁੱਖ ਵਿੱਚ ਭਾਈਵਾਲ ਬਣਨ ਦੇ ਵਿਖਾਵੇ (ਰਿਸ਼ਤੇ) ਆਦਿ ਸਮੁੱਚੀਆਂ ਕਹਾਣੀਆਂ ਦੇ ਵਿਸ਼ਾ-ਵਸਤੂ ਹਕੀਕਤ ਪਸੰਦ ਯਥਾਰਥ ਹੈ ਜਿਸਨੂੰ ਅਸੀਂ ਅਜੋਕੇ ਸਮੇਂ ਆਪਣੇ ਜੀਵਨ ਦਾ ਤਗਜ਼ਿ-ਅਮਲ ਹੀ ਨਹੀਂ ਬਣਾਇਆ, ਬਲਕਿ ਸਾਡੇ ਜੀਵਨ ਦਾ ਤਰਜ਼ਿ ਫ਼ਿਕਰ ਵੀ ਹੈ। ਜਸਬੀਰ ਢੰਡ ਦੀਆਂ ਇਹਨਾਂ ਕਹਾਣੀਆਂ ਦੀ ਅਭਿਵਿਅਕਤੀ ਕਲਾ ਰੌਚਕ, ਪ੍ਰਭਾਵਸ਼ਾਲੀ, ਨਾਟਕੀ ਸ਼ੈਲੀ ਵਾਲੀ ਜਗਿਆਸੂ ਹੈ। ਵਿਅਕਤੀਗਤ ਰੁਚੀਆਂ ਨੇ ਅਜੋਕੇ ਸਮਾਜ ਤੇ ਸੱਭਿਆਚਾਰ ਦੀਆਂ ਚਿਰ ਪੁਰਾਣੀਆਂ ਸਥਾਪਿਤ ਹੋਈਆਂ ਕਦਰਾਂ-ਕੀਮਤਾਂ ਨੂੰ ਖ਼ਤਮ ਕਰਕੇ ਕੇਵਲ ਸਵੈ-ਹਿਤਾਂ ਦੀ ਚੌਧਰ ਨੂੰ ਸਥਾਪਿਤ ਕੀਤਾ ਹੋਇਆ ਹੈ। ਇਹ ਮਿੰਨੀ ਕਹਾਣੀਆਂ ਆਪ ਹੁਦਰੀ ਚੌਧਰ ਦਾ ਯਥਾਰਥ ਪੇਸ਼ ਕਰਦੀਆਂ ਹਨ।

ਜਸਬੀਰ ਢੰਡ ਦੀਆਂ ਮਿੰਨੀ ਕਹਾਣੀਆਂ ਦਾ ਇਹ ਯਥਾਰਥ ਤੱਤ ਜੋ ਉਸਨੇ ਪਾਠਕਾਂ ਨੂੰ ਦ੍ਰਿਸ਼ਟੀਗੋਚਰ ਕਰਵਾਉਣ ਦੇ ਯਤਨ ਕੀਤੇ ਹਨ-ਸਤਿ ਹਨ? ਇਹ ਸਥਿਤੀ ਕਿਉਂ ਤੇ ਕਿਵੇਂ ਪ੍ਰਵੇਸ਼ ਹੋਈ ਹੈ? ਇਹਨਾਂ ਕਹਾਣੀਆਂ ਦੇ ਅਧਿਐਨ ਪਾਠ ਦੇ ਪਿੱਛੋਂ ਮੇਰੇ ਮਨ-ਬੁੱਧੀ ਵਿੱਚ ਇੱਕ ਪ੍ਰਸ਼ਨ ਬਣਕੇ ਪ੍ਰਬਲ ਹੋਈ ਹੈ। ਕੁੱਝ ਸਵਾਲ ਪੇਸ਼ ਹੁੰਦੇ ਹਨ ਕਿ ਕੀ ਇਹ ਸਥਿਤੀ ਵਿਗਿਆਨਕ ਤਕਨਾਲੋਜੀ ਅਥਵਾ ਕੰਪਿਊਟਰ, ਟੈਲੀਫੋਨ ਕਾਲ ਕਾਰਨ ਉਪਜੀ ਹੈ? ਜਾਂ ਅਬਾਦੀ ਦੇ ਫੈਲਾਓ ਅਤੇ ਵਸਤਾਂ ਦੀਆਂ ਥੁੜਾਂ ਕਾਰਨ, ਲੋਕ ਮਨਾਂ ਅੰਦਰ ਸਥਾਪਿਤ ਹੋਈ ਅਸੰਤੁਸ਼ਟੀ ਕਾਰਨ? ਉੱਤਰ ਅਨੇਕ ਹਨ ਪਰ ਯਥਾਰਥ ਦੀ ਵਿਗਿਆਨਕ ਦ੍ਰਿਸ਼ਟੀ ਦਾ ਸਤਿ ਲੱਭਣ ਦੀ ਫੌਰੀ ਲੋੜ ਉੱਪਰ ਨਾ ਧਾਰਮਿਕ ਜਾਂ ਸਮਾਜਿਕ ਜਾਂ ਸੱਭਿਆਚਾਰਕ ਦ੍ਰਿਸ਼ਟੀ ਤੋਂ ਸਾਂਝਾ ਹੱਲ ਲੱਭਣ ਦੀ ਲੋੜ ਹੈ ਤਾਂ ਜੋ ਅਜੋਕੇ ਸਮੇਂ 'ਨਿੱਕੇ-ਨਿੱਕੇ ਈਸਾ' ਨਿੱਤ ਸੂਲੀ ਉੱਪਰ ਨਾ ਚੜ੍ਹਨ।

ਇਹਨਾਂ ਮਿੰਨੀ ਕਹਾਣੀਆਂ ਦੀਆਂ ਕਥਨ ਵਿਧੀਆਂ ਭਾਵੇਂ ਕਥਾ ਕਹਿਣ ਦੇ ਅੰਦਾਜ਼ ਵਾਲੀਆਂ ਹੀ ਹਨ, ਨਾ ਨਾਟਕੀ ਸੰਵਾਦ ਹਨ, ਨਾ ਹੀ ਸ੍ਵੈ ਕਥਨੀ, ਨਾ ਵਿਲੋਕਤੀ ਅਲੰਕ੍ਰਿਤ। ਕਈ ਕਹਾਣੀਆਂ ਸੰਖੇਪਤਾ, ਸੰਜਮਤਾ ਦੀ ਮੰਗ ਕਰਦੀਆਂ ਹਨ। ਸਮੁੱਚੇ ਰੂਪ ਵਿੱਚ ਇਹ ਸੰਗ੍ਰਹਿ ਪੰਜਾਬੀ ਮਿੰਨੀ ਕਹਾਣੀ ਦੇ ਵਰਤਮਾਨ ਰੂਪ-ਸਰੂਪ ਦੀ ਪ੍ਰਤੀਨਿਧਤਾ ਕਰਨ ਦੇ ਸਮਰੱਥ ਹੈ। ਲੇਖਕ ਨੂੰ ਸ਼ੁਭ ਇੱਛਾਵਾਂ।

....

## ਨਵ-ਪ੍ਰਕਾਸ਼ਿਤ ਪੁਸਤਕਾਂ




**ਸਮਕਾਲੀਨ ਹਿੰਦੀ ਕਵਿਤਾ ਦੇ ਮੁਹਾਂਦਰੇ ਨੂੰ ਪੇਸ਼ ਕਰਦੀ ਪੁਸਤਕ**

ਹਿੰਦੀ ਦੇ 21 ਕਵੀਆਂ ਦੀ ਕਵਿਤਾਵਾਂ

# ਬਚਿਆ ਰਹੇਗਾ ਸਾਰਾ ਕੁਝ

**ਸੰਪਾਦਨ ਅਤੇ ਅਨੁਵਾਦ : ਅਮਰਜੀਤ ਕੌਂਕੇ**


### ਸ਼ਾਮਲ ਕਵੀ:

ਸਰਵੇਸ਼੍ਵਰ ਦਿਆਲ ਸਕਸੈਨਾ, ਕੁੰਵਰ ਨਾਰਾਇਣ, ਕੇਦਾਰਨਾਥ ਸਿੰਘ, ਨਰੇਸ਼ ਸਕਸੈਨਾ, ਵਿਸ਼ਵਨਾਥ ਪ੍ਰਸਾਦ ਤਿਵਾਰੀ, ਅਸ਼ੋਕ ਵਾਜਪਾਈ, ਰਾਜੇਸ਼ ਜੋਸ਼ੀ, ਮੰਗਲੇਸ਼ ਡਬਰਾਲ, ਆਲੋਕ ਧਨਵਾ, ਅਰੁਣ ਕਮਲ, ਮਦਨ ਕਸ਼ਿਯਪ, ਕਾਤਿਆਇਨੀ, ਅਨਾਮਿਕਾ, ਪਵਨ ਕਰਨ, ਸ਼੍ਰੀਪ੍ਰਕਾਸ਼ ਸ਼ੁਕਲ, ਬਦਰੀ ਨਾਰਾਇਣ, ਸ਼ਹਿਨਸ਼ਾਹ ਆਲਮ, ਮਣੀ ਮੋਹਨ, ਨੀਲੇਸ਼ ਰਘੁਵੰਸ਼ੀ, ਆਤਮਾ ਰੰਜਨ,

ਪ੍ਰਕਾਸ਼ਕ : ਕੈਲੀਬਰ ਪਬਲੀਕੇਸ਼ਨ, ਪਟਿਆਲਾ।

ਤੁਰੀ ਸਾਂ ਮੈਂ ਉੱਥੋਂ,
ਸੁਣ ਨੀ ਜਿੰਦੇ,
ਚੰਦ ਸਿਤਾਰੇ ਮੇਰੇ ਵੀ ਨੇ,
ਮੋਹ ਦੀਆਂ ਛੱਲਾਂ,
ਕਾਨੇ ਦੀਆਂ ਕਲਮਾਂ,
ਰੁੱਖ ਤੇ ਪੰਛੀ, ਸ਼ਬਦ ਸੁਨੱਖੇ,
ਗੁਸਤਾਖ਼ ਹਵਾ,
ਧੀ ਦਾ ਕਰਜ਼ ਤੋਂ ਬਾਅਦ
ਖੇਤਾਂ ਦਾ ਦਰਦ ਬਿਆਨ
ਕਰਦੀ ਕੈਨੇਡਾ ਵੱਸਦੀ
ਸ਼ਾਇਰਾ ਸੁਰਿੰਦਰ ਗੀਤ ਦੀ
ਨਵੀਂ ਕਾਵਿ-ਪੁਸਤਕ


# ਖੇਤਾਂ ਦਾ ਸਫ਼ਰ




ਪ੍ਰਕਾਸ਼ਕ : ਕੈਲੀਬਰ ਪਬਲੀਕੇਸ਼ਨ, ਪਟਿਆਲਾ।

RNI NO. PUNPUN / 2006 / 16230 July-Sept. 2021 ISSN: 2277-9930

ਦਾਇਰੇ (ਨਾਵਲਿਟ), ਇੱਕ ਖ਼ਤ ਪਾਪਾ ਦੇ ਨਾਂ (ਕਹਾਣੀ-ਸੰਗ੍ਰਹਿ), ਪਲੀਜ਼ ਮੈਨੂੰ ਪਿਆਰ ਦਿਓ (ਕਹਾਣੀ-ਸੰਗ੍ਰਹਿ), ਕਦੋਂ ਆਏਂਗੀ (ਕਹਾਣੀ-ਸੰਗ੍ਰਹਿ), ਹਉਕੇ ਦੀ ਭਟਕਣ (ਕਾਵਿ-ਸੰਗ੍ਰਹਿ) ਤੋਂ ਬਾਅਦ ਸਮਰੱਥ ਅਦਾਕਾਰ ਅਤੇ ਕਹਾਣੀਕਾਰਾ ਕੁਲਬੀਰ ਬਡੇਸਰੋਂ ਦਾ ਨਵਾਂ ਕਹਾਣੀ-ਸੰਗ੍ਰਹਿ 'ਤੁਮ ਕਿਉਂ ਉਦਾਸ ਹੋ'




ਕੁਲਬੀਰ ਬਡੇਸਰੋਂ ਪੰਜਾਬੀ ਸਾਹਿਤ ਅਤੇ ਅਭਿਨੈ ਕਲਾ ਨਾਲ ਜੁੜਿਆ ਵੱਡਾ ਨਾਮ ਹੈ। ਐਕਟ੍ਰੈਸ ਵਜੋਂ ਉਸਨੇ ਬਹੁਤ ਸਾਰੀਆਂ ਹਿੰਦੀ, ਪੰਜਾਬੀ ਫਿਲਮਾਂ, ਸੀਰੀਅਲਾਂ, ਵੀਡੀਓਜ਼ ਅਤੇ ਐਡ ਫਿਲਮਾਂ ਵਿੱਚ ਵੱਖੋ ਵੱਖਰੇ ਰੋਲ ਨਿਭਾਏ ਹਨ। ਲੇਖਿਕਾ ਵਜੋਂ ਭਾਵੇਂ ਉਸਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਹਉਕੇ ਦੀ ਭਟਕਣ' ਵੀ ਛਪ ਚੁੱਕਿਆ ਹੈ, ਪਰ ਮੁੱਖ ਰੂਪ ਵਿੱਚ ਉਹ ਕਹਾਣੀਆਂ ਲਿਖਦੀ ਹੈ। ਪੰਜਾਬ ਤੋਂ ਬਾਹਰ ਮੁੰਬਈ ਰਹਿੰਦਿਆਂ ਵੀ ਉਹ ਲਿਖਣ ਦਾ ਕੰਮ ਬਹੁਤ ਪੈਸ਼ਨ ਨਾਲ ਕਰ ਰਹੀ ਹੈ।

'ਤੁਮ ਕਿਉਂ ਉਦਾਸ ਹੋ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੇ ਵਿਸ਼ੇ ਨਿਵੇਕਲੇ ਹਨ। ਪਰ ਮੁਸ਼ਕਿਲ ਵਿਸ਼ੇ ਲੈ ਕੇ ਸ਼ਬਦਾਂ ਦੀ ਰਵਾਨਗੀ ਅਤੇ ਸਮਾਜ ਪ੍ਰਤੀ ਸੂਝ ਰਚਨਾਕਾਰ ਨੂੰ ਪਾਠਕਾਂ ਵਿੱਚ ਮਕਬੂਲ ਬਣਾਉਣ ਦੀ ਹੀ ਨਹੀਂ, ਬਲਕਿ ਚੌਂਕਾ ਦੇਣ ਵਾਲੀ ਸਮਰੱਥਾ ਵੀ ਰੱਖਦੀ ਹੈ। ਮਨੁੱਖੀ ਮਨ ਦੀਆਂ ਤਹਿਆਂ ਅਤੇ ਮਨੁੱਖੀ ਸੋਚ ਦੀਆਂ ਸੂਖ਼ਮ ਅਤੇ ਅੰਤਰੀਵੀ ਪਰਤਾਂ ਨੂੰ ਛੋਂਹਦੀ ਹੋਈ ਉਹ ਪਾਠਕਾਂ ਦੇ ਮਨਾਂ ਅੰਦਰ ਵੱਖਰੀ ਕਿਸਮ ਦਾ ਜਾਦੂ ਜਗਾਉਣ ਦੀ ਕਲਾ ਜਾਣਦੀ ਹੈ।

**ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ।**
**ਮੋ : +91 8076749930**

ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ
ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ
ਸੰਪਰਕ: 98773-58869, 97810-33133
PARTEEK PUBLICATIONS